## ॥ ਬਾਈਵੀਂ ਪਉੜੀ ॥

ਉਥਾਨਕਾ = ਕਈ ਧਰਮ ਪੁਸਤਕਾਂ ਵਿਚ ੧੪ ਤਬਕ (ਸੱਤ ਅਕਾਸ਼ ਅਤੇ ਸੱਤ ਪਤਾਲ) ਦੱਸੇ ਹਨ, ਪਰ ਗੁਰੂ ਨਾਨਕ ਦੇਵ ਜੀ ਦਸਦੇ ਹਨ ਕਿ ਨਿਰੰਕਾਰ ਦੀ ਬਣਾਈ ਰਚਨਾ ਦੀ ਗਿਣਤੀ ਕਰਨੀ ਅਸੰਭਵ ਹੈ। 'ਕਰਤੇ ਕੈ ਕਰਣੈ ਨਾਹੀ ਸੁਮਾਰੁ' (ਸੋਲ੍ਹਵੀ ਪੌੜੀ), 'ਅਗੰਮ ਅਗੰਮ ਅਸੰਖ ਲੋਅ' (ਉਨੀਵੀਂ ਪੌੜੀ) ਵਿਚ ਆਖੀ ਨਿਰੰਕਾਰ ਦੀ ਰਚਨਾ ਦੀ ਬਿਅੰਤਤਾ ਦਾ ਹੀ ਇਥੇ ਹੋਰ ਵਰਨਣ ਕਰਦੇ ਹਨ :-

ਪਾਤਾਲਾ ਪਾਤਾਲ ਲਖ, ਅਗਾਸਾ ਆਗਾਸ ॥ ਪਤਾਲਾਂ ਦੇ ਹੇਠ ਲੱਖਾਂ ਪਤਾਲ ਹਨ ਅਤੇ ਅਕਾਸ਼ਾਂ ਦੇ ਉਪਰ ਹੋਰ ਲੱਖਾਂ ਹੀ ਅਕਾਸ਼ ਹਨ ('ਲਖ' ਦੇਹੁਲੀ ਦੀਪਕ ਹੈ, ਦੋਹਾਂ ਪਾਸੇ ਲਗਦਾ ਹੈ)। ਕਈ ਕੋਟਿ ਅਕਾਸ ਬ੍ਰਹਮੰਡ ੨੭੬; ਅਨਿਕ ਅਕਾਸ ਅਨਿਕ ਪਾਤਾਲ ੧੨੩੬; ਖੰਡ ਪਤਾਲ ਅਸੰਖ, ਮੈ ਗਣਤ ਨ ਹੋਈ ੧੨੮੩।

ਓੜਕ ਓੜਕ ਭਾਲਿ ਥਕੇ, ਵੇਦ ਕਹਨਿ ਇਕ ਵਾਤ ॥ (ਨਿਰੰਕਾਰ ਦੀ ਰਚਨਾ ਦਾ) ਅੰਤ ਲਭਦੇ ਹੋਏ (ਸਾਰੇ) ਅੰਤ ਨੂੰ ਥੱਕ ਗਏ (ਪਰ ਅੰਤ ਨਹੀ ਜਾਣ ਸਕੇ, ਇਹੀ) ਇਕ ਗੱਲ ਵੇਦ ਵੀ ਆਖਦੇ ਹਨ। ਅਨਤ ਕਉ ਚਾਹਨ ਜੋ ਗਏ, ਸੇ ਆਏ ਅਨਤ ਗਵਾਇ ੧੫੬ ; ਓੜਕ ਓੜਕ ਭਾਲਿ, ਨ ਓੜਕੁ ਪਾਇਆ। ਓੜਕ ਭਾਲਨਿ ਗਏ, ਸਿ ਫੇਰ ਨ ਆਇਆ (ਭਾ.ਗੁ. ਵਾਰ ੨੨-੩)।

ਸਹਸ ਅਠਾਰਹ ਕਹਨਿ ਕਤੇਬਾ, ਅਸੁਲੂ ਇਕੁ ਧਾਤੁ ॥ (ਜਿਵੇਂ ਹਿੰਦੂ ਗ੍ਰੰਥ ਚੁਰਾਸੀ ਲੱਖ ਜੂਨ ਦਸਦੇ ਹਨ, ਤਿਵੇਂ ਯਹੂਦੀਆਂ, ਇਸਾਈਆਂ ਅਤੇ ਮੁਸਲਮਾਨਾਂ ਦੇ ਧਰਮ ਗ੍ਰੰਥ) ਕਤੇਬਾਂ ਅਠਾਰਾਂ ਹਜਾਰ ਆਲਮ (ਦੁਨੀਆਂ; ਜਹਾਂਨ) ਆਖਦੇ ਹਨ, (ਪਰ ਸਭ ਦਾ) ਸਾਰ ਤੱਤ ਅਸਲ ਵਿਚ ਇਕ (ਨਿਰੰਕਾਰ ਹੀ) ਹੈ ; ਸਭ ਦਾ ਅਸਲਾ (ਮੂਲ ਜਾਂ ਮੁੱਢ) ਇਕ ਸਾਰ ਤੱਤ (ਸਿਰਜਨਹਾਰ) ਹੀ ਹੈ ਭਾਵ ਇਕ ਨਿਰੰਕਾਰ ਤੋਂ ਹੀ ਸਭ ਕੁਝ ਬਣਿਆ ਹੈ।

ਲੇਖਾ ਹੋਇ ਤ ਲਿਖੀਐ, ਲੇਖੈ ਹੋਇ ਵਿਣਾਸੁ ॥ (ਨਿਰੰਕਾਰ ਦੀ ਰਚਨਾ ਦਾ ਕੋਈ) ਹਿਸਾਬ ਹੋ ਸਕਦਾ ਹੋਵੇ ਤਾਂ ਲਿਖੀਏ, ਲੇਖਾ ਕਰਨ ਵਾਲੇ ਦਾ ਹੀ ਨਾਸ਼ ਹੋ ਜਾਂਦਾ ਹੈ। (ਅਲੇਖ ਪ੍ਰਭੂ ਦੇ ਕੰਮਾਂ ਨੂੰ ਮਾਪ ਤੋਲ ਨਾਲ ਮਿਣਿਆ ਨਹੀਂ ਜਾ ਸਕਦਾ)।

ਨਾਨਕ ਵਡਾ ਆਖੀਐ, ਆਪੇ ਜਾਣੈ ਆਪੁ ॥੨੨॥ ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ (ਪ੍ਰਮਾਤਮਾ ਨੂੰ) ਵੱਡਾ ਆਖਣਾ ਬਣਦਾ ਹੈ, ਉਹ ਅਪਣੇ ਆਪ ਨੂੰ (ਅਤੇ ਰਚਨਾ ਦੀ ਗਿਣਤੀ ਨੂੰ) ਆਪ ਹੀ ਜਾਣਦਾ ਹੈ। ਤੂੰ ਸਚਾ ਸਾਹਿਬੁ ਅਤਿ ਵਡਾ, ਤੁਹਿ ਜੇਵਡੁ ਤੂੰ ਵਡ ਵਡੇ। (੩੧੭) ਇਸ ਕਰਕੇ ਰਚਨਾ ਦੀ ਗਿਣਤੀ ਤੋਂ ਉਪਰ ਉਠ ਕੇ ਕਰਤਾਰ ਨੂੰ ਸਲਾਹੋ ਤਾਂ ਕਿ ਉਸ ਨੂੰ ਪ੍ਰਾਪਤ ਹੋ ਸਕੋ।੨੨।

ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥ ੧. ਹਜਾਰਾਂ ਰਿਸ਼ੀ ਮੁਨੀ (ਜਾਂ ਹਜਾਰਾਂ ਮੂੰਹਾਂ ਵਾਲਾ ਸੇਸ਼ਨਾਗ), ਅਠਾਰਾਂ ਪੁਰਾਣ ਅਤੇ ਕਤੇਬ ਆਦਿ ਸਾਰੀਆਂ ਕਿਤਾਬਾਂ ਆਖਦੀਆਂ ਹਨ ਕਿ ਵਾਸਤਵ ਵਿਚ ਇਕ ਨਿਰੰਕਾਰ ਹੀ ਸੱਤ ਹੈ, ਬਾਕੀ ਸਾਰਾ ਜਗਤ ਮਿਥਿਆ ਹੈ (ਹਿੰਦੀ ਟੀਕਾ, ਮੁਨੀ ਅਰਜਨ ਸਿੰਘ)।

੨. ਮੂਲ ਇਕ ਈਸ਼੍ਵਰ ਹੈ, ਬਾਕੀ ਸਭ ਮਾਇਆ ਦਾ ਪਸਾਰਾ ਹੈ (ਗੁ. ਗ੍ਰੰਥ ਕੋਸ਼)।

ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥ (ਹਿਸਾਬ ਕਰਦਿਆਂ) ਹਿਸਾਬ ਦਾ ਅੰਤ ਹੋ ਜਾਂਦਾ ਹੈ (ਲੇਖਾ ਫਿਰ ਵੀ ਪੂਰਾ ਨਹੀਂ ਹੁੰਦਾ ਕਿਉਂਕਿ ਲੇਖਾ ਲਿਖਦਿਆਂ ਹਿੰਦਸੇ ਮੁੱਕ ਜਾਂਦੇ ਹਨ, ਉਸ ਦਾ ਲੇਖਾ ਮਨ ਬਾਣੀ ਤੋਂ ਪਰੇ ਹੈ)। ਨਾਲਿ ਕੁਟੰਬੁ ਸਾਥਿ ਵਰਦਾਤਾ, ਬ੍ਰਹਮਾ ਭਾਲਣ ਸ੍ਰਿਸਟਿ ਗਇਆ। ਆਗੈ ਅੰਤੁ ਨ ਪਾਇਓ ਤਾ ਕਾ ਕੰਸੁ ਛੇਦਿ ਕਿਆ ਵਡਾ ਭਇਆ। (੩੫੦)

ਪਦਾਰਥ = ਪਾਤਾਲਾ ਪਾਤਾਲ-ਪਤਾਲਾਂ ਦੇ ਹੇਠ ਹੋਰ ਪਤਾਲ ਹਨ। ਲਖ-ਲੱਖਾਂ ਹੀ, ਭਾਵ ਅਣਗਿਣਤ। ਆਗਾਸਾ ਆਗਾਸ-ਅਕਾਸ਼ਾਂ ਉਪਰ ਹੋਰ ਅਕਾਸ਼ ਹਨ। ਓੜਕ-ਅੰਤ; ਹੱਦ; ਸੀਮਾ। ਭਾਲਿ-ਖੋਜ ਕੇ। ਥਕੇ-ਥੱਕ ਗਏ; ਰਹਿ ਗਏ। ਵੇਦ-ਚਾਰ ਵੇਦ। ਕਹਨਿ-ਕਹਿੰਦੇ ਹਨ। ਇਕ ਵਾਤ-ਇਕ ਬਾਤ (ਗੱਲ)। ਸਹਸ ਅਠਾਰਹ-ਅਠਾਰਾਂ ਹਜਾਰਾਂ ਆਲਮ। ਕਤੇਬਾ-ਪੱਛਮੀ ਧਰਮਾਂ ਦੀਆਂ ਚਾਰ ਧਰਮ ਪੁਸਤਕਾਂ (੧ ਤੌਰੇਤ-OLD TESTAMENT ਯਹੂਦੀਆਂ ਦਾ ਧਰਮ ਗ੍ਰੰਥ ਜੋ ਹਜ਼ਰਤ ਮੂਸਾ ਨੂੰ ਰੱਬ ਤੋ ਪ੍ਰਗਟ ਹੋਇਆ ਮੰਨਿਆ ਜਾਂਦਾ ਹੈ। ੨ ਜਬੂਰ-ਹਜ਼ਰਤ ਦਾਊਦ ਨੂੰ ਪ੍ਰਾਪਤ ਹੋਇਆ ਧਰਮ ਗ੍ਰੰਥ। ੩ ਅੰਜੀਲ-NEW TESTAMENT ਇਸਾਈਆਂ ਦਾ ਧਰਮ ਗ੍ਰੰਥ । ੪ ਕੁਰਾਨ-ਅਰਬੀ ਬੋਲੀ ਵਿਚ ਲਿਖਿਆ ਮੁਸਲਮਾਨਾਂ ਦਾ ਧਰਮ ਗ੍ਰੰਥ)। ਅਸੁਲੂ-ਵਾਸਤਵ (ਅਸਲ) ਵਿਚ; ਅਸਲਾ; ਮੁੱਢ ਤੋਂ; ਮੂਲ; ਘੋੜੇ ਦਾ ਵਾਲ। ਧਾਤੁ-ਸਾਰ ਤੱਤ; ਮੁੱਢ; ਨਿਰੰਕਾਰ; ਨਾਸ਼ਵੰਤ। ਲੇਖਾ-ਹਿਸਾਬ। ਹੋਇ-ਜੇ ਹੋ ਸਕਦਾ ਹੋਵੇ। ਲੇਖੈ-ਹਿਸਾਬ ਦਾ। ਵਿਣਾਸੁ -ਨਾਸ਼। ਆਪੇ-ਨਿਰੰਕਾਰ ਆਪ ਹੀ। ਆਪੁ-ਆਪਣੇ ਆਪ ਨੂੰ।੨੨।

ਵਿਆਖਿਆ = ਮਿ. ਰਸਲ ਨੇ ਇਕ ਕਹਾਣੀ ਲਿਖੀ ਹੈ, ਇਕ ਪਾਦਰੀ ਨੂੰ ਰਾਤ ਨੂੰ ਸੁਫਨਾ ਆਇਆ ਕਿ ਉਹ ਰੱਬ ਦੇ ਬੂਹੇ ਅੱਗੇ ਦਸਤਕ ਦੇ ਰਿਹਾ ਹੈ। ਦਰਵਾਜਾ ਬਹੁਤ ਵੱਡਾ ਹੈ, ਉਹ ਪਾਦਰੀ ਦਰਵਾਜੇ ਦਾ ਹੀ ਅੰਤ ਨਹੀ ਪਾ ਸਕਿਆ। ਅੰਤ ਦਰਵਾਜਾ ਖੜਕਾਉਂਦਾ ਹੋਇਆ ਉਹ ਥੱਕ ਗਿਆ। ਪਰ ਕੁਝ ਚਿਰ ਬਾਦ ਜਦ ਦਰਵਾਜਾ ਖੁਲ੍ਹਾ ਤਾਂ ਇਕ ਬਹੁਤ ਵੱਡਾ ਹਜਾਰਾਂ ਅੱਖਾਂ ਵਾਲਾ ਬੰਦਾ ਸਾਮ੍ਹਣੇ ਖੜਾ ਦਿਸਿਆ। ਪਾਦਰੀ ਨੇ ਸੋਚਿਆ ਕਿ ਇਹੋ ਰੱਬ ਹੋਣਾ ਹੈ ਅਤੇ ਕਹਿਣ ਲੱਗਾ, ਮੈਂ ਜੀਸਸ ਵਿਚ ਵਿਸ਼ਵਾਸ ਰੱਖਦਾ

ਹਾਂ।ਪਾਦਰੀ ਹਾਂ, ਬੜੇ ਪੁੰਨ ਕਰਮ ਕੀਤੇ ਹਨ, ਸਕੂਲ ਖੁਲ੍ਹਾਏ, ਭੁਖਿਆਂ ਨੂੰ ਭੋਜਨ ਖੁਆਉਂਦਾ ਰਿਹਾ ਹਾਂ, ਬਹੁਤ ਸਮੇਂ ਤੋਂ ਦਰਵਾਜਾ ਖੜਕਾ ਰਿਹਾ ਹਾਂ।ਬੂਹੇ ਦੇ ਅੰਦਰੋਂ ਆਇਆ ਹਜਾਰਾਂ ਅੱਖਾਂ ਵਾਲਾ ਬੰਦਾ ਕਹਿੰਦਾ ਕਿ ਮੈਂ ਰੱਬ ਨਹੀਂ ਹਾਂ।ਤੂੰ ਕਿਸ ਧਰਤੀ ਤੋਂ ਆਇਆ ਹੈਂ, ਕਿਸ ਜੀਸਸ ਦੀ ਗੱਲ ਕਰਦਾ ਹੈਂ? ਅਣਗਿਣਤ ਹੀ ਧਰਤੀਆਂ ਹਨ, ਉਨ੍ਹਾਂ ਦੇ ਅਣਗਿਣਤ ਜੀਸਸ ਹਨ।

ਵੱਡੇ ਵੱਡੇ ਦਾਰਸ਼ਨਿਕ ਵਿਚਾਰਵਾਨ, ਪੜਚੋਲੀਏ, ਵਿਗਿਆਨੀ ਅਤੇ ਧਾਰਮਕ ਮੁਖੀਏ ਇਸ ਇਕ ਧਰਤੀ ਦੀ ਪੂਰਨ ਖੋਜ ਨਹੀ ਸਕੇ ਤਾਂ ਵਾਹਿਗੁਰੂ ਦੀ ਅਨੰਤ ਰਚਨਾ ਵਾਰੇ ਕੋਈ ਕਿਵੇਂ ਜਾਣ ਸਕਦਾ ਹੈ? ਰਚਨਾ ਦੀ ਜਾਣਕਾਰੀ ਹਾਸਲ ਕਰਨੀ ਬੁਰੀ ਬਾਤ ਨਹੀਂ, ਰਚਨਾ ਦੀ ਵਿਸ਼ਾਲਤਾ ਹਾਸਲ ਕਰਕੇ ਰਚਨਹਾਰ ਤੋਂ ਬਲਹਾਰ ਜਾਣਾ ਚਾਹੀਦਾ ਹੈ।ਰਚਨਾ ਦੇ ਲੇਖੇ ਜੋਖੇ ਵਿਚ ਪਿਆਂ ਮਨ ਦਾ ਟਿਕਾਉ ਹਾਸਲ ਨਹੀ ਹੁੰਦਾ, ਸੱਗੋਂ ਮਨ ਹੋਰ ਜਿਆਦਾ ਜਾਣਕਾਰੀ ਲੈ ਕੇ ਅੰਤ ਤਕ ਪੁਜਣਾ ਚਾਹੁੰਦਾ ਹੁੰਦਾ ਹੈ।ਇਹ ਬਹੁਤੀ ਜਾਣਕਾਰੀ ਮਨੁੱਖ ਨੂੰ ਹੰਕਾਰੀ ਵੀ ਬਣਾ ਦੇਂਦੀ ਹੈ ਕਿ ਮੈਂ ਬਹੁਤ ਕੁਝ ਜਾਣ ਲਿਆ ਹੈ।ਵਾਹਿਗੁਰੂ ਦੀ ਰਚਨਾ ਦਾ ਕੋਈ ਹਿਸਾਬ ਨਹੀ ਕਰ ਸਕਿਆ {ਨਾਨਕ ਰਚਨਾ ਪ੍ਰਭਿ ਰਚੀ, ਬਹੁ ਬਿਧਿ ਅਨਿਕ ਪ੍ਰਕਾਰ ੨੭੫}।ਬਗਦਾਦ ਵਿਚ ਪੀਰ ਦਸਤਗੀਰ ਦੇ ਪੁਤ੍ਰ ਨੂੰ ਗੁਰੂ ਨਾਨਕ ਦੇਵ ਜੀ ਨੇ ਅਣ ਗਿਣਤ ਅਕਾਸ਼ ਤੇ ਪਤਾਲ ਦਿਖਾ ਦਿਤੇ ਸਨ।ਲਖ ਅਕਾਸ ਪਾਤਾਲ ਲਖ, ਅਖ ਫਰਕ ਵਿਚਿ ਸਭ ਦਿਖਲਾਈ (ਭਾ.ਗੁ.ਵਾਰ ੧-੩੬)। ਇਸ ਹਿਸਾਬ ਕਰਨ ਦੇ ਇਰਾਦੇ ਨਾਲ ਮਨੁੱਖ ਦਾ ਵਾਹਿਗੁਰੂ ਪ੍ਰਾਪਤੀ ਦਾ ਪ੍ਰਯੋਜਨ ਲਾਂਭੇ ਹੋ ਜਾਂਦਾ ਹੈ।ਰਚਨਾ ਦੀ ਖੋਜ ਕਰਨ ਦੀ ਥਾਂ ਰਚਨਹਾਰ ਦੀ ਖੋਜ ਵਿਚ ਲੱਗੀਏ {ਖੋਜਹਿ ਕੋਟਿ ਅਸੰਖ, ਬਹੁਤੁ ਅਨੰਤ ਕੇ।ਜਿਸਹਿ ਬੁਝਾਏ ਆਪਿ, ਨੇੜਾ ਤਿਸੁ ਹੇ ੭੬੨}।ਵਾਹਿਗੁਰੂ ਆਪ ਹੀ ਅਪਣੀ ਰਚਨਾ ਨੂੰ ਜਾਣਦਾ ਹੈ, ਉਸ ਨੂੰ ਵੱਡਾ ਮੰਨ ਕੇ ਉਸ ਦਾ ਜਸ ਨਾਲ ਸੁਰਤ ਉਸ ਵਿਚ ਜੁੜਦੀ ਹੈ ਅਤੇ ਜੀਵਨ ਦਾ ਲਕਸ਼ ਸਫਲ ਹੁੰਦਾ ਹੈ।ਅਸੁਲੂ ਨੂੰ ਪਦ ਛੇਦ 'ਅਸੁ ਲੂ' ਕਰਕੇ ਕੁਝ ਸੰਪ੍ਰਦਾਈ ਵਿਦਵਾਨਾਂ ਨੇ ਇਸ ਤਰ੍ਹਾਂ ਵੀ ਅਰਥ ਕੀਤੇ ਹਨ =

ਚਾਰ ਕਤੇਬਾਂ ਅਠਾਰਾਂ ਹਜਾਰ ਆਲਮ (ਦੁਨੀਆਂ) ਕਹਿੰਦੇ ਹਨ (ਪਰ ੧੮ ਹਜਾਰ ਆਲਮ ਕਹਿਣਾ ਵੀ) ਇਕ ਘੋੜੇ ਦੇ ਵਾਲ ਦੇ ਤੁੱਲ ਹੈ (ਅਤੇ ਇਹ ਸਾਰੇ ਆਲਮ) ਨਾਸ਼ਵੰਤ ਹਨ।ਭਾਵ ਨਿਰੰਕਾਰ ਦੀ ਰਚਨਾ ਅਨੰਤ ਹੈ, ਜੋ ਕੁਝ ਵੀ ਕਿਤਾਬਾਂ ਬਿਆਨ ਕਰਦੀਆਂ ਹਨ, ਉਹ ਤਾਂ ਬਹੁਤ ਥੋੜਾ ਹੈ, ਕਿਉਂਕਿ ਪੂਰਨ ਦਸਣ ਤੋਂ ਅਸਮਰਥ ਹਨ।

## ॥ ਤੇਈਵੀਂ ਪਉੜੀ ॥

ਸਾਲਾਹੀ ਸਾਲਾਹਿ, ਏਤੀ ਸੁਰਤਿ ਨ ਪਾਈਆ ॥ ਸਲਾਹੁਣ ਵਾਲੇ (ਭਗਤ ਜਨ ਨਿਰੰਕਾਰ ਨੂੰ) ਸਲਾਹੁੰਦੇ ਹਨ, (ਪਰ ਉਨ੍ਹਾਂ ਨੇ) ਇਤਨੀ (ਥੋੜੀ ਜਿਹੀ) ਕੁ ਸਮਝ ਨਹੀ ਪਾਈ (ਕਿ ਨਿਰੰਕਾਰ ਕਿੰਨਾ ਵੱਡਾ ਹੈ? ਕਿਉਂਕਿ ਉਹ ਸਿਫਤ ਕਰਦੇ ਕਰਦੇ ਉਸ ਪ੍ਰਭੂ ਵਿਚ ਲੀਨ ਹੋ ਜਾਂਦੇ ਹਨ, ਅਪਣੇ ਵੱਖਰੇ ਸਰੂਪ ਦੀ ਉਨ੍ਹਾਂ ਨੂੰ ਸੋਝੀ ਨਹੀਂ ਰਹਿੰਦੀ)।ਕਬੀਰ ਤੂੰ ਤੂੰ ਕਰਤਾ ਤੂ ਹੂਆ, ਮੁਝ ਮਹਿ ਰਹਾ ਨ ਹੂੰ।ਜਬ ਆਪਾ ਪਰ ਕਾ ਮਿਟਿ ਗਇਆ, ਜਤ ਦੇਖਉ ਤਤ ਤੂੰ। (੧੩੭੫)

ਨਦੀਆ ਅਤੈ ਵਾਹ, ਪਵਹਿ ਸਮੁੰਦਿ ਨ ਜਾਣੀਅਹਿ ॥ (ਜਿਵੇਂ) ਨਦੀਆਂ ਅਤੇ ਨਾਲੇ ਸਮੁੰਦਰ ਵਿਚ ਜਾ ਪੈਂਦੇ ਹਨ, (ਉਹ ਨਦੀਆਂ ਨਾਲੇ ਸਮੁੰਦਰ ਤੋਂ) ਵੱਖਰੇ ਨਹੀ ਜਾਣੇ ਜਾਂਦੇ (ਉਹ ਸਮੁੰਦਰ ਦਾ ਥਾਹ ਨਹੀਂ ਪਾ ਸਕਦੇ।ਇਸੇ ਤਰ੍ਹਾਂ ਭਗਤ ਜਨ ਨਿਰੰਕਾਰ ਰੂਪ ਸਮੁੰਦਰ ਵਿਚ ਸਮਾ ਜਾਂਦੇ ਹਨ, ਉਹ ਵੱਖਰੇ ਨਹੀ ਜਾਣੇ ਜਾਂਦੇ। ਧਾਤੁ ਮਿਲੈ ਫੁਨਿ ਧਾਤੁ ਕਉ, ਸਿਫਤੀ ਸਿਫਤ ਸਮਾਇ। (੧੮)

ਸਮੁੰਦ ਸਾਹ ਸੁਲਤਾਨ, ਗਿਰਹਾ ਸੇਤੀ ਮਾਲੁ ਧਨੁ ॥ ਸਮੁੰਦਰਾਂ ਦੇ ਮਾਲਕ (ਪ੍ਰਭੂ ਤੋਂ ਬੇ ਮੁਖ ਹੋਏ ਦੁਰਯੋਧਨ ਵਰਗੇ ਵੱਡੇ ਹੰਕਾਰੀ) ਬਾਦਸ਼ਾਹ, ਜਿੰਨ੍ਹਾਂ ਕੋਲ ਪਹਾੜਾਂ ਜਿਤਨਾ ਪਦਾਰਥ ਤੇ ਧਨ ਹੋਵੇ ਭਾਵ ਧਨ ਪਦਾਰਥ ਦੇ ਪਹਾੜਾਂ ਵਾਂਙ ਢੇਰ ਲੱਗੇ ਹੋਣ।

ਕੀੜੀ ਤੁਲਿ ਨ ਹੋਵਨੀ, ਜੇ ਤਿਸੁ ਮਨਹੁ ਨ ਵੀਸਰਹਿ ॥੨੩॥ (ਇਹੋ ਜਿਹੇ ਵੱਡੇ ਵੱਡੇ ਸੁਲਤਾਨ ਉਸ) ਕੀੜੀ ਦੇ ਬਰਾਬਰ ਨਹੀਂ ਹੁੰਦੇ ,ਜੇ (ਹੇ ਪ੍ਰਭੂ! ਤੂੰ) ਉਸ ਨੂੰ (ਕੀੜੀ ਦੇ) ਮਨ ਵਿਚੋਂ ਭੁਲਦਾ ਨਹੀਂ (ਭਾਵ ਰੱਬ ਨੂੰ ਭੁੱਲੇ ਸੁਲਤਾਨ, ਧਨਵਾਨ ਤੇ ਸੋਭਾਵੰਤ ਲੋਕ ਉਸ ਨਿਮਾਣੇ, ਨਿਤਾਣੇ ਅਤੇ ਗਰੀਬ ਦੇ ਬਰਾਬਰ ਨਹੀਂ ਹੋ ਸਕਦੇ, ਜੇ ਉਸ (ਨਿਮਾਣੇ ਗਰੀਬ) ਨੂੰ ਮਨ ਵਿਚੋਂ ਰੱਬ ਨਹੀਂ ਭੁਲਦਾ)।੨੩।

ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ ॥ ੧. ਜਿਵੇਂ ਸਮੁੰਦਰ ਵਿਚ ਨਦੀਆਂ ਅਤੇ ਨਾਲੇ ਪੈਂਦੇ ਹਨ, ਪਰ ਉਸ ਨੂੰ ਪੂਰੀ ਤਰ੍ਹਾਂ ਨਹੀਂ ਸਮਝ ਸਕਦੇ ਅਰਥਾਤ ਸਾਰੇ ਪੇਟ ਤੇ ਡੂੰਘਿਆਈਆਂ ਦੀ ਸਾਰ ਨਹੀਂ ਜਾਣ ਸਕਦੇ (ਸ਼ਬਦਾਰਥ)।

ਜਿਵੇਂ ਨਦੀਆਂ ਨਾਲੇ ਸਮੁੰਦਰ ਦਾ ਥਾਹ ਨਹੀਂ ਪਾ ਸਕਦੇ, ਇਸੇ ਤਰ੍ਹਾਂ ਪ੍ਰਮਾਤਮਾ ਦਾ ਅੰਤ ਨਹੀਂ ਜਾਣਿਆ ਜਾ ਸਕਦਾ।

੨. (ਰੱਬ ਤੋਂ ਬੇਮੁਖ ਹੋਏ) ਨਦੀਆਂ ਦੀ ਨਿਆਈਂ ਵੱਡੇ ਧਨਾਡ ਲੋਕ ਅਤੇ ਨਾਲਿਆਂ ਦੀ ਨਿਆਈਂ ਛੋਟੇ ਗਰੀਬ ਲੋਕ ਵਿਕਾਰਾਂ ਦੇ ਸਮੁੰਦਰ ਵਿਚ ਜਾ ਪੈਂਦੇ ਹਨ, ਇਸ ਕਰਕੇ ਨਿਰੰਕਾਰ ਨੂੰ ਨਹੀ ਜਾਣਦੇ (ਟਕਸਾਲ)।

ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ ॥ ਪਾਤਸ਼ਾਹਾਂ ਦਾ ਪਾਤਸ਼ਾਹ ਨਿਰੰਕਾਰ ਸਮੁੰਦਰ (ਤੋਂ ਵੀ ਬਹੁਤ ਵਿਸ਼ਾਲ) ਹੈ, ਜਿਹੜੇ (ਨਾਚੀਜ ਜਿਹੇ) ਭਗਤ ਉਸ (ਨਿਰੰਕਾਰ) ਨੂੰ ਮਨ ਵਿਚੋਂ ਨਹੀਂ ਭੁਲਾਉਂਦੇ, ਉਹ ਭਗਤ ਜਨ ਸਮੁੰਦਰ ਰੂਪ ਨਿਰੰਕਾਰ ਦਾ ਹੀ ਰੂਪ ਹੋ ਜਾਂਦੇ ਹਨ।ਜਿਹੜੇ ਹੰਕਾਰੀ ਲੋਕ ਪਰਬਤਾਂ ਜਿਤਨੇ ਮਾਲ ਧਨ ਵਾਲੇ ਹਨ, ਉਹ ਉਸ ਨਿੱਕੀ ਕੀੜੀ (ਨਾਚੀਜ ਭਗਤ) ਦੇ

ਬਰਾਬਰ ਨਹੀ ਹੋ ਸਕਦੇ ਭਾਵ ਭਗਤ ਗਰੀਬ ਹੁੰਦੇ ਹੋਏ ਵੀ ਸਭ ਤੋਂ ਮਹਾਨ ਹਨ (ਮੁਨੀ ਅਰਜਨ ਸਿੰਘ)।੨੩।

ਪਦਾਰਥ = ਸਾਲਾਹੀ-ਸਲਾਹੁਣ ਵਾਲੇ (ਭਗਤ); ਸਲਾਹੁਣ ਯੋਗ (ਨਿਰੰਕਾਰ ਨੂੰ)।ਸਾਲਾਹਿ-ਸਲਾਹੁੰਦੇ ਹਨ।ਏਤੀ-ਇਤਨੀ (ਥੋੜੀ ਜਿਹੀ)।ਸੁਰਤਿ-ਸੋਝੀ; ਸਮਝ।ਨ ਪਾਈਆ-ਨਹੀ ਪਾਈ।ਅਤੈ-ਅਤੇ (ਔਰ)।ਵਾਹ-ਵਹਿਣ ਵਾਲੇ ਨਾਲੇ।ਪਵਹਿ-ਜਾ ਪੈਂਦੇ ਹਨ। ਸਮੁੰਦਿ-ਸਮੁੰਦਰ ਵਿਚ।ਨ ਜਾਣੀਅਹਿ-(ਵੱਖਰੇ) ਨਹੀਂ ਜਾਣੇ ਜਾਂਦੇ।ਸਾਹ-ਮਾਲਕ; ਰਾਜਾ; ਅਮੀਰ।ਸੁਲਤਾਨ-ਬਾਦਸ਼ਾਹ।ਗਿਰਹਾ ਸੇਤੀ-ਪਹਾੜਾਂ ਜਿਤਨਾ।ਸੇਤੀ-ਕੋਲ; ਜਿਤਨਾ।ਮਾਲੁ-ਹਾਥੀ ਘੋੜੇ, ਮੱਝਾਂ ਗਾਵਾਂ ਆਦਿ ਦੀ ਸੰਪਤੀ।ਧਨੁ-ਦੌਲਤ।ਕੀੜੀ-ਨਿੱਕਾ ਜੰਤ ਜੋ ਤੁੱਛਤਾ ਲਈ ਵਰਤੀਦਾ ਹੈ, ਪਰ ਇਥੇ ਸਮਾਜ ਵਿਚ ਲਤਾੜੇ ਅੱਤ ਗਰੀਬ ਜਾਤ ਦੇ ਭਗਤ, ਜਿਵੇਂ ਰਵਿਦਾਸ ਜੀ।ਤੁਲਿ-ਬਰਾਬਰ। ਨ ਹੋਵਨੀ-ਨਹੀਂ ਹੁੰਦੇ।ਤਿਸੁ-ਉਸ (ਕੀੜੀ) ਨੂੰ।ਮਨਹੁ-ਮਨ ਵਿਚੋਂ।ਨ ਵੀਸਰਹਿ-ਨਹੀਂ ਭੁਲਦਾ।੨੩।

ਵਿਆਖਿਆ = ਨਦੀਆਂ ਨਾਲੇ ਸਾਗਰ ਵਿਚ ਸਮਾ ਜਾਂਦੇ ਹਨ, ਪਰ ਸਾਗਰ ਨੂੰ ਜਾਣ ਨਹੀ ਸਕਦੇ।ਇਸੇ ਤਰ੍ਹਾਂ ਭਗਤ ਵਾਹਿਗੁਰੂ ਦੇ ਗੁਣ ਗਾਉਂਦੇ ਹੋਏ ਉਸ ਵਿਚ ਲੀਨ ਹੋ ਜਾਂਦੇ ਹਨ, ਪਰ ਉਨ੍ਹਾਂ ਨੂੰ ਇਤਨੀ ਸਮਝ ਨਹੀ ਰਹਿੰਦੀ ਕਿ ਉਹ ਵਾਹਿਗੁਰੂ ਦਾ ਅੰਤ ਪਾ ਸਕਣ।ਵਾਹਿਗੁਰੂ ਨੂੰ ਜਾਨਣ ਲਈ ਉਸ ਤੋਂ ਵੱਡਾ ਹੋਣਾ ਪਏਗਾ, ਪਰ ਵਾਹਿਗੁਰੂ ਦਾ ਪੈਦਾ ਕੀਤਾ ਹੋਇਆ ਕੋਈ ਵੀ ਵਾਹਿਗੁਰੂ ਤੋਂ ਵੱਡਾ ਨਹੀਂ ਬਣ ਸਕਦਾ {ਕਰਤੇ ਕੀ ਮਿਤਿ ਨ ਜਾਨੈ ਕੀਆ ੨੮੫; ਕੂਆ ਕੋ ਮੇਂਡਕੁ ਨਿਧਿ ਜਾਨੈ ਕਹਾ ਸਾਗਰ ਕੀ, ਸ੍ਵਾਂਤ ਬੂੰਦ ਮਹਿਮਾ ਨ ਸੰਖ ਜੀਅ ਜਾਨਈ (ਭਾ. ਗੁ. ਕਬਿਤ ੪੭੦)}।ਨਿਰੰਕਾਰ ਨੂੰ ਪੂਰਨ ਤੌਰ ਤੇ ਜਾਨਣਾ ਅਸੰਭਵ ਹੈ, ਪਰ ਉਸ ਦੀ ਪ੍ਰਾਪਤੀ ਸੰਭਵ ਹੈ, ਸਿਮਰਨ ਰਾਹੀਂ ਅਪਣੇ ਆਪ ਨੂੰ ਉਸ ਵਿਚ ਲੀਨ ਕੀਤਾ ਜਾ ਸਕਦਾ ਹੈ।(ਬੰਗਾਲ ਦੇ ਪ੍ਰਸਿੱਧ ਭਗਤ) ਰਾਮ ਕਿਸ਼ਨ ਜੀ ਆਖਦੇ ਹਨ ਕਿ ਦਰਖਤ ਉਤੇ ਲਗੇ ਅੰਬਾਂ ਨੂੰ ਗਿਣਨ ਦੀ ਕੀ ਲੋੜ ਹੈ? ਅੰਬ ਖਾਣ ਨੂੰ ਮਿਲਣੇ ਚਾਹੀਦੇ ਹਨ।ਛੋਟਾ ਬੱਚਾ ਮਾਂ ਦੀ ਗੋਦ ਵਿਚ ਬੈਠਾ ਹੋਇਆ ਅਨੰਦ ਤਾਂ ਮਾਣ ਸਕਦਾ ਹੈ, ਪਰ ਮਾਂ ਦੀ ਮਮਤਾ ਦੀ ਗਿਣਤੀ ਮਿਣਤੀ ਨਹੀਂ ਕਰ ਸਕਦਾ।ਸਮੁੰਦਰ ਨੂੰ ਇਕ ਗੜਵੀ ਵਿਚ ਨਹੀਂ ਪਾਇਆ ਜਾ ਸਕਦਾ, ਪਰ ਸਮੁੰਦਰ ਵਿਚ ਨਹਾਇਆ ਜਰੂਰ ਜਾ ਸਕਦਾ ਹੈ।ਸੂਰਜ ਨੂੰ ਅੱਖਾਂ ਵਿਚ ਨਹੀ ਲਿਆ ਜਾ ਸਕਦਾ, ਪਰ ਸੂਰਜ ਦੀ ਰੋਸ਼ਨੀ ਤੋਂ ਲਾਭ ਲਿਆ ਜਾ ਸਕਦਾ ਹੈ।ਕੇਵਲ ਵੱਡੀਆਂ ਨਦੀਆਂ ਹੀ ਸਾਗਰ ਵਿਚ ਨਹੀਂ ਮਿਲਦੀਆਂ, ਛੋਟੇ ਗੰਧਲੇ ਪਾਣੀ ਵਾਲੇ ਨਾਲੇ ਵੀ ਨਦੀਆਂ ਰਾਹੀਂ ਸਾਗਰ ਵਿਚ ਜਾ ਮਿਲਦੇ ਹਨ।ਜਿਉ ਮੀਹਿ ਵੁਠੈ, ਗਲੀਆ ਨਾਲਿਆ ਟੋਭਿਆ ਕਾ ਜਲੁ, ਜਾਇ ਪਵੈ ਵਿਚਿ ਸੁਰਸਰੀ, ਸੁਰਸਰੀ ਮਿਲਤ ਪਵਿਤ੍ਰ ਪਾਵਨੁ ਹੋਇ ਜਾਵੈ ੮੫੪।ਸਿਮਰਨ ਕਰਕੇ ਵਡੇ ਧਨੀ ਲੋਕ ਵੀ ਨਿਰੰਕਾਰ ਨੂੰ ਮਿਲ ਸਕਦੇ ਹਨ ਤੇ ਛੋਟੇ ਗਰੀਬ ਲੋਕ ਵੀ ਮਿਲ ਸਕਦੇ ਹਨ।ਸਮੁੰਦਰਾਂ ਤੇ ਜਿਸ ਦਾ ਰਾਜ ਹੈ ਉਹ ਬਹੁਤ ਵੱਡਾ ਸੁਲਤਾਨ ਹੈ, ਜਮੀਨ ਤੇ ਰਾਜ ਕਰਨ ਵਾਲਾ ਰਾਜਾ ਛੋਟਾ ਹੁੰਦਾ ਹੈ, ਜਿਵੇਂ ਅੰਗਰੇਜਾਂ ਦਾ ਸਮੁੰਦਰਾਂ ਤੇ ਰਾਜ ਸੀ।ਰੱਬ ਤੋਂ ਬੇਮੁਖ ਹੋਏ ਸਮੁੰਦਰਾਂ ਦੇ ਸੁਲਤਾਨ ਤੇ ਜਮੀਨ ਦੇ ਰਾਜਿਆਂ ਨਾਲੋਂ ਉਹ ਨਾਚੀਜ ਜਿਹਾ ਮਨੁੱਖ ਵੱਡਾ ਹੈ ਜਿਸਦੇ ਮਨ ਵਿਚੋਂ ਪ੍ਰਭੂ ਨਹੀ ਵਿਸਰਦਾ।

ਪੰਡਿਤ ਸੂਰ ਛਤ੍ਰਪਤਿ ਰਾਜਾ, ਭਗਤ ਬਰਾਬਰਿ ਅਉਰ ਨ ਕੋਇ ੮੫੮।
ਕਬੀਰ ਹੈ ਗੈ ਬਾਹਨ ਸਘਨ ਘਨ, ਛਤ੍ਰਪਤੀ ਕੀ ਨਾਰਿ।ਤਾਸੁ ਪਟੰਤਰ ਨ ਪੁਜੈ, ਹਰਿ ਜਨ ਕੀ ਪਨਿਹਾਰਿ।
ਕਬੀਰ ਨ੍ਰਿਪ ਨਾਰੀ ਕਿਉ ਨਿੰਦੀਐ, ਕਿਉ ਹਰਿ ਚੇਰੀ ਕਉ ਮਾਨੁ।ਓਹ ਮਾਂਗ ਸਵਾਰੈ ਬਿਖੈ ਕਉ, ਓਹੁ ਸਿਮਰੈ ਹਰਿ ਨਾਮੁ ੧੩੭੨।
ਗੋਂਡ ਮਹਲਾ ੪॥ ਜਿਤਨੇ ਸਾਹ ਪਾਤਸਾਹ ਉਮਰਾਵ ਸਿਕਦਾਰ ਚਉਧਰੀ, ਸਭਿ ਮਿਥਿਆ, ਝੂਠੁ ਭਾਉ ਦੂਜਾ ਜਾਣੁ।....
ਜਿਤਨੇ ਧਨਵੰਤ ਕੁਲਵੰਤ ਮਿਲਖਵੰਤ ਦੀਸਹਿ ਮਨ ਮੇਰੇ, ਸਭਿ ਬਿਨਸਿ ਜਾਹਿ ਜਿਉ ਰੰਗੁ ਕਸੁੰਭ ਕਚਾਣੁ।....
ਓਹੁ ਸਭ ਤੇ ਊਚਾ ਸਭ ਤੇ ਸੂਚਾ, ਜਾ ਕੈ ਹਿਰਦੈ ਵਸਿਆ ਭਗਵਾਨੁ।(੮੬੧)।

## ॥ ਚੌਬੀਵੀਂ ਪਉੜੀ ॥

ਅੰਤੁ ਨ ਸਿਫਤੀ, ਕਹਣਿ ਨ ਅੰਤੁ ॥ (ਨਿਰੰਕਾਰ ਦੀਆਂ) ਸਿਫਤਾਂ ਦਾ ਕੋਈ ਅੰਤ ਨਹੀਂ, (ਸਿਫਤਾਂ) ਕਹਿਣ ਨਾਲ ਵੀ (ਸਿਫਤਾਂ ਦਾ) ਅੰਤ ਨਹੀਂ ਪਾਇਆ ਜਾ ਸਕਦਾ।

ਅੰਤੁ ਨ ਕਰਣੈ, ਦੇਣਿ ਨ ਅੰਤੁ ॥ (ਉਸ ਦੇ ਕੀਤੇ) ਕੰਮਾਂ (ਰਚਨਾ) ਦਾ ਵੀ ਕੋਈ ਅੰਤ ਨਹੀ, (ਦਾਤਾਂ) ਦੇਣ ਦਾ ਵੀ ਅੰਤ ਨਹੀ ਭਾਵ ਉਸ ਦੀਆਂ ਦਾਤਾਂ ਇਤਨੀਆਂ ਹਨ, ਜੀਵਾਂ ਨੂੰ ਦੇਈ ਜਾ ਰਿਹਾ ਹੈ, ਫਿਰ ਵੀ ਮੁਕਦੀਆਂ ਨਹੀਂ।

ਅੰਤੁ ਨ ਵੇਖਣਿ, ਸੁਣਣਿ ਨ ਅੰਤੁ ॥ ਉਸ ਦੀ ਬਣਾਈ ਰਚਨਾ ਨੂੰ ਵੇਖਣ ਨਾਲ ਅੰਤ ਨਹੀ ਪਾਇਆ ਜਾ ਸਕਦਾ ਅਤੇ ਨਾ ਹੀ ਸੁਣਨ ਨਾਲ ਰਚਨਾ ਦਾ ਅੰਤ ਪਾਇਆ ਜਾ ਸਕਦਾ ਹੈ (ਸ੍ਰੀ ਜਪੁਜੀ ਪਰਮਾਰਥ; ਟਕਸਾਲ)।

ਅੰਤੁ ਨ ਜਾਪੈ ਕਿਆ ਮਨਿ ਮੰਤੁ ॥ (ਨਿਰੰਕਾਰ ਦੇ) ਮਨ ਵਿਚ ਕੀ ਮੰਤਵ (ਸਲਾਹ) ਹੈ, ਇਸ ਦਾ ਵੀ ਅੰਤ ਨਹੀ ਜਾਣਿਆ ਜਾ ਸਕਦਾ। ਹਰਨ ਭਰਨ ਜਾ ਕਾ ਨੇਤ੍ਰ ਫੋਰੁ।ਤਿਸ ਕਾ ਮੰਤ੍ਰੁ ਨ ਜਾਨੈ ਹੋਰੁ। (੨੮੪)

ਅੰਤੁ ਨ ਜਾਪੈ ਕੀਤਾ ਆਕਾਰੁ ॥ (ਨਿਰੰਕਾਰ ਨੇ ਜੋ ਬ੍ਰਹਮੰਡ ਦਾ) ਅਕਾਰ ਰਚਿਆ ਹੈ, (ਉਸ ਦਾ ਵੀ) ਅੰਤ ਨਹੀਂ ਜਾਣਿਆ ਜਾਂਦਾ। ਇਕ ਕਵਾਉ ਪਸਾਉ ਕਰਿ, ਓਅੰਕਾਰਿ ਅਨੇਕ ਅਕਾਰਾ।(ਭਾ. ਗੁ. ਵਾਰ ੧੮-੧)

ਅੰਤੁ ਨ ਜਾਪੈ ਪਾਰਾਵਾਰੁ ॥ (ਬ੍ਰਹਮੰਡ ਦੇ) ਉਰਾਰ ਪਾਰ (ਹੱਦ ਬੰਨੇ) ਦਾ ਵੀ ਕੋਈ ਅੰਤ ਨਹੀਂ ਜਾਣਿਆ ਜਾਂਦਾ (ਪਸਾਰਾ ਕਿੱਥੋਂ ਸ਼ੁਰੂ ਹੁੰਦਾ ਹੈ ਅਤੇ ਕਿਥੇ ਜਾ ਕੇ ਮੁਕਦਾ ਹੈ, ਕੋਈ ਪਤਾ ਨਹੀਂ ਲਗਦਾ)।

ਅੰਤ ਕਾਰਣਿ ਕੇਤੇ ਬਿਲਲਾਹਿ ॥ (ਇਨ੍ਹਾਂ ਸਾਰੇ) ਅੰਤਾਂ ਨੂੰ ਜਾਨਣ ਵਾਸਤੇ ਕਿਤਨੇ ਹੀ (ਖੋਜੀ) ਵਿਲਕਦੇ (ਤਰਲੇ ਲੈਂਦੇ) ਹਨ।

ਤਾ ਕੇ ਅੰਤ ਨ ਪਾਏ ਜਾਹਿ ॥ (ਪਰ) ਉਸ ਦੇ ਅੰਤ ਨਹੀ ਪਾਏ ਜਾ ਸਕਦੇ (ਉਸ ਦੇ ਰਚੇ ਬ੍ਰਹਮੰਡ ਦਾ ਵੀ ਅੰਤ ਨਹੀਂ ਪਾਇਆ ਜਾ ਸਕਦਾ)। ਸਨਕ ਸਨੰਦ ਅੰਤੁ ਨਹੀ ਪਾਇਆ ੪੭੮; ਅਗਮ ਅਗੋਚਰ ਬੇਅੰਤ, ਅੰਤੁ ਨ ਪਾਈਐ। (੫੨੧)

ਏਹੁ ਅੰਤੁ ਨ ਜਾਣੈ ਕੋਇ ॥ (ਪ੍ਰਭੂ ਦੇ) ਇਸ ਅੰਤ ਨੂੰ ਕੋਈ (ਖੋਜੀ) ਨਹੀਂ ਜਾਣ ਸਕਦਾ। ਉਆ ਕਾ ਅੰਤੁ ਨ ਜਾਨੈ ਕੋਊ।(੨੫੧)

ਬਹੁਤਾ ਕਹੀਐ ਬਹੁਤਾ ਹੋਇ ॥ (ਪ੍ਰਭੂ ਨੂੰ ਅਸੀਂ) ਜਿੰਨਾ ਬਹੁਤਾ ਵੱਡਾ ਕਹਿੰਦੇ ਹਾਂ, (ਉਹ ਉਤਨਾ ਹੀ) ਵਧੇਰੇ ਵੱਡਾ ਪ੍ਰਤੀਤ ਹੁੰਦਾ ਹੈ ਭਾਵ ਬਹੁਤ ਕਹਿਣ ਨਾਲ ਅਗੇ ਹੋਰ ਵੱਡਾ ਦਿਸਦਾ ਹੈ। ਨਾਨਕ ਬਹੁਤਾ ਏਹੋ ਆਖਣੁ ,ਸਭ ਤੇਰੀ ਵਡਿਆਈ।(੧੨੪੨)। ਜਿਵੇਂ ਇਕ ਜਗ੍ਹਾ ਤੋਂ ਦੇਖਣ ਨਾਲ ਅਕਾਸ਼ ਦਾ ਸਿਰਾ ਨਜਰ ਆਉਂਦਾ ਹੈ, ਪਰ ਅੱਗੇ ਜਾਣ ਨਾਲ ਉਹ ਹੋਰ ਅੱਗੇ ਹੋ ਜਾਂਦਾ ਹੈ (ਤੇਜ ਰਫਤਾਰ ਵਾਲੇ ਰਾਕਟ ਉਪਰਲੇ ਗ੍ਰਹਿਆਂ ਦੀ ਖੋਜ ਲਈ ਜਾਂਦੇ ਹਨ, ਉਥੇ ਪੁਜ ਕੇ ਅਕਾਸ਼ ਅਤੇ ਦੂਜੇ ਗ੍ਰਹਿ ਹੋਰ ਦੂਰ ਨਜਰ ਆਉਂਦੇ ਹਨ)।

ਵਡਾ ਸਾਹਿਬੁ ਊਚਾ ਥਾਉ ॥ (ਅੰਤ ਕਿਉਂ ਨਹੀਂ ਪੈਂਦਾ, ਕਿਉਂਕਿ ਉਹ ਬਹੁਤ) ਵੱਡਾ ਮਾਲਕ ਹੈ, (ਅਤੇ ਉਸ ਦਾ ਨਿਵਾਸ) ਅਸਥਾਨ ਵੀ ਉਚਾ ਹੈ = ਊਚਉ ਥਾਨੁ ਸੁਹਾਵਣਾ, ਊਪਰਿ ਮਹਲੁ ਮੁਰਾਰਿ ੧੮; ਬਹੁਤੋ ਬਹੁਤੁ ਵਖਾਣੀਐ, ਊਚੋ ਊਚਾ ਥਾਉ ੪੪; ਊਚੀ ਹੂੰ ਊਚਾ ਥਾਨੁ, ਅਗਮ ਅਪਾਰੀਆ ੫੨੦; ਸਭ ਤੇ ਊਚ ਜਾ ਕਾ ਦਰਬਾਰੁ।...ਊਚੇ ਤੇ ਊਚਾ ਜਾ ਕਾ ਥਾਨ ੧੧੪੪; ਹਰਿ ਤੁਮ ਵਡ ਵਡੇ ,ਵਡੇ ਵਡ ਊਚੇ, ਸਭ ਊਪਰਿ ਵਡੇ ਵਡੌਨਾ ੧੩੧੫; ਊਚੇ ਤੇ ਊਚਾ ਪ੍ਰਭ ਥਾਨੁ ੧੩੪੯।

ਊਚੇ ਊਪਰਿ ਊਚਾ ਨਾਉ ॥ ਉਚੇ ਤੋਂ ਵੀ ਉਪਰ ਉਚਾ (ਉਚੇ ਤੋਂ ਉਚਾ ਨਿਰੰਕਾਰ ਦਾ) ਨਾਮ ਹੈ। ਸਭ ਤੇ ਊਚਾ ਜਾ ਕਾ ਨਾਉ। (੧੧੪੮); ਹਰਿ ਕਾ ਨਾਉ ਅਤਿ ਵਡ ਊਚਾ, ਊਚੀ ਹੂ ਊਚਾ ਹੋਈ। (੧੪੧੬)

ਏਵਡੁ ਊਚਾ ਹੋਵੈ ਕੋਇ ॥ ਜੇ ਕੋਈ (ਮਨੁੱਖ) ਇਤਨਾ (ਨਿਰੰਕਾਰ ਜਿਤਨਾ) ਵੱਡਾ ਅਤੇ ਉਚਾ ਹੋਵੇ (ਪਰ ਉਸ ਵਰਗਾ ਕੋਈ ਨਹੀਂ)।

ਤਿਸੁ ਊਚੇ ਕਉ ਜਾਣੈ ਸੋਇ ॥ ਤਾਂ ਉਹ (ਉਪਰੋਕਤ ਮਨੁੱਖ) ਹੀ ਉਸ ਉਚੇ ਨਿਰੰਕਾਰ ਨੂੰ ਜਾਣ ਸਕਦਾ ਹੈ।

ਜੇਵਡੁ ਆਪਿ, ਜਾਣੈ ਆਪਿ ਆਪਿ ॥ ਜਿਤਨਾ ਵੱਡਾ ਨਿਰੰਕਾਰ ਆਪ ਹੈ, ਉਹ ਆਪ ਹੀ ਆਪ ਜਾਣਦਾ ਹੈ (ਅਪਣੇ ਆਪ ਨੂੰ ਆਪ ਹੀ ਜਾਣਦਾ ਹੈ)। ਅੰਤੁ ਤੇਰਾ ਤੂਹੈ ਜਾਣਹਿ, ਤੂੰ ਸਭ ਮਹਿ ਰਹਿਆ ਸਮਾਏ। (੫੪੨)

ਨਾਨਕ ਨਦਰੀ ਕਰਮੀ ਦਾਤਿ ॥੨੪॥ ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਨਜਰ (ਕ੍ਰਿਪਾ ਦ੍ਰਿਸਟੀ) ਕਰਨ ਵਾਲੇ ਨਿਰੰਕਾਰ ਦੀ ਬਖਸ਼ਿਸ਼ ਨਾਲ ਹੀ (ਹਰੇਕ) ਦਾਤ ਮਿਲਦੀ ਹੈ।੨੪। ਨਾਨਕ ਨਦਰੀ ਪਾਈਐ, ਕਰਮਿ ਪਰਾਪਤਿ ਹੋਇ। (੧੨੫੦)

ਕਹਣਿ ਨ ਅੰਤੁ ॥ (ਸਿਫਤਾਂ) ਕਹਿਣ ਵਾਲਿਆਂ ਦਾ ਵੀ ਅੰਤ ਨਹੀਂ। ਉਸਤਤਿ ਕਰਹਿ ਸੇਵਕ ਮੁਨਿ ਕੇਤੇ, ਤੇਰਾ ਅੰਤੁ ਨ ਕਤਹੂ ਪਾਈਐ। (੫੨੮); ਹਰਿ ਹਰਿ ਜਪਤ ਅਨੇਕ ਜਨ, ਨਾਨਕ ਨਾਹਿ ਸੁਮਾਰ। (੨੫੩)

ਅੰਤੁ ਨ ਵੇਖਣਿ ਸੁਣਣਿ ਨ ਅੰਤੁ ॥ ੧. (ਨਿਰੰਕਾਰ ਨੂੰ) ਦੇਖਣ ਵਾਲਿਆਂ ਦਾ ਅੰਤ ਨਹੀਂ ਅਤੇ (ਉਸ ਦਾ ਜਸ) ਸੁਣਨ ਵਾਲਿਆਂ ਦਾ ਵੀ ਅੰਤ ਨਹੀਂ।

੨. (ਉਸ ਦੇ) ਦੇਖਣ ਦਾ ਕੋਈ ਅੰਤ ਨਹੀਂ, (ਉਸ ਦੇ) ਸੁਣਨ ਦਾ ਵੀ ਅੰਤ ਨਹੀਂ। ਸਭੁ ਕਿਛੁ ਸੁਣਦਾ ਵੇਖਦਾ, ਕਿਉ ਮੁਕਰਿ ਪਇਆ ਜਾਇ।(੩੬); ਸਦ ਸੁਣਦਾ ਸਦ ਵੇਖਦਾ, ਸਬਦਿ ਰਹਿਆ ਭਰਪੂਰਿ। (੪੨੯)

ਊਚੇ ਊਪਰਿ ਊਚਾ ਨਾਉ ॥ ਉਸ ਉਚੇ ਅਸਥਾਨ ਤੇ ਅੱਪੜਨ ਲਈ ਉਚਾ (ਉਤਮ ਸਾਧਨ) ਨਾਮ ਹੀ ਹੈ (ਟਕਸਾਲ; ਭਾ. ਵੀਰ ਸਿੰਘ)। ਸੰਸਾਰ ਵਿਚ ਸਾਰੇ ਉਚੇ ਕਰਮਾਂ ਜਾਂ ਗੁਣਾਂ ਤੋਂ ਪ੍ਰਮਾਤਮਾ ਦੀ ਪ੍ਰਾਪਤੀ ਵਾਸਤੇ ਨਾਮ ਉਚਾ ਹੈ।੨੪।

ਪਦਾਰਥ = ਅੰਤੁ–ਹੱਦ ਬੰਨਾ। ਅੰਤੁ ਨ–ਅਨੰਤ; ਬੇਅੰਤ। ਸਿਫਤੀ–ਸਿਫਤਾਂ ਦਾ; ਗੁਣਾਂ ਦਾ। ਕਹਣਿ–ਕਹਿਣ ਨਾਲ; ਕਹਿਣ ਵਾਲਿਆਂ ਦਾ। ਕਰਣੈ–ਕੰਮਾਂ ਦਾ; ਰਚੇ ਹੋਏ ਜਗਤ ਦਾ। ਦੇਣਿ–(ਦਾਤਾਂ) ਦੇਣ ਨਾਲ। ਵੇਖਣਿ–ਦੇਖਣ ਦਾ; ਦੇਖਣ ਵਾਲਿਆਂ ਦਾ। ਸੁਣਣਿ–ਸੁਣਨ ਦਾ; ਸੁਣਨ ਵਾਲਿਆਂ ਦਾ। ਨ ਜਾਪੈ–ਨਹੀਂ ਜਾਣਿਆ ਜਾਂਦਾ। ਮਨਿ–ਮਨ ਵਿਚ। ਮੰਤੁ–ਮੰਤਵ; ਮਨੋਰਥ; ਸਲਾਹ। ਕੀਤਾ–ਬਣਾਇਆ; ਰਚਿਆ। ਆਕਾਰੁ–ਦਿਸਦਾ ਸੰਸਾਰ। ਪਾਰਾਵਾਰੁ–ਪਾਰ ਵਾਲਾ ਅਤੇ ਉਰਾਰਲਾ ਕੰਢਾ। ਕਾਰਣਿ–ਵਾਸਤੇ; ਲਈ। ਕੇਤੇ–ਕਿਤਨੇ ਹੀ ਭਾਵ ਬੇਅੰਤ। ਬਿਲਲਾਹਿ–ਵਿਲਕਦੇ ਹਨ; ਤਰਲੇ ਲੈਂਦੇ ਹਨ; ਜਤਨ ਕਰਦੇ ਹਨ। ਤਾ ਕੇ–ਉਸ (ਨਿਰੰਕਾਰ) ਦੇ। ਨ ਪਾਏ ਜਾਹਿ–ਨਹੀਂ ਪਾਏ ਜਾ ਸਕਦੇ। ਸਾਹਿਬ–ਮਾਲਕ; ਕਰਤਾਰ। ਥਾਉ–ਅਸਥਾਨ; ਆਸਣ; ਤਖਤ। ਏਵਡੁ–ਇਤਨਾ ਵੱਡਾ। ਹੋਵੈ ਕੋਇ–ਕੋਈ ਮਨੁੱਖ ਹੋਵੇ। ਤਿਸੁ–ਉਸ (ਨਿਰੰਕਾਰ)। ਕਉ–ਨੂੰ। ਸੋਇ–ਉਹ (ਮਨੁੱਖ) ਹੀ। ਜੇਵਡੁ–ਜਿਤਨਾ ਵੱਡਾ। ਆਪਿ ਆਪਿ–ਆਪ ਹੀ ਆਪ। ਨਦਰੀ–ਮੇਹਰ ਦੀ ਨਜਰ ਕਰਨ ਵਾਲਾ; ਕ੍ਰਿਪਾਲੂ; ਕਰਤਾਰ। ਕਰਮੀ–ਬਖਸ਼ਿਸ਼ ਨਾਲ; ਕਰਮਾਂ ਅਨੁਸਾਰ (ਸੰ.ਸ.)।੨੪।

ਵਿਆਖਿਆ = ਨਿਰੰਕਾਰ ਦੀਆਂ ਵਡਿਆਈਆਂ, ਉਸ ਦੇ ਕੰਮਾਂ, ਰਚਨਾ, ਵੀਚਾਰ ਆਦਿ ਦਾ ਅੰਤ ਨਹੀਂ ਪਾਇਆ ਜਾ ਸਕਦਾ, ਉਹ

ਬੇਅੰਤ ਹੈ। ਕਾਰਣ ਇਹ ਹੈ ਕਿ ਨਿਰੰਕਾਰ ਜਿਤਨਾ ਵੱਡਾ ਅਤੇ ਉਚਾ ਹੈ, ਉਤਨਾ ਵੱਡਾ ਅਤੇ ਉਚਾ ਹੋਰ ਕੋਈ ਨਹੀਂ। ਇਸ ਕਰਕੇ ਉਸ ਤੋਂ ਛੋਟੇ ਉਸ ਵੱਡੇ ਨਿਰੰਕਾਰ ਅਤੇ ਉਸਦੇ ਰਚੇ ਵਿਸ਼ਾਲ ਵਿਸ਼ਵ ਦਾ ਅੰਤ ਨਹੀਂ ਪਾ ਸਕਦੇ। ਉਸਦੀਆਂ ਦਾਤਾਂ ਦਾ ਵੀ ਅੰਤ ਨਹੀ {ਜੇਵਡੁ ਆਪਿ, ਤੇਵਡ ਤੇਰੀ ਦਾਤਿ ੩੪੯}। ਉਸਦੇ ਦੇਖਣ ਅਤੇ ਸੁਣਨ ਦਾ ਵੀ ਅੰਤ ਨਹੀਂ, ਸਭ ਦੇ ਅੰਦਰ ਵਸਦਾ ਹੋਣ ਕਰਕੇ ਉਹ ਆਪ ਹੀ ਸਭ ਨੂੰ ਦੇਖਦਾ ਅਤੇ ਸੁਣਦਾ ਹੈ {ਸਰਬ ਨੈਨ ਆਪਿ ਪੇਖਨਹਾਰਾ ੨੯੪}। ਨਿਰੰਕਾਰ ਅਤੇ ਉਸਦੀ ਰਚਨਾ ਦਾ ਅੰਤ ਲੈਣ ਵਾਸਤੇ ਕਿਤਨੇ ਹੀ ਰਿਸ਼ੀ ਮੁਨੀ ਅਤੇ ਬ੍ਰਹਮਾ ਵਰਗੇ ਦੇਵਤੇ ਜਤਨ ਕਰਦੇ ਰਹੇ ਹਨ, ਪਰ ਕਿਸੇ ਨੂੰ ਅੰਤ ਨਾ ਲੱਭਾ {ਹੋਰ ਕੇਤੀ ਦਰਿ ਦੀਸੈ ਬਿਲਲਾਦੀ, ਮੈ ਗਣਤ ਨ ਆਵੈ ਕਾਈ ਹੇ ੧੦੨੨}। ਉਸਦਾ ਟਿਕਾਣਾ ਮਨ ਬਾਣੀ ਦੀ ਪਹੁੰਚ ਤੋਂ ਬਹੁਤ ਉਚਾ ਹੈ, ਨਾਮ ਸਿਮਰਨ ਮਨੁੱਖ ਨੂੰ ਉਸ ਉਚੇ ਤਕ ਪਹੁੰਚਾ ਦੇਂਦਾ ਹੈ। ਜਿਵੇਂ ਨੇੜੇ ਆਈ ਨਦੀ ਨੂੰ ਸਮੁੰਦਰ ਆਪ ਅੱਗੇ ਹੋ ਕੇ ਮਿਲਦਾ ਹੈ ਅਤੇ ਆਪ ਨਾਲ ਲਿਜਾ ਕੇ ਅਪਣੇ ਵਿਚ ਸਮੋ ਲੈਂਦਾ ਹੈ। ਇਸੇ ਤਰ੍ਹਾਂ ਦੂਰੋਂ ਚੱਲ ਕੇ ਆਏ ਪ੍ਰੇਮੀ ਨੂੰ ਨਿਰੰਕਾਰ ਕਿਰਪਾ ਦ੍ਰਿਸਟੀ ਕਰਕੇ ਆਪ ਖਿੱਚ ਕੇ ਅਪਣੇ ਨਾਲ ਮਿਲਾ ਲੈਂਦਾ ਹੈ। ਜਿਸ ਨੋ ਨਦਰਿ ਕਰੇ ਤਿਸੁ ਮੇਲੇ, ਮੇਲਿ ਮਿਲੈ ਮੇਲਾਈ ਹੇ। (੧੦੨੨)

## ॥ ਪੱਚੀਵੀਂ ਪਉੜੀ ॥

ਬਹੁਤਾ ਕਰਮੁ ਲਿਖਿਆ ਨ ਜਾਇ ॥ (ਨਿਰੰਕਾਰ ਦੀ) ਬਖਸ਼ਿਸ਼ ਬਹੁਤ ਵਡੀ ਹੈ (ਜਾਂ ਜਗਤ ਰਚਨਾ ਦਾ ਕੰਮ ਬਹੁਤ ਵਡਾ ਹੈ, ਇਸ ਨੂੰ ਕਲਮ ਨਾਲ) ਲਿਖਿਆ ਨਹੀ ਜਾ ਸਕਦਾ ਭਾਵ ਵਰਨਣ ਕਰਨਾ ਅਸੰਭਵ ਹੈ।

ਵਡਾ ਦਾਤਾ ਤਿਲੁ ਨ ਤਮਾਇ ॥ ਉਹ ਵੱਡਾ ਦਾਤਾ ਹੈ, ਉਸ ਨੂੰ (ਦਾਤਾਂ ਦੇਣ ਬਦਲੇ ਜੀਵਾਂ ਤੋਂ ਕੁਛ ਲੈਣ ਦੀ) ਤਿਲ ਭਰ ਵੀ ਇੱਛਾ ਨਹੀਂ। ਹਰਿ ਜੀਉ ਦਾਤਾ ਅਗਮ ਅਥਾਹਾ। ਓਸੁ ਤਿਲੁ ਨ ਤਮਾਇ, ਵੇ ਪਰਵਾਹਾ। (੧੦੬੨); ਵਡਾ ਦਾਤਾ ਤਿਲੁ ਨ ਤਮਾਇ। ਨਾਨਕ ਮਿਲੀਐ ਸਬਦੁ ਕਮਾਇ। (੧੧੭੪)

ਕੇਤੇ ਮੰਗਹਿ ਜੋਧ ਅਪਾਰ ॥ ਕਿਤਨੇ ਹੀ ਅਣਗਿਣਤ ਜੋਧੇ (ਉਸ ਤੋਂ ਬਹਾਦਰੀ ਦੀ ਦਾਤ) ਮੰਗਦੇ ਹਨ। ਤੂ ਭੰਨਣ ਘੜਣ ਸਮਰਥੁ ਦਾਤਾਰੁ ਹਹਿ, ਤੁਧੁ ਅਗੈ ਮੰਗਣ ਨੋ ਹਥ ਜੋੜਿ ਖਲੀ ਸਭ ਹੋਈ। ਤੁਧ ਜੇਵਡੁ ਦਾਤਾਰੁ ਮੈ ਕੋਈ ਨਦਰਿ ਨ ਆਵਈ, ਤੁਧੁ ਸਭਸੈ ਨੋ ਦਾਨੁ ਦਿਤਾ, ਖੰਡੀ ਵਰਭੰਡੀ ਪਾਤਾਲੀ ਪੁਰਈ ਸਭ ਲੋਈ। (੫੪੯)

ਕੇਤਿਆ ਗਣਤ ਨਹੀ ਵੀਚਾਰੁ ॥ ਕਿਤਨਿਆਂ (ਹੋਰ ਮੰਗਣ ਵਾਲਿਆਂ) ਦੀ ਗਿਣਤੀ ਦਾ ਵਿਚਾਰ ਨਹੀ ਹੋ ਸਕਦਾ ਭਾਵ ਪਤਾ ਨਹੀ ਕਿ ਕਿੰਨੇ ਕੁ ਮੰਗਣ ਵਾਲੇ ਹਨ। ਗਣਤੀ ਗਣੀ ਨ ਜਾਇ, ਤੇਰੈ ਦਰਿ ਪੜੇ। (੫੧੮)

ਕੇਤੇ ਖਪਿ ਤੁਟਹਿ ਵੇਕਾਰ ॥ ਕਿੰਨੇ ਹੀ (ਦਾਤਾਂ ਲੈ ਕੇ ਦਾਤਾਰ ਪਾਤਸ਼ਾਹ ਦਾ ਸ਼ੁਕਰਾਨਾ ਕਰਨ ਦੀ ਬਜਾਏ) ਵਿਸ਼ੇ ਵਿਕਾਰਾਂ ਵਿਚ ਖਪ ਕੇ ਟੁੱਟ (ਬਰਬਾਦ ਹੋ) ਜਾਂਦੇ ਹਨ; ਰੱਬ ਤੋਂ ਟੁੱਟ (ਬੇਮੁਖ ਹੋ) ਜਾਂਦੇ ਹਨ।

ਕੇਤੇ ਲੈ ਲੈ ਮੁਕਰੁ ਪਾਹਿ ॥ ਕਿੰਨੇ ਹੀ (ਦਾਤਾਂ) ਲੈ ਲੈ ਕੇ ਮੁੱਕਰ ਪੈਂਦੇ ਹਨ (ਦਾਤਾਂ ਨੂੰ ਅਪਣੀ ਕੀਤੀ ਕਮਾਈ ਸਮਝਦੇ ਹਨ ਜਾਂ ਰੱਬ ਦੀ ਹੋਂਦ ਤੋਂ ਇਨਕਾਰੀ ਹੋ ਜਾਂਦੇ ਹਨ ਅਤੇ ਆਖਦੇ ਹਨ ਕਿ ਰੱਬ ਸਾਨੂੰ ਕੀ ਦੇਂਦਾ ਹੈ?)।

ਕੇਤੇ ਮੂਰਖ ਖਾਹੀ ਖਾਹਿ ॥ ਕਿੰਨੇ ਹੀ ਬੇਸਮਝ (ਮਨੁੱਖ ਦਾਤਾਂ) ਖਾਣ ਵਾਲੇ ਖਾਈ ਹੀ ਜਾਂਦੇ ਹਨ (ਰੱਜਦੇ ਹੀ ਨਹੀਂ ਅਤੇ ਨਾ ਹੀ ਰੱਬ ਦਾ ਧੰਨਵਾਦ ਕਰਦੇ ਹਨ ਕਿ ਸਾਨੂੰ ਉਹ ਦਾਤਾਂ ਦੇ ਰਿਹਾ ਹੈ)।

ਕੇਤਿਆ ਦੂਖ ਭੂਖ ਸਦ ਮਾਰ ॥ (ਇਸੇ ਕਰਕੇ) ਕਿਤਨਿਆਂ ਨੂੰ ਦੁੱਖ ਅਤੇ ਭੁੱਖ ਦੀ ਸਦਾ ਮਾਰ ਪੈਂਦੀ ਰਹਿੰਦੀ ਹੈ।

ਏਹਿ ਭਿ ਦਾਤਿ ਤੇਰੀ ਦਾਤਾਰ ॥ ਪਰ ਹੇ ਦਾਤਾਰਾ ਪਾਤਸ਼ਾਹ! ਇਹ (ਦੁੱਖ ਤੇ ਭੁੱਖ ਦੀ ਮਾਰ) ਵੀ ਤੇਰੀ ਹੀ ਦਾਤ ਹੈ (ਕਿਉਂਕਿ ਦੁਖ ਭੁੱਖ ਦੀ ਮਾਰ ਦਾਰੂ ਬਣ ਜਾਂਦੀ ਹੈ ਅਤੇ ਮਨੁੱਖ ਭਾਣਾ ਮੰਨ ਕੇ ਨਾਮ ਸਿਮਰਨ ਵਿਚ ਮਨ ਜੋੜਦਾ ਹੈ)।

ਬੰਦਿ ਖਲਾਸੀ ਭਾਣੈ ਹੋਇ ॥ (ਮਾਇਆ ਦੀ) ਕੈਦ ਵਿਚੋਂ ਛੁਟਕਾਰਾ (ਪ੍ਰਭੂ ਦੇ) ਭਾਣੇ ਵਿਚ (ਚੱਲਣ ਨਾਲ) ਹੀ ਹੁੰਦਾ ਹੈ।

ਹੋਰੁ ਆਖਿ ਨ ਸਕੈ ਕੋਇ ॥ ਕੋਈ ਵੀ (ਮਨੁੱਖ ਭਾਣਾ ਮੰਨਣ ਤੋਂ ਬਿਨਾ ਕੋਈ) ਹੋਰ ਤਰੀਕਾ ਨਹੀਂ ਦਸ ਸਕਦਾ (ਜਿਸ ਨਾਲ ਦੁੱਖ ਭੁੱਖ ਜਾਂ ਮਾਇਆ ਦੀ ਕੈਦ ਤੋਂ ਮੁਕਤੀ ਮਿਲ ਸਕਦੀ ਹੋਵੇ)।

ਜੇ ਕੋ ਖਾਇਕੁ ਆਖਣਿ ਪਾਇ ॥ ਜੇ ਕੋਈ ਮੂਰਖ ਬੰਦਾ ਆਖਣ ਦਾ ਜਤਨ ਕਰੇ (ਕਿ ਮਾਇਕ ਬੰਧਨਾਂ ਤੋਂ ਮੁਕਤੀ ਦਾ ਕੋਈ ਹੋਰ ਤਰੀਕਾ ਹੈ)।

ਓਹੁ ਜਾਣੈ ਜੇਤੀਆ ਮੁਹਿ ਖਾਇ ॥ ਤਾਂ ਉਹ (ਮੂਰਖ ਹੀ) ਜਾਣਦਾ ਹੈ ਕਿ ਜਿੰਨੀਆਂ (ਚੋਟਾਂ ਅਪਣੇ) ਮੂੰਹ ਤੇ ਖਾਂਦਾ ਹੈ ਭਾਵ ਬਹੁਤ ਦੁੱਖ ਭੋਗਦਾ ਹੈ; ਜਿੰਨੀਆਂ ਮੂੰਹ ਦੀਆਂ ਖਾਂਦਾ ਹੈ ਭਾਵ ਅਪਣਾ ਕੀਤਾ ਪਾਉਂਦਾ ਹੈ।

ਆਪੇ ਜਾਣੈ ਆਪੇ ਦੇਇ ॥ (ਪ੍ਰਭੂ ਜੀਵਾਂ ਦੀਆਂ ਲੋੜਾਂ) ਆਪੇ ਜਾਣਦਾ ਹੈ ਅਤੇ ਆਪੇ (ਸਭ ਦੇ ਕਰਮਾਂ ਅਨੁਸਾਰ ਦਾਤਾਂ) ਦੇਂਦਾ ਹੈ।

ਆਖਹਿ ਸਿ ਭਿ ਕੇਈ ਕੇਇ ॥ (ਇਹ ਗੱਲ ਜਿਹੜੇ) ਆਖਦੇ ਹਨ, ਉਹ ਵੀ ਕੋਈ ਕੋਈ (ਭਾਣੇ ਵਿਚ ਰਹਿਣ ਵਾਲੇ ਵਿਰਲੇ ਗੁਰਮੁਖ ਹੀ) ਹਨ ਭਾਵ ਸਾਰੇ ਲੋਕ ਨਾਸ਼ੁਕਰੇ ਨਹੀਂ ਹਨ, ਕਈ ਰੱਬ ਦਾ ਸ਼ੁਕਰਾਨਾ ਕਰਨ ਵਾਲੇ ਗੁਰਮੁਖ ਵੀ ਹਨ।

ਜਿਸਨੋ ਬਖਸੇ ਸਿਫਤਿ ਸਾਲਾਹ ॥ ਜਿਸ (ਮਨੁੱਖ) ਨੂੰ ਨਿਰੰਕਾਰ ਅਪਣੀ ਸਿਫਤ ਸਲਾਹ (ਦੀ ਸਭ ਤੋਂ ਉਚੀ ਦਾਤ) ਬਖਸ਼ਦਾ ਹੈ।
ਨਾਨਕ ਪਾਤਸਾਹੀ ਪਾਤਸਾਹੁ ॥੨੫॥ ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ (ਉਹ ਮਨੁੱਖ) ਪਾਤਸ਼ਾਹਾਂ ਦਾ ਵੀ ਪਾਤਸ਼ਾਹ ਹੈ।੨੫।
ਕੇਤਿਆ ਦੂਖ ਭੂਖ ਸਦ ਮਾਰ ॥ ੧. ਬਹੁਤੇ (ਜੀਵ) ਭੁੱਖ ਦੇ ਦੁੱਖੋਂ ਸਦਾ ਮਾਰ ਖਾਂਦੇ ਹਨ (ਡਾ. ਸ਼ੇਰ ਸਿੰਘ)।
੨. ਕਿਤਨੇ (ਜੀਵ) ਸਦਾ ਦੁੱਖ, ਭੁੱਖ ਅਤੇ ਕੁੱਟ ਮਾਰ ਸਹਿੰਦੇ ਹਨ (ਇੰਗਲਿਸ਼ ਟੀਕਾ SGPC)।
ਬੰਦਿ ਖਲਾਸੀ ਭਾਣੈ ਹੋਇ ॥ ਮਾਯਾ ਦੇ ਬੰਧਨਾਂ ਵਿਚ ਪੈਣਾ ਜਾਂ ਬੰਧਨਾਂ ਤੋਂ ਮੁਕਤੀ ਰੱਬੀ ਭਾਣੇ ਵਿਚ ਹੁੰਦੀ ਹੈ। ਬੰਦਿ ਖਲਾਸੀ ਬੰਦਗੀ, ਵਿਰਲੇ ਕੇਈ ਹੁਕਮੀ ਬੰਦੇ (ਭਾ. ਗੁ. ਵਾਰ ੬-੧੩)

ਪਦਾਰਥ = ਕਰਮ-ਬਖਸਿਸ਼।ਤਿਲੁ-(ਇਕ ਨਿੱਕਾ ਤੇਲ ਬੀਜ) ਰੰਚਕ ਮਾਤ੍ਰ; ਥੋੜਾ ਜਿਹਾ।ਤਮਾਇ-ਇੱਛਾ; ਲੋਭ।ਕੇਤੇ-ਕਿਤਨੇ; ਕਈ; ਬਹੁਤ।ਜੋਧ-ਜੋਧੇ; ਬਹਾਦਰ।ਅਪਾਰ-ਬੇਅੰਤ; ਅਣਗਿਣਤ; ਅਪਾਰ ਬਲ ਵਾਲੇ ਜੋਧੇ; ਬਹੁਤਾ ਬਲ।ਮੰਗਹਿ-ਮੰਗਦੇ ਹਨ। ਕੇਤਿਆ-ਕਿੰਨਿਆਂ ਦੀ; ਕਈਆਂ ਦੀ।ਗਣਤ-ਗਿਣਤੀ।ਖਪਿ-ਖਪ ਖਪ ਕੇ; ਦੁਖੀ ਹੋ ਕੇ।ਤੁਟਹਿ-ਟੁੱਟ (ਬੇ ਮੁੱਖ ਹੋ) ਜਾਂਦੇ ਹਨ; ਨਾਸ਼ ਹੋ ਜਾਂਦੇ ਹਨ।ਵੇਕਾਰ-ਵਿਕਾਰਾਂ ਵਿਚ।ਲੈ ਲੈ-ਦਾਤਾਂ ਲੈ ਕੇ।ਮੁਕਰੁ ਪਾਹਿ-ਮੁਕਰ ਪੈਂਦੇ ਹਨ; ਇਨਕਾਰੀ ਹੋ ਜਾਂਦੇ ਹਨ।ਖਾਹੀ-ਖਾਣ ਵਾਲੇ।ਖਾਹਿ-ਖਾਂਦੇ ਹਨ।ਸਦ-ਸਦਾ।ਏਹਿ ਭਿ-ਏਹ ਭੀ।ਦਾਤਾਰ-ਹੇ ਦਾਤਾਰ ਪਾਤਸ਼ਾਹ!।ਬੰਦਿ-ਕੈਦ; ਬੰਧਨ।ਖਲਾਸੀ-ਮੁਕਤੀ; ਛੁਟਕਾਰਾ।ਭਾਣੈ-ਭਾਣੇ ਵਿਚ ਚੱਲਣ ਨਾਲ।ਹੋਇ-ਹੁੰਦਾ ਹੈ।ਹੋਰੁ-(ਭਾਣਾ ਮੰਨਣ ਤੋਂ ਬਿਨਾ ਕੋਈ) ਹੋਰ ਤਰੀਕਾ ਕਰਮ ਕਾਂਡ ਆਦਿ ਦਾ।ਜੇ ਕੋ-ਜੇ ਕੋਈ।ਖਾਇਕੁ-ਮੂਰਖ; ਹੁੱਜਤੀ।ਆਖਣਿ ਪਾਇ-ਆਖਣ ਦਾ ਜਤਨ ਕਰੇ।ਓਹੁ-ਉਹ ਮੂਰਖ।ਜੇਤੀਆ-ਜਿਤਨੀਆਂ।ਮੁਹਿ ਖਾਇ-ਮੂੰਹ ਉਤੇ ਖਾਂਦਾ ਹੈ।ਦੇਇ-ਦੇਂਦਾ ਹੈ।ਆਖਹਿ-ਆਖਦੇ ਹਨ।ਸਿ ਭਿ-ਉਹ ਵੀ; ਇਹ ਵੀ।ਕੇਈ ਕੇਇ-ਕੋਈ ਕੋਈ; ਕੋਈ ਵਿਰਲਾ (ਗੁਰਮੁਖ)।ਜਿਸ ਨੋ-ਜਿਸ (ਮਨੁੱਖ) ਨੂੰ।ਬਖਸੇ-ਬਖਸ਼ਦਾ ਹੈ।ਸਿਫਤ ਸਾਲਾਹ-ਕੀਰਤਨ।ਪਾਤਸਾਹੀ ਪਾਤਿਸਾਹੁ-ਪਾਤਸਾਹਾਂ ਦਾ ਪਾਤਸਾਹ (ਉਹ ਸ਼ਹਿਨਸ਼ਾਹ ਜਿਸ ਦਾ ਬਹੁਤੇ ਦੇਸ਼ਾਂ ਤੇ ਰਾਜ ਚਲਦਾ ਹੋਵੇ)।੨੫।

ਵਿਆਖਿਆ = ਦੁਨੀਆਂ ਵਿਚ ਹਰ ਕੋਈ ਦੂਜੇ ਨੂੰ ਕੁਛ ਦੇ ਕੇ ਫਿਰ ਉਸ ਤੋਂ ਕੁੱਛ ਲੈਣ ਦੀ ਇੱਛਾ ਰਖਦਾ ਹੈ।ਚਾਹੇ ਲੈਣ ਵਾਲਾ ਮੰਗਤਾ ਕੁਛ ਦੇਣ ਯੋਗ ਨਾ ਵੀ ਹੋਵੇ, ਪਰ ਦੇਣ ਵਾਲਾ ਰੱਬ ਦੇ ਨਾਂ ਤੇ ਦਾਤ ਦੇ ਕੇ ਦੁਨਿਆਵੀ ਮਾਣ ਜਸ ਅਤੇ ਸ਼ੋਹਰਤ ਹਾਸਲ ਕਰਨੀ ਚਾਹੁੰਦਾ ਹੈ {ਸਤੀਆ ਮਨਿ ਸੰਤੋਖੁ ਉਪਜੈ, ਦੇਣੈ ਕੈ ਵੀਚਾਰਿ।ਦੇ ਦੇ ਮੰਗਹਿ ਸਹਸਾ ਗੂਣਾ, ਸੋਭ ਕਰੇ ਸੰਸਾਰੁ ੪੬੬}।ਨਿਰੰਕਾਰ ਸਾਰੀ ਦੁਨੀਆਂ ਨੂੰ ਦਾਤਾਂ ਦੇ ਕੇ ਲੋਕਾਂ ਤੋਂ ਕੁਛ ਲੈਣ ਦੀ ਇੱਛਾ ਨਹੀ ਰਖਦਾ।ਉਹ ਅਕ੍ਰਿਤਘਣਾਂ ਨੂੰ ਵੀ ਪਾਲਦਾ ਹੈ, ਜਿਹੜੇ ਨਿਰੰਕਾਰ ਦੀ ਨਿੰਦਿਆ ਕਰਦੇ ਹਨ ਜਾਂ ਉਸਨੂੰ ਮੰਨਦੇ ਨਹੀਂ, ਉਨ੍ਹਾਂ ਨੂੰ ਵੀ ਦੇਂਦਾ ਹੈ, ਇਸ ਕਰਕੇ ਗੁਰੂ ਜੀ ਨੇ ਉਸ ਨੂੰ ਵੱਡਾ ਦਾਤਾ ਕਿਹਾ ਹੈ। ਉਸ ਤੋਂ ਮੰਗਣ ਵਾਲਿਆਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ, ਅਣਗਿਣਤ ਮੰਗਦੇ ਹਨ।ਜੋਧਿਆਂ ਨੂੰ ਲੜਨ ਦਾ ਸ਼ੌਕ ਹੁੰਦਾ ਹੈ, ਇਸ ਲਈ ਉਹ ਜੰਗ ਵਿਚ ਵੈਰੀਆਂ ਤੇ ਜਿਤ ਪ੍ਰਾਪਤ ਕਰਨ ਦਾ ਦਾਨ ਮੰਗਦੇ ਹਨ।ਕਈ ਭੋਗਾਂ ਵਿਚ ਪੈ ਕੇ ਜੀਵਨ ਬਰਬਾਦ ਕਰ ਲੈਂਦੇ ਹਨ {ਭੋਗਹੁ ਰੋਗ ਸੁ ਅੰਤਿ ਵਿਗੋਵੈ ੧੦੩੪; ਭੋਗੀ ਕਉ ਦੁਖੁ ਰੋਗ ਵਿਆਪੈ ੧੧੮੯}।ਕਈ ਨਾ ਸ਼ੁਕਰੇ ਦਾਤਾਂ ਲੈ ਕੇ ਮੁਕਰ ਜਾਂਦੇ ਹਨ, ਉਹ ਸਭ ਕੁਝ ਅਪਣੀ ਕਮਾਈ ਨਾਲ ਹਾਸਲ ਕੀਤਾ ਮੰਨਦੇ ਹਨ।ਫਿਰ ਵੀ ਨਿਰੰਕਾਰ ਅਜੇਹੇ ਅਕ੍ਰਿਤਘਣਾਂ ਨੂੰ ਦੇਣਾ ਬੰਦ ਨਹੀਂ ਕਰਦਾ।ਕਈ ਮਨਮੁਖਾਂ ਨੂੰ ਦੁਖ ਅਤੇ ਭੁੱਖ ਦੀ ਮਾਰ ਪਈ ਰਹਿੰਦੀ ਹੈ, ਕੀ ਨਿਰੰਕਾਰ ਉਨ੍ਹਾਂ ਤੋਂ ਕੋਈ ਆਸ ਰਖਦਾ ਸੀ, ਉਹ ਪੂਰੀ ਨਾ ਹੋਣ ਤੇ ਉਨ੍ਹਾਂ ਨੂੰ ਸਜਾ ਮਿਲੀ ਹੈ? ਨਹੀਂ, ਅਜੇਹਾ ਨਹੀ, ਨਿਰੰਕਾਰ ਤਾਂ ਨਿਰਇਛਤ ਅਤੇ ਬੇ ਪ੍ਰਵਾਹ ਹੈ।ਦੁੱਖ ਭੁੱਖ ਦੀ ਮਾਰ ਵੀ ਨਿਰੰਕਾਰ ਦੀ ਦਾਤ ਹੈ, ਇਹ ਸਜਾ ਨਹੀ, ਸਰਾਪ ਨਹੀ।ਦੁੱਖ ਭੁੱਖ ਦੇ ਡਰ ਤੋਂ ਮੁਕਤ ਹੋਣ ਲਈ ਮਨੁੱਖ ਰੱਬ ਦੇ ਨੇੜੇ ਹੁੰਦਾ ਹੈ, ਗਰੀਬੀ ਵਿਚ ਵੀ ਲੋਕ ਰੱਬ ਦਾ ਸ਼ੁਕਰ ਕਰਦੇ ਹਨ।ਉਸ ਤੋਂ ਕੁਛ ਪ੍ਰਾਪਤ ਕਰਨ ਲਈ ਭਜਨ ਕਰਦੇ ਹਨ।ਕਈ ਧਨ ਦੇ ਮਾਲਕ ਐਸ਼ ਪ੍ਰਸਤੀ ਵਿਚ ਪੈ ਕੇ ਅਪਣਾ ਧਨ ਸੰਪਦਾ ਵੀ ਬਰਬਾਦ ਕਰ ਦੇਂਦੇ ਹਨ ਅਤੇ ਜੀਵਨ ਵੀ ਗੁਆ ਲੈਂਦੇ ਹਨ।ਸਾਡਾ ਜੀਵਨ ਸੁਧਾਰਨ ਲਈ ਦੁਖ ਭੁਖ ਦੀ ਮਾਰ ਪ੍ਰਭੂ ਦੀ ਦਾਤ ਹੈ, ਜਿਵੇਂ ਸੁੰਦਰ ਗਹਿਣਾ ਬਣਾਉਣ ਲਈ ਸੋਨੇ ਨੂੰ ਅੱਗ ਵਿਚ ਤਪਾਉਣਾ ਹੀ ਪੈਂਦਾ ਹੈ।ਮਾਂ ਬਾਪ ਬੱਚੇ ਦੀ ਗਲਤੀ ਤੇ ਬਾਹਰੋਂ ਉਸ ਨੂੰ ਡਾਂਟਦੇ ਹਨ, ਪਰ ਅੰਦਰੋਂ ਭਾਵਨਾ ਬੱਚੇ ਦੇ ਸੁਧਰੇ ਹੋਏ ਦੇਖਣ ਦੀ ਹੈ।ਇਹ ਸੁਧਾਰ ਵੀ ਨਿਰੰਕਾਰ ਦੀ ਦਾਤ ਹੈ {ਦੁਖ ਕੀਆ ਅਗੀ ਮਾਰੀਅਹਿ, ਭੀ ਦੁਖ ਦਾਰੂ ਹੋਇ ੧੨੪੦} ਭਾਵ ਲੋਕ ਦੁਖ ਦੀਆਂ ਅੱਗਾਂ ਨਾਲ ਮਾਰੀਦੇ ਹਨ, ਪਰ ਦਾਰੂ ਵੀ ਦੁਖ ਹੀ ਹੁੰਦਾ ਹੈ।ਗੁੜ ਸ਼ਕਰ ਜਾਂ ਖੰਡ ਬਣਨ ਲਈ ਗੰਨੇ ਨੂੰ ਕਿੰਨਾ ਕਸ਼ਟ ਝੱਲਣਾ ਪੈਂਦਾ ਹੈ, ਪਹਿਲਾਂ ਬੇਲਣੇ (ਘਲਾੜੀ) ਵਿਚ ਪੀੜ ਕੇ ਰਸ ਕਢਿਆ ਜਾਂਦਾ ਹੈ।ਫਿਰ ਕੜਾਹੇ ਵਿਚ ਪਾ ਕੇ ਤਪਾਇਆ ਜਾਂਦਾ ਹੈ ਅਤੇ ਉਸ ਦਾ ਫੋਗ ਵੀ ਸੰਭਾਲ ਕੇ ਜਲਾ ਦਿਤਾ ਜਾਂਦਾ ਹੈ।ਇੰਨਾ ਕਸ਼ਟ ਸਹਿ ਕੇ ਗੰਨਾ ਗੁੜ ਜਾਂ ਖੰਡ ਬਣਦਾ ਹੈ।ਗੁਰੂ ਜੀ ਦਾ ਵਾਕ ਹੈ =

ਮਃ ੧ ॥ ਵੇਖੁ ਜਿ ਮਿਠਾ ਕਟਿਆ, ਕਟਿ ਕੁਟਿ ਬਧਾ ਪਾਇ।ਖੁੰਢਾ ਅੰਦਰਿ ਰਖਿ ਕੈ, ਦੇਨਿ ਸੁ ਮਲ ਸਜਾਇ।ਰਸੁ ਕਸੁ ਟਟਰਿ ਪਾਈਐ, ਤਪੈ ਤੈ ਵਿਲਲਾਇ।ਭੀ ਸੁ ਫੋਗੁ ਸਮਾਲੀਐ, ਦਿਚੈ ਅਗਿ ਜਲਾਇ।ਨਾਨਕ ਮਿਠੈ ਪਤਰੀਐ, ਵੇਖਹੁ ਲੋਕਾ ਆਇ (੧੪੩)।
ਦੁਖ ਭੁਖ ਜਾਂ ਜਨਮ ਮਰਣ ਦੀ ਕੈਦ ਵਿਚ ਪੈਣਾ ਵੀ ਪ੍ਰਭੂ ਦੀ ਮਰਜੀ ਅਨੁਸਾਰ ਹੀ ਹੁੰਦਾ ਹੈ {ਆਪੇ ਸੁਖੁ ਦੁਖੁ ਦੇਵੈ ਕਰਤਾ, ਆਪੇ

ਬਖਸ ਕਰੀਜੈ ੫੫੧; ਦੁਖ ਸੁਖ ਕਰਤੇ ਹੁਕਮੁ ਰਜਾਇ।ਭਾਣੈ ਬਖਸ ਭਾਣੈ ਦੇਇ ਸਜਾਇ ੧੨੭੧}।ਫਿਰ ਇਸ ਕੈਦ ਵਿਚੋਂ ਮੁਕਤੀ ਵੀ ਪ੍ਰਭੂ ਦੀ ਮਰਜੀ ਅਨੁਸਾਰ ਹੀ ਹੁੰਦੀ ਹੈ।ਭਾਣੇ ਵਿਚ ਰਹਿਣ ਤੋਂ ਬਿਨਾ ਮੁਕਤੀ ਪ੍ਰਾਪਤ ਕਰਨ ਦਾ ਹੋਰ ਦੂਜਾ ਕੋਈ ਢੰਗ ਨਹੀਂ, ਜੇ ਕੋਈ ਮੂਰਖ ਹੋਰ ਤਰੀਕਾ ਦਸਦਾ ਹੈ, ਤਾਂ ਰੱਬ ਦੀ ਦਰਗਾਹ ਵਿਚ ਉਸ ਨੂੰ ਮੂੰਹ ਦੀ ਖਾਣੀ ਪਏਗੀ।ਜਦੋਂ ਮਨੁੱਖ ਭਾਣੇ ਵਿਚ ਜੀਵਨ ਬਤੀਤ ਕਰਨਾ ਸਿਖਦਾ ਹੈ ਤਾਂ ਬ੍ਰਿਤੀ ਦਾਤਾਂ ਤੋਂ ਉਪਰ ਉਠ ਕੇ ਦਾਤਾਰ ਵਿਚ ਜੁੜਦੀ ਹੈ।ਇਸ ਤਰ੍ਹਾਂ 'ਆਪੇ ਜਾਣੈ ਆਪੇ ਦੇਇ' ਦਾ ਗਿਆਨ ਮਨੁੱਖ ਨੂੰ ਹੁੰਦਾ ਹੈ ,ਪਰ ਇਹ ਗਿਆਨ ਵੀ ਵਿਰਲਿਆਂ ਨੂੰ ਹੁੰਦਾ ਹੈ।{ਸਿਫਤਿ ਸਲਾਹਣੁ ਭਗਤਿ, ਵਿਰਲੇ ਦਿਤਿਅਨੁ ੯੫੮} ਨਿਰੰਕਾਰ ਜਿਸ ਨੂੰ ਸਿਫਤ ਸਲਾਹ ਦੀ ਦਾਤ ਬਖਸ਼ਦਾ ਹੈ, ਉਹ ਮੰਗਤਾ ਨਹੀ ਰਹਿੰਦਾ, ਦਾਤਾ ਬਣ ਜਾਂਦਾ ਹੈ {ਜਿਨਿ ਜਨਿ ਅਪਨਾ ਪ੍ਰਭੂ ਪਛਾਤਾ।ਸੋ ਜਨੁ ਸਰਬ ਥੋਕ ਕਾ ਦਾਤਾ ੨੮੬}।ਉਹ ਬਾਦਸ਼ਾਹਾਂ ਦਾ ਬਾਦਸ਼ਾਹ ਸ਼ਹਿਨਸ਼ਾਹ ਹੈ, ਸੰਨ ੧੯੧੧ ਈ. ਵਿਚ ਇੰਗਲੈਂਡ ਦਾ ਬਾਦਸ਼ਾਹ ਜਾਰਜ ਪੰਚਮ ਭਰਤ ਵਿਚ ਆਇਆ।ਬਾਦਸ਼ਾਹ ਦੇ ਦਰਬਾਰ, ਜਿਸ ਵਿਚ ਵੱਡੇ ਪਾਦਰੀ, ਭਾਰਤੀ ਰਿਆਸਤਾਂ ਦੇ ਰਾਜੇ, ਵਾਇਸਰਾਇ ਅਤੇ ਹੋਰ ਅੰਗਰੇਜ ਅਫਸਰ ਬੈਠੇ ਸਨ।ਮਹਰਾਜਾ ਭੁਪਿੰਦਰ ਸਿੰਘ ਪਟਿਆਲਾ ਨੇ ਸੰਤ ਅਤਰ ਸਿੰਘ ਜੀ ਮਸਤੂਆਣਾ ਨੂੰ ਵੀ ਇਸ ਰਾਜ ਦਰਬਾਰ ਵਿਚ ਬਿਠਾਇਆ ਹੋਇਆ ਸੀ।ਬਾਦਸ਼ਾਹ ਜਾਰਜ ਨੇ ਸੰਤਾਂ ਵਾਰੇ ਪੁਛਿਆ ਕਿ ਇਹ ਕੌਣ ਹਨ, ਮਹਰਾਜਾ ਹੀਰਾ ਸਿੰਘ ਨਾਭਾ ਨੇ ਦਸਿਆ ਕਿ ਸਾਡੇ ਸਨਮਾਨ ਯੋਗ ਸੰਤ ਹਨ, ਜੋ ਰੱਬੀ ਰੰਗ ਵਿਚ ਰੱਤੇ ਰਹਿੰਦੇ ਹਨ।ਬਾਦਸ਼ਾਹ ਸੰਤਾਂ ਦੀ ਸ਼ਖਸ਼ੀਅਤ ਤੋਂ ਬੜਾ ਪ੍ਰਭਾਵਿਤ ਹੋਇਆ ਅਤੇ ਸਿਰ ਝੁਕਾ ਕੇ ਨਮਸ਼ਕਾਰ ਕੀਤੀ।

ਪਾਤਸਾਹੀ ਭਗਤ ਜਨਾ ਕਉ ਦਿਤੀਅਨੁ, ਸਿਰਿ ਛਤੁ ਸਚਾ ਹਰਿ ਬਣਾਇ। (੫੯੦)

## ॥ ਛੱਬੀਵੀਂ ਪਉੜੀ ॥

**ਅਮੁਲ ਗੁਣ ਅਮੁਲ ਵਾਪਾਰ ॥** ਅਕਾਲ ਪੁਰਖ ਦੇ ਗੁਣ ਅਮੋਲਕ ਹਨ {ਮੋਲਿ ਨ ਪਾਈਐ ਗੁਣਹ ਅਮੋਲ ੨੯੪} ਅਤੇ (ਉਨ੍ਹਾਂ ਗੁਣਾਂ ਦਾ) ਵਪਾਰ ਕਰਨਾ ਵੀ ਅਮੋਲਕ ਹੈ। ਅਤਿ ਮੋਲੁ ਅਫਾਰਾ ਸਚ ਵਾਪਾਰਾ, ਸਚਿ ਵਾਪਾਰਿ ਲਗੇ ਵਡਭਾਗੀ। (੫੭੦)

**ਅਮੁਲ ਵਾਪਾਰੀਏ ਅਮੁਲ ਭੰਡਾਰ ॥** (ਗੁਣਾਂ ਦਾ ਵਪਾਰ ਕਰਨ ਵਾਲੇ) ਵਪਾਰੀ ਅਮੋਲਕ ਹਨ, (ਉਨ੍ਹਾਂ ਵਪਾਰੀਆਂ ਕੋਲ ਜੋ ਗੁਣਾਂ ਦੇ) ਖਜਾਨੇ ਹਨ, ਉਹ ਵੀ ਅਮੋਲਕ ਹਨ। ਰਤਨ ਲਾਲ ਜਾ ਕਾ ਕਛੂ ਨ ਮੋਲੁ।ਭਰੇ ਭੰਡਾਰ ਅਖੂਟ ਅਤੋਲ। (੧੮੬)

**ਅਮੁਲ ਆਵਹਿ ਅਮੁਲ ਲੈ ਜਾਹਿ ॥** (ਜੋ ਮਨੁੱਖ ਇਨ੍ਹਾਂ ਵਪਾਰੀਆਂ ਕੋਲ ਗੁਣਾਂ ਨੂੰ ਖ੍ਰੀਦਣ ਲਈ) ਆਉਂਦੇ ਹਨ, ਉਹ ਅਮੋਲਕ ਹਨ, (ਜਿਹੜੇ ਗਾਹਕ ਇਹ ਸੌਦਾ ਖਰੀਦ ਕੇ) ਲੈ ਜਾਂਦੇ ਹਨ, ਉਹ ਵੀ ਅਮੋਲਕ ਹਨ।

**ਅਮੁਲ ਭਾਇ ਅਮੁਲਾ ਸਮਾਹਿ ॥** ਅਮੋਲਕ ਹਨ (ਉਹ, ਜਿਹੜੇ ਮਨੁੱਖ ਪ੍ਰਭੂ ਦੇ) ਪ੍ਰੇਮ ਵਿਚ (ਜੀਵਨ ਜਿਉਂਦੇ ਹਨ), ਅਮੋਲਕ ਹਨ ਉਹ, ਜੋ ਪ੍ਰਭੂ ਵਿਚ ਲੀਨ ਹੁੰਦੇ ਹਨ।

**ਅਮੁਲੁ ਧਰਮੁ ਅਮੁਲੁ ਦੀਬਾਣੁ ॥** (ਨਿਰੰਕਾਰ ਦਾ ਨਿਆਂ ਕਰਨ ਵਾਲਾ) ਧਰਮ ਅਮੋਲਕ ਹੈ, ਉਸਦਾ ਦਰਬਾਰ ਵੀ ਅਮੋਲਕ ਹੈ। ਸਦਾ ਧਰਮੁ ਜਾਕੈ ਦੀਬਾਣਿ ੯੮੭।(ਉਸ ਦੇ ਦਰਬਾਰ ਵਿਚ ਜੀਵਾਂ ਦੇ ਕਰਮਾਂ ਅਨੁਸਾਰ ਨਿਆਂ ਕੀਤਾ ਜਾਂਦਾ ਹੈ)।ਹਰਿ ਕੀ ਵਡਿਆਈ ਵਡੀ ਹੈ, ਜਾ ਨਿਆਉ ਹੈ ਧਰਮ ਕਾ ੮੪; ਸਚਿਆਰਾ ਦੇਇ ਵਡਿਆਈ, ਹਰਿ ਧਰਮ ਨਿਆਉ ਕੀਓਇ। (੮੯)

**ਅਮੁਲੁ ਤੁਲੁ ਅਮੁਲੁ ਪਰਵਾਣੁ ॥** (ਉਸ ਦੇ ਦਰਬਾਰ ਵਿਚ ਨਿਆਂ ਕਰਨ ਵਾਲਾ ਧਰਮ) ਕੰਡਾ ਅਮੋਲਕ ਹੈ ਅਤੇ (ਨਿਆਂ ਨੂੰ ਤੋਲਣ ਵਾਲਾ) ਵੱਟਾ ਵੀ ਅਮੋਲਕ ਹੈ (ਜਿਸ ਨਾਲ ਪ੍ਰਭੂ ਜੀਵਾਂ ਦੇ ਚੰਗੇ ਮੰਦੇ ਕਰਮਾਂ ਨੂੰ ਜਾਚਦਾ ਹੈ)।ਤੋਲਿ ਨ ਤੁਲੀਐ ਮੋਲਿ ਨ ਮੁਲੀਐ ਕਤ ਪਾਈਐ ਮਨ ਰੁਚਾ ੫੩੪; ਅਤੁਲੁ ਕਿਉ ਤੋਲਿਆ ਜਾਇ ੭੯੭।

**ਅਮੁਲੁ ਬਖਸੀਸ ਅਮੁਲੁ ਨੀਸਾਣੁ ॥** (ਪ੍ਰਭੂ ਦੀ) ਬਖਸ਼ਿਸ਼ ਅਮੋਲਕ ਹੈ ਅਤੇ (ਬਖਸ਼ਿਸ਼ ਦਾ ਪ੍ਰਵਾਨਾ) ਚਿਨ੍ਹ ਵੀ ਅਮੋਲਕ ਹੈ।

**ਅਮੁਲੁ ਕਰਮੁ ਅਮੁਲੁ ਫੁਰਮਾਣੁ ॥** ਉਸ ਦੀ ਕਿਰਪਾ (ਜਾਂ ਪ੍ਰਪੰਚ ਰਚਨਾ ਦਾ ਕਰਤੱਵ) ਅਮੋਲਕ ਹੈ ਅਤੇ ਉਸ ਦਾ (ਸ਼ਾਹੀ) ਫੁਰਮਾਨ ਵੀ ਅਮੋਲਕ ਹੈ। ਸਾਚੇ ਸਾਹਿਬ ਤੇਰਾ ਸਚੁ ਫੁਰਮਾਣੁ। (੩੭੬)

**ਅਮੁਲੋ ਅਮੁਲੁ ਆਖਿਆ ਨ ਜਾਇ ॥** (ਨਿਰੰਕਾਰ ਦਾ ਸਭ ਕੁਝ) ਅਮੋਲਕ ਤੋਂ ਵੀ ਅਮੋਲਕ ਹੈ, ਉਸ ਵਾਰੇ ਕਿਹਾ ਨਹੀਂ ਜਾ ਸਕਦਾ। ਹਰਿ ਆਪਿ ਅਮੁਲਕੁ ਹੈ, ਮੁਲਿ ਨ ਪਾਇਆ ਜਾਇ।ਮੁਲਿ ਨ ਪਾਇਆ ਜਾਇ ਕਿਸੈ ਵਿਟਹੁ, ਰਹੇ ਲੋਕ ਵਿਲਲਾਇ।(੯੨੧)

**ਆਖਿ ਆਖਿ ਰਹੇ ਲਿਵ ਲਾਇ ॥** (ਨਿਰੰਕਾਰ ਨੂੰ ਆਖਣ ਵਾਲੇ ਮਨੁੱਖ) ਆਖ ਆਖ ਕੇ (ਉਸ ਦੇ ਸਰੂਪ ਵਿਚ) ਲਿਵ ਲਾ ਰਹੇ ਹਨ। ਆਖਣ ਵਾਲੇ ਜੇਤੜੇ, ਸਭਿ ਆਖਿ ਰਹੇ ਲਿਵ ਲਾਇ।(੫੩); (ਨਿਰੰਕਾਰ ਬਾਰੇ) ਕੁਛ ਕਹਿਣ ਤੋਂ ਰਹਿ ਗਏ ਹਨ ਭਾਵ ਦਸ ਨਹੀਂ ਸਕੇ, ਚੁੱਪ ਹੋ ਗਏ।

**ਆਖਹਿ ਵੇਦ ਪਾਠ ਪੁਰਾਣ ॥** (ਕੌਣ ਕੌਣ ਆਖਦੇ ਹਨ) ਵੇਦਾਂ ਤੇ ਪੁਰਾਣਾਂ ਦਾ ਪਾਠ ਕਰਨ ਵਾਲੇ ਪਾਠੀ (ਉਸ ਪ੍ਰਭੂ ਦਾ) ਵਖਿਆਨ ਕਰ ਰਹੇ ਹਨ। ਪੂਰਨ ਪੁਰਖ ਅਚੁਤ ਅਬਿਨਾਸੀ, ਜਸੁ ਵੇਦ ਪੁਰਾਣੀ ਗਾਇਆ।(੭੮੩); ਸਾਸਤ੍ਰ ਵੇਦ ਪੁਰਾਣ ਸਭ, ਸੁਣਿ ਸੁਣਿ ਆਖਣੁ ਆਖਿ ਸੁਣਾਵਹਿ। (ਭਾ. ਗੁ. ਵਾਰ ੨੩-੧੧)

ਆਖਹਿ ਪੜੇ ਕਰਹਿ ਵਖਿਆਣ ॥ ਪੜ੍ਹੇ ਲਿਖੇ (ਵੇਦਾਂ ਤੇ ਪੁਰਾਣਾਂ ਦੇ ਕਈ ਟੀਕਾਕਾਰ ਵਿਦਵਾਨ ਵੀ ਉਸ ਨੂੰ) ਬਿਆਨ ਕਰਦੇ ਹਨ ਅਤੇ ਹੋਰਨਾਂ ਨੂੰ ਵਖਿਆਨ ਕਰਕੇ ਦਸਦੇ ਹਨ। ਨਾਨਕ ਕਾਗਦ ਲਖ ਮਣਾ, ਪੜਿ ਪੜਿ ਕੀਚੈ ਭਾਉ। ਮਸੂ ਤੋਟਿ ਨ ਆਵਈ, ਲੇਖਣਿ ਪਉਣੁ ਚਲਾਉ। ਭੀ ਤੇਰੀ ਕੀਮਤਿ ਨ ਪਵੈ, ਹਉ ਕੇਵਡੁ ਆਖਾ ਨਾਉ। (੧੫)

ਅਮੁਲ ਆਵਹਿ ਅਮੁਲ ਲੈ ਜਾਹਿ ॥ ਜਿਹੜੇ ਮਹਾਂ ਪੁਰਖ ਧਰਮ ਕਾਰਜ ਜਾਂ ਹੋਰ ਪਰਉਪਕਾਰ ਲਈ ਸੰਸਾਰ ਵਿਚ ਆਉਂਦੇ ਹਨ, ਉਹ ਮੁੱਲ ਤੋਂ ਰਹਿਤ ਹਨ (ਨਿਰੰਕਾਰ ਦੇ ਗੁਣਾਂ ਅਤੇ ਨਾਮ ਦਾ ਵਾਪਾਰ ਮਹਾਂ ਪੁਰਖਾਂ ਰਾਹੀਂ ਹੀ ਸੰਸਾਰ ਵਿਚ ਚਲਦਾ ਹੈ) ਅਤੇ ਜਿਹੜੇ ਮਨੁੱਖ ਸੰਸਾਰ ਵਿਚੋਂ ਗੁਣ ਅਤੇ ਨਾਮ ਦਾ ਸੌਦਾ ਲੈ ਕੇ ਜਾਂਦੇ ਹਨ, ਉਹ ਵੀ ਮੁੱਲ ਰਹਿਤ ਹਨ (ਵਿਨੋਬਾ ਭਾਵੇ)।

ਪਦਾਰਥ = ਅਮੁਲ–ਅਮੋਲਕ (ਜਿਸਦਾ ਮੁੱਲ ਨਾ ਪੈ ਸਕੇ); ਮੁੱਲ ਤੋਂ ਬਹੁਤ ਉਪਰ; ਜਿਸ ਨੂੰ ਦੁਨਿਆਵੀ ਧਨ ਨਾਲ ਖ਼ੀਦਿਆ ਨਾ ਜਾ ਸਕੇ; ਬਹੁ ਮੁੱਲੀ ਵਸਤੂ। ਵਾਪਾਰੀਏ–ਗੁਣਾਂ ਦਾ ਵਪਾਰ ਕਰਨ ਵਾਲੇ ਵਪਾਰੀ। ਭੰਡਾਰ–ਖਜਾਨੇ। ਆਵਹਿ–ਆਉਂਦੇ ਹਨ। ਲੈ ਜਾਹਿ–ਲੈ ਜਾਂਦੇ ਹਨ। ਭਾਇ–ਪ੍ਰੇਮ ਵਿਚ। ਸਮਾਹਿ–ਲੀਨ ਹੁੰਦੇ ਹਨ। ਧਰਮੁ–ਨਿਆਂ ਵਾਲਾ ਧਰਮ; ਕਾਨੂੰਨ। ਦੀਬਾਣੁ–ਨਿਰੰਕਾਰੀ ਦਰਬਾਰ। ਤੁਲੁ–ਤਰਾਜੂ। ਪਰਵਾਣੁ–ਵੱਟਾ (ਤੋਲਣ ਵਾਲਾ)। ਬਖਸੀਸ–ਬਖਸ਼ਿਸ਼। ਨੀਸਾਣੁ–(ਪ੍ਰਵਾਨਗੀ ਦਾ) ਚਿੰਨ੍ਹ; ਲੱਛਣ; ਸਨਦ। ਕਰਮੁ–ਕਿਰਪਾ; ਕਰਤੱਵ। ਫੁਰਮਾਣੁ–ਹੁਕਮ। ਅਮੁਲੋ ਅਮੁਲੁ–ਅਮੋਲਕ ਤੋਂ ਅਮੋਲਕ। ਰਹੇ–ਰਹਿੰਦੇ ਹਨ; ਥੱਕ ਗਏ; ਚੁੱਪ ਹੋ ਗਏ। ਲਿਵ ਲਾਇ–ਲਿਵ ਲਾਉਂਦੇ ਹਨ; ਚੁੱਪ ਹੋ ਜਾਂਦੇ ਹਨ। ਆਖਹਿ–ਆਖਦੇ ਹਨ; ਗਾਉਂਦੇ ਹਨ; ਜਪਦੇ ਹਨ; ਵਖਿਆਨ ਕਰਦੇ ਹਨ। ਵੇਦ ਪਾਠ–ਵੇਦਾਂ ਦਾ ਪਾਠ ਕਰਨ ਵਾਲੇ ਪਾਠੀ। ਪੜੇ–ਪੜ੍ਹੇ ਹੋਏ ਵਿਦਵਾਨ (ਪੰਡਤ)। ਵਖਿਆਣ–ਉਪਦੇਸ਼; ਵਿਆਖਿਆ।

ਆਖਹਿ ਬਰਮੇ ਆਖਹਿ ਇੰਦ ॥ (ਕਈ) ਬਰ੍ਹਮਾ ਅਤੇ (ਕਈ) ਇੰਦ੍ਰ (ਆਦਿ ਦੇਵਤੇ ਨਿਰੰਕਾਰ ਨੂੰ ਜਪਦੇ) ਆਖਦੇ ਹਨ। ਬ੍ਰਹਮੇ ਤੁਧੁ ਧਿਆਇਨਿ, ਇੰਦ੍ਰ ਇੰਦ੍ਰਾਸਣਾ। ਸੰਕਰ ਬਿਸਨ ਅਵਤਾਰ, ਹਰਿ ਜਸੁ ਮੁਖਿ ਭਣਾ। (੫੧੮)

ਅੰਗ ੬ = ਆਖਹਿ ਗੋਪੀ ਤੈ ਗੋਵਿੰਦ ॥ (ਦੁਆਪਰ ਦੇ ਅਵਤਾਰ) ਕ੍ਰਿਸ਼ਨ ਜੀ ਅਤੇ (ਉਸ ਦੀਆਂ) ਗੋਪੀਆਂ (ਅਤੇ ਗੋਪ ਆਦਿ ਸਾਰੇ ਨਿਰੰਕਾਰ ਦਾ) ਵਖਿਆਨ (ਭਜਨ) ਕਰਦੇ ਹਨ। ਗਾਵਨਿ ਗੋਪੀਆ ਗਾਵਨਿ ਕਾਨ੍ਹ। (੪੬੫)

ਆਖਹਿ ਈਸਰ ਆਖਹਿ ਸਿਧ ॥ ਸ਼ਿਵ ਜੀ ਅਤੇ ਚੁਰਾਸੀ ਸਿੱਧ ਵੀ (ਨਿਰੰਕਾਰ ਦਾ ਹੀ) ਉਚਾਰਨ ਕਰਦੇ ਹਨ।

ਆਖਹਿ ਕੇਤੇ ਕੀਤੇ ਬੁਧ ॥ (ਨਿਰੰਕਾਰ ਦੇ) ਪੈਦਾ ਕੀਤੇ ਹੋਏ ਕਿੰਨੇ (ਅਨੇਕ) ਹੀ ਬੁੱਧ ਉਸ ਨੂੰ ਆਖਦੇ (ਸਿਮਰਦੇ) ਹਨ। ਚਉਰਾਸੀਹ ਸਿਧ ਬੁਧ, ਤੇਤੀਸ ਕੋਟਿ ਮੁਨਿ ਜਨ, ਸਭ ਚਾਹਹਿ ਹਰਿ ਜੀਉ ਤੇਰੋ ਨਾਉ। (੬੬੯)

ਆਖਹਿ ਦਾਨਵ ਆਖਹਿ ਦੇਵ ॥ (ਅਨੇਕ ਹੀ) ਦੈਂਤ ਉਸ ਨੂੰ ਜਪਦੇ ਹਨ ਅਤੇ (ਅਨੇਕ) ਦੇਵਤੇ ਵੀ ਉਸ ਨੂੰ ਜਪਦੇ ਹਨ।

ਆਖਹਿ ਸੁਰਿ ਨਰ ਮੁਨਿ ਜਨ ਸੇਵ ॥ ਦੇਵਤਾ ਗੁਣਾਂ ਵਾਲੇ ਮਨੁੱਖ, ਮੁਨੀ ਜਨ ਅਤੇ ਸੇਵਕ ਉਸ ਦਾ ਵਖਿਆਨ ਕਰਦੇ ਹਨ।

ਕੇਤੇ ਆਖਹਿ ਆਖਣਿ ਪਾਹਿ ॥ ਕਿੰਨੇ (ਅਨੇਕ) ਹੀ ਉਸ ਨੂੰ ਆਖਦੇ ਹਨ ਅਤੇ ਕਿਤਨੇ ਹੀ ਆਖਣ ਨੂੰ ਪੈਂਦੇ ਹਨ (ਆਖਣ ਦਾ ਜਤਨ ਕਰਦੇ ਹਨ)।

ਕੇਤੇ ਕਹਿ ਕਹਿ ਉਠਿ ਉਠਿ ਜਾਹਿ ॥ ਕਿੰਨੇ (ਅਨੇਕਾਂ) ਹੀ ਕਹਿ ਕਹਿ ਕੇ ਜਗਤ ਤੋਂ ਉਠ ਕੇ ਚਲੇ (ਮਰ) ਜਾਂਦੇ ਹਨ।

ਏਤੇ ਕੀਤੇ ਹੋਰਿ ਕਰੇਹਿ ॥ (ਨਿਰੰਕਾਰ ਨੇ) ਜਿਤਨੇ (ਉਪਰ ਗਿਣੇ ਹੋਏ ਬ੍ਰਹਮਾ, ਸ਼ਿਵ ਆਦਿਕ) ਪਹਿਲਾਂ ਪੈਦਾ ਕੀਤੇ ਹਨ, ਜੇ ਇਤਨੇ ਉਹ ਹੋਰ ਪੈਦਾ ਕਰ ਦੇਵੇ।

ਤਾ ਆਖਿ ਨ ਸਕਹਿ ਕੇਈ ਕੇਇ ॥ ਤਾਂ (ਪਿੱਛਲੇ ਅਤੇ ਹੋਰ ਪੈਦਾ ਹੋਣ ਵਾਲੇ ਸਾਰੇ ਮਿਲ ਕੇ) ਕੋਈ ਵੀ ਕਿਸੇ ਤਰ੍ਹਾਂ ਨਿਰੰਕਾਰ ਦਾ (ਜਸ ਪੂਰਨ ਤੌਰ ਤੇ) ਆਖ ਨਹੀਂ ਕਰ ਸਕਦੇ। ਕੀਮਤਿ ਕਿਨੈ ਨ ਪਾਈਆ, ਸਭਿ ਸੁਣਿ ਸੁਣਿ ਆਖਹਿ ਸੋਇ। ੫੩

ਜੇਵਡੁ ਭਾਵੈ ਤੇਵਡੁ ਹੋਇ ॥ ਜਿਤਨਾ ਵੱਡੇ ਵਿਸਥਾਰ ਵਾਲਾ ਨਿਰੰਕਾਰ ਬਣਨਾ ਚਾਹੁੰਦਾ ਹੈ, ਉਹ ਉਤਨਾ ਹੀ ਵੱਡਾ ਹੋ ਜਾਂਦਾ ਹੈ। ਤੂੰ ਸਚਾ ਸਾਹਿਬੁ ਅਤਿ ਵਡਾ, ਤੁਹਿ ਜੇਵਡੁ ਤੂੰ ਵਡ ਵਡੇ। ੩੧੭

ਨਾਨਕ ਜਾਣੈ ਸਾਚਾ ਸੋਇ ॥ ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਉਹ ਸੱਚਾ ਨਿਰੰਕਾਰ ਆਪ ਹੀ ਜਾਣਦਾ ਹੈ (ਕਿ ਉਹ ਕਿੰਨਾ ਵੱਡਾ ਹੈ)। ਜੇਵਡੁ ਆਪਿ ਜਾਣੈ ਆਪਿ ਆਪਿ। ੫

ਜੇ ਕੋ ਆਖੈ ਬੋਲੁ ਵਿਗਾੜੁ ॥ ਜੇ ਕੋਈ ਬਕਵਾਸ ਕਰਨ ਵਾਲਾ ਮਨੁੱਖ ਆਖਦਾ ਹੈ (ਕਿ ਉਹ ਜਾਣਦਾ ਹੈ ਕਿ ਨਿਰੰਕਾਰ ਕਿੰਨਾ ਵੱਡਾ ਹੈ?) {ਬੋਲ ਵਿਗਾੜ ਮੂਰਖ ਭੇਡਾਖਾ (ਭਾ. ਗੁ. ਵਾਰ ੩੨–੧੨)} ਭਾਵ ਬੋਲ ਵਿਗਾੜਨ ਵਾਲਾ ਮੂਰਖ ਭੇਡ ਦੀਆਂ ਅੱਖਾਂ ਵਾਲਾ ਹੈ, ਅਪਣੀ ਅਕਲ ਤੋਂ ਕੰਮ ਨਹੀਂ ਲੈਂਦਾ, ਭੇਡ ਚਾਲ ਵਾਂਙੂ ਲਾਈ ਲੱਗ ਹੋ ਤੁਰਿਆ ਰਹਿੰਦਾ ਹੈ।

ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ ॥੨੬॥ ਤਾਂ ਉਹ ਮਨੁੱਖ ਮੂਰਖਾਂ ਦਾ ਸ਼੍ਰੋਮਣੀ ਮੂਰਖ ਲਿਖਿਆ ਜਾਂਦਾ ਹੈ। ਝਗੜਿ ਕਰਤ ਸਾਕਤ ਗਾਵਾਰਾ। (੨੬੦)। ਭਾਵ ਸਾਕਤ ਲੋਕ ਮੂਰਖ ਹਨ, ਜੋ ਫਜੂਲ ਝਗੜਾ ਕਰਦੇ ਹਨ।੨੬।

ਪਦਾਰਥ = ਆਖਹਿ–ਆਖਦੇ ਹਨ। ਬਰਮੇ–(ਕਈ) ਬਰ੍ਹਮੇ। ਇੰਦ–(ਅਨੇਕਾਂ) ਇੰਦ੍ਰ। ਗੋਪੀ–(ਗੁਆਲਿਆਂ ਦੀਆਂ) ਗੋਪੀਆਂ। ਤੈ–ਅਤੇ

।ਗੋਵਿੰਦ-(ਕਈ) ਕ੍ਰਿਸ਼ਨ।ਈਸਰ-ਸ਼ਿਵ ਜੀ।ਸਿਧ-ਰਿਧੀਆਂ ਸਿਧੀਆਂ ਵਾਲੇ ਚੁਰਾਸੀ ਸਿੱਧ।ਕੇਤੇ-ਕਿਤਨੇ ਹੀ; ਬਿਅੰਤ।ਕੀਤੇ-ਪੈਦਾ ਕੀਤੇ ਹੋਏ।ਬੁਧ-ਮਹਾਤਮਾ ਬੁੱਧ; ਚੰਦ੍ਰਮਾ ਦਾ ਲੜਕਾ ਬੁੱਧ; ਬੁੱਧੀਵਾਨ।ਦਾਨਵ-ਦੈਂਤ; ਰਾਖਸ਼।ਦੇਵ-ਦੇਵਤੇ।ਸੁਰਿ ਨਰ-ਦੈਵੀ ਗੁਣਾਂ ਵਾਲੇ ਮਨੁੱਖ; ਮਹਾਤਮਾ।ਮੁਨਿ ਜਨ-ਮੁਨੀ ਲੋਕ; ਨਾਰਦ ਮੁਨੀ; ਮੋਨ ਧਾਰੀ।ਸੇਵ-ਸੇਵਕ; ਸ਼ੈਵ ਮੱਤ ਵਾਲੇ।ਆਖਣਿ ਪਾਹਿ-ਆਖਣ ਨੂੰ ਪੈਂਦੇ ਹਨ ਭਾਵ ਕਹਿਣ ਦਾ ਜਤਨ ਕਰਦੇ ਹਨ।ਉਠਿ ਉਠਿ ਜਾਹਿ-ਸੰਸਾਰ ਤੋਂ ਉਠ ਚਲੇ ਜਾਂਦੇ ਹਨ।ਏਤੇ ਕੀਤੇ-ਇਤਨੇ ਪੈਦਾ ਕੀਤੇ ਹੋਏ।ਹੋਰਿ ਕਰੇਹਿ-ਹੋਰ ਪੈਦਾ ਕਰ ਦੇਵੇ।ਕੇਈ ਕੇਇ-ਕੋਈ (ਮਨੁੱਖ) ਕਿਸੇ ਤਰ੍ਹਾਂ ਵੀ।ਜੇਵਡੁ-ਜਿਤਨਾ ਵੱਡਾ।ਭਾਵੈ-ਚਾਹੁੰਦਾ ਹੈ।ਤੇਵਡੁ-ਉਤਨਾ ਵੱਡਾ।ਸਾਚਾ-ਸੱਚਾ ਨਿਰੰਕਾਰ।ਸੋਇ-ਉਹ ਹੀ।ਜੇ ਕੋ-ਜੇ ਕੋਈ (ਮਨੁੱਖ)।ਬੋਲੁ ਵਿਗਾੜੁ-ਬੜਬੋਲਾ; ਬਕਵਾਸ ਕਰਨ ਵਾਲਾ ਮਨੁੱਖ।ਲਿਖੀਐ-ਲਿਖਿਆ (ਗਿਣਿਆ) ਜਾਂਦਾ ਹੈ।ਸਿਰਿ-ਸ਼੍ਰੋਮਣੀ; ਮਹਾਂ; ਵੱਡਾ।ਗਾਵਾਰਾ ਗਾਵਾਰੁ-ਮੂਰਖਾਂ ਦਾ ਮੂਰਖ; ਮੂਰਖਾਂ ਦੇ ਸਿਰ ਮੂਰਖ ਭਾਵ ਮਹਾਂ ਮੂਰਖ।੨੬।

ਵਿਆਖਿਆ = ਪਹਾੜਾਂ ਤੇ ਪੱਥਰਾਂ ਦੀਆਂ ਗੀਟੀਆਂ ਦਾ ਕੋਈ ਮੁੱਲ ਨਹੀਂ ਪੈਂਦਾ, ਓਥੇ ਉਹ ਬਿਨਾ ਮੁੱਲ ਤੋਂ ਹੀ ਮਿਲ ਜਾਂਦੀਆਂ ਹਨ, ਇਕ ਤਾਂ ਅਮੁੱਲ ਦਾ ਬੇ ਕੀਮਤ ਹੋਣਾ ਅਰਥ ਹੋ ਗਿਆ।ਦੂਜੇ ਹੀਰਾ, ਸੋਨੇ ਚਾਂਦੀ ਆਦਿ ਕੀਮਤੀ ਵਸਤੂਆਂ ਤੋਂ ਜਿਆਦਾ ਕੀਮਤੀ ਹੈ, ਇਸ ਕਰਕੇ ਹੀਰੇ ਨੂੰ ਵੀ ਅਮੁੱਲ ਕਹਿ ਸਕਦੇ ਹਾਂ।ਜੰਗਲਾਂ ਵਿਚ ਮਹਿਕ ਵਾਲੇ ਫੁੱਲਾਂ ਦੀ ਕੋਈ ਕੀਮਤ ਨਹੀਂ, ਕਿਉਂਕਿ ਉਥੇ ਫੁੱਲ ਸੁੱਕ ਕੇ ਝੜ ਜਾਂਦੇ ਹਨ ਅਤੇ ਮਿੱਟੀ ਵਿਚ ਮਿਲ ਜਾਂਦੇ ਹਨ।ਇਸੇ ਤਰ੍ਹਾਂ ਦੇ ਫੁੱਲ ਮਾਲੀ ਬਾਗ ਵਿਚ ਲਾਉਂਦਾ ਹੈ ਅਤੇ ਬਜਾਰ ਵਿਚ ਵੇਚ ਕੇ ਮੁੱਲ ਵੱਟ ਲੈਂਦਾ ਹੈ, ਇਥੇ ਫੁੱਲਾਂ ਦੀ ਕੀਮਤ ਪੈ ਗਈ।ਉਂਝ ਵੀ ਪਹਾੜਾਂ ਵਿਚ ਵਿਚਰਦਿਆਂ ਝਰਨਿਆਂ ਦੀ ਗੂੰਜ ਅਤੇ ਹੋਰ ਅਦਭੁਤ ਨਜਾਰੇ ਦੇਖਦੇ ਹਾਂ, ਤਾਂ ਕਾਦਰ ਦੀ ਕੁਦਰਤ ਨੂੰ ਦੇਖ ਕੇ ਮਨ ਵਾਹ ਵਾਹ ਕਹਿ ਉਠਦਾ ਹੈ।ਨਿਰੰਕਾਰ ਦੇ ਗੁਣ ਅਤੇ ਉਸ ਦੀਆਂ ਹੋਰ ਦਾਤਾਂ ਦੇਖ ਕੇ ਮਨ ਆਪ ਮੁਹਾਰੇ ਆਖਦਾ ਹੈ 'ਬਲਿਹਾਰੀ ਕੁਦਰਤਿ ਵਸਿਆ।ਤੇਰਾ ਅੰਤੁ ਨ ਜਾਈ ਲਖਿਆ ੪੬੯', ਇਸ ੨੬ ਵੀਂ ਪਉੜੀ ਵਿਚ ਅਮੁੱਲ ਦੇ ਅਸਲੀ ਇਹੋ ਹੀ ਅਰਥ ਹਨ {ਹਰਿ ਆਪਿ ਅਮੁਲਕ ਹੈ, ਮੁਲ ਨ ਪਾਇਆ ਜਾਇ ੯੨੧}। ਅਸਲ ਵਿਚ ਮੁੱਲ ਦਾ ਸਬੰਧ ਸੰਸਾਰ ਨਾਲ ਹੈ, ਇਥੇ ਹਰ ਚੀਜ ਮੁੱਲ ਦੇ ਕੇ ਖਰੀਦੀ ਜਾ ਸਕਦੀ ਹੈ।ਧਰਮ ਮੰਡਲ ਵਿਚ ਕੋਈ ਵੀ ਚੀਜ ਮੁੱਲ ਦੇ ਕੇ ਨਹੀਂ ਖਰੀਦੀ ਜਾ ਸਕਦੀ।ਅਸੀਂ ਪੈਸੇ ਦੇ ਕੇ ਲੰਗਰ ਕਰਾ ਸਕਦੇ ਹਾਂ, ਕੀਰਤਨ ਦਰਬਾਰ ਕਰਾ ਸਕਦੇ ਹਾਂ, ਅਖੰਡ ਪਾਠ ਕਰਾ ਸਕਦੇ ਹਾਂ, ਪਰ ਸ਼ੁੱਭ ਗੁਣ, ਸਹਿਨਸ਼ੀਲਤਤਾ, ਸਤ ਸੰਤੋਖ, ਦਇਆ, ਧੀਰਜ ਆਦਿ ਪੈਸੇ ਨਾਲ ਨਹੀ ਖ੍ਰੀਦੇ ਜਾ ਸਕਦੇ।

ਕੰਚਨ ਸਿਉ ਪਾਈਐ ਨਹੀ ਤੋਲਿ।ਮਨੁ ਦੇ ਰਾਮ ਲੀਆ ਹੈ ਮੋਲਿ। (੩੨੭)

ਮਨ ਅਰਪਣ ਕਰਨ ਤੋਂ ਭਾਵ ਹੈ ਮਨ ਦੀਆਂ ਬੁਰਿਆਈਆਂ ਰੱਬ ਅੱਗੇ ਰੱਖ ਦੇਈਏ, ਇਨ੍ਹਾਂ ਦੇ ਵੱਟੇ ਰੱਬ ਸਾਨੂੰ ਸਾਰੇ ਚੰਗੇ ਗੁਣ ਬਖਸ਼ ਦੇਂਦਾ ਹੈ।ਜਦ ਰੱਬੀ ਗੁਣ ਸਾਡੇ ਵਿਚ ਆ ਗਏ ਤਾਂ ਸਾਡੇ ਤੇ ਰੱਬ ਵਿਚ ਅੰਤਰ ਨਹੀਂ ਰਹਿ ਜਾਂਦਾ {ਨਾਨਕ ਬ੍ਰਹਮ ਗਿਆਨੀ ਆਪਿ ਪ੍ਰਮੇਸੁਰ ੨੭੩}।ਵੇਦ, ਪੁਰਾਣ, ਬ੍ਰਹਮਾ, ਇੰਦਰ, ਕ੍ਰਿਸ਼ਨ ਅਤੇ ਗੋਪੀਆਂ, ਸ਼ਿਵ ਜੀ, ਚੁਰਾਸੀ ਸਿੱਧ ਅਤੇ ਹੋਰ ਬਹੁਤ ਸਾਰੇ ਦੇਵੀ ਦੇਵਤੇ ਨਿਰੰਕਾਰ ਦਾ ਵਖਿਆਨ ਤਾਂ ਕਰਦੇ ਹਨ, ਪਰ ਉਸ ਦਾ ਪੂਰਨ ਰੂਪ ਨਹੀਂ ਕਥਨ ਕਰ ਸਕਦੇ।

ਕੋਇ ਨ ਜਾਣੈ, ਤੇਰਾ ਕੇਤਾ ਕੇਵਡੁ ਚੀਰਾ। (੩੪੯)

'ਅਮੁਲ ਗੁਣ' ਤੋਂ 'ਅਮੁਲੁ ਫੁਰਮਾਣੁ' ਤਕ ਸੰਪ੍ਰਦਾਈ ਵਿਦਵਾਨਾਂ ਨੇ ਹੇਠ ਲਿਖੇ ਅਰਥ ਵੀ ਕੀਤੇ ਹਨ ਃ-

ਅਮੋਲਕ ਹਨ ਉਹ ਗੁਣ (ਜੋ ਪ੍ਰਮਾਤਮਾ ਦੇ ਪਿਆਰੇ ਸੰਤਾਂ ਵਿਚ ਹਨ ਅਤੇ ਨਾਮ ਜਪਣਾ ਅਤੇ ਹੋਰਨਾਂ ਤੋਂ ਜਪਾਉਣਾ ਸੰਤਾਂ ਦਾ) ਵਾਪਾਰ ਵੀ ਅਮੋਲਕ ਹੈ।(ਪ੍ਰਮਾਤਮਾ ਨੂੰ ਮਿਲਣ ਦੀ ਇੱਛਾ ਵਾਲੇ, ਸੰਸਾਰੀ ਸੁੱਖ ਦੇ ਤਿਆਗੀ ਤੇ ਨਾਮ ਧਨ ਦੇ) ਵਪਾਰੀ ਸੰਤ ਅਮੋਲਕ ਹਨ, {ਹਰਿ ਕੇ ਨਾਮ ਕੇ ਬਿਆਪਾਰੀ ੧੧੨੩} (ਦੈਵੀ ਗੁਣਾਂ ਨਾਲ ਭਰਿਆ ਉਨ੍ਹਾਂ ਦਾ ਹਿਰਦਾ ਰੂਪ) ਭੰਡਾਰ ਵੀ ਅਮੋਲਕ ਹੈ।(ਸੰਤਾਂ ਦੀ ਸੰਗਤ ਵਿਚ ਜਿਹੜੇ) ਆਉਂਦੇ ਹਨ, ਉਹ ਅਮੋਲਕ ਹਨ (ਅਤੇ ਸੰਤਾਂ ਤੋਂ ਜੀਵਨ ਜਾਚ ਸਿੱਖ ਕੇ) ਜਾਂਦੇ ਹਨ ਉਹ ਵੀ ਅਮੋਲਕ ਹਨ।(ਜਗਿਆਸੂਆਂ ਨਾਲ ਸੰਤਾਂ ਦਾ) ਪ੍ਰੇਮ ਅਮੋਲਕ ਹੈ (ਅਤੇ ਜਿਹੜੇ ਪ੍ਰਭੂ ਵਿਚ) ਲੀਨ ਹੁੰਦੇ ਹਨ, ਉਹ ਵੀ ਅਮੋਲਕ ਹਨ।(ਸੰਤਾਂ ਦਾ) ਧਰਮ ਅਮੋਲਕ ਹੈ {ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ ੬੨੨} ਅਤੇ ਸੰਤ ਸਭਾ (ਦੀਬਾਣੁ) ਵੀ ਅਮੋਲਕ ਹੈ।(ਜਗਿਆਸੂ ਨੂੰ ਪਰਖਣ ਵਾਲੀ ਸੰਤਾਂ ਦੀ) ਬੁੱਧੀ ਰੂਪ ਤੱਕੜੀ ਅਮੋਲਕ ਹੈ ਅਤੇ ਵਿਚਾਰ ਰੂਪ ਵੱਟਾ ਵੀ ਅਮੋਲਕ ਹੈ। (ਸੰਤਾਂ ਦੀ) ਬਖਸ਼ਿਸ਼ ਅਮੋਲਕ ਹੈ, ਬਖਸ਼ਿਸ਼ ਦਾ ਚਿਨ੍ਹ ਵੀ ਅਮੋਲਕ ਹੈ।(ਸੰਤਾਂ ਦੀ) ਕਿਰਪਾ ਅਮੋਲਕ ਹੈ ਅਤੇ ਹੁਕਮ ਵੀ ਅਮੋਲਕ ਹੈ।ਜਿਸ ਪ੍ਰਭੂ ਦੀ ਭਗਤੀ ਕਰ ਕੇ ਸੰਤ ਅਮੋਲਕ ਹੋਏ ਹਨ, ਉਹ ਕਿਹੋ ਜਿਹਾ ਹੈ? ਅਗਲੇ ਅਰਥ ਉਪਰ ਲਿਖੇ ਅਨੁਸਾਰ ਹੀ ਹਨ।

## ॥ ਸਤਾਈਵੀਂ ਪਉੜੀ ॥

ਸੋ ਦਰੁ ਕੇਹਾ ਸੋ ਘਰੁ ਕੇਹਾ, ਜਿਤੁ ਬਹਿ ਸਰਬ ਸਮਾਲੇ ॥ (ਹੇ ਨਿਰੰਕਾਰ! ਤੇਰਾ) ਉਹ ਦਰਵਾਜਾ ਕਿਹੋ ਜਿਹਾ ਹੈ ਅਤੇ ਉਹ ਘਰ ਕਿਹੋ ਜਿਹਾ ਹੈ, ਜਿਥੇ ਬੈਠ ਕੇ ਤੂੰ ਸਾਰਿਆਂ (ਜੀਵਾਂ) ਦੀ ਸੰਭਾਲ ਕਰਦਾ ਹੈਂ। ਜਿਤੁ ਦਰਿ ਵਸਹਿ ਕਵਨੁ ਦਰੁ ਕਹੀਐ, ਦਰਾ ਭੀਤਰਿ ਦਰੁ ਕਵਨੁ ਲਹੈ।ਜਿਸੁ ਦਰ ਕਾਰਣਿ ਫਿਰਾ ਉਦਾਸੀ, ਸੋ ਦਰੁ ਕੋਈ ਆਇ ਕਹੈ।(੮੭੭); ਅਹਿਨਿਸਿ ਜੀਆ ਦੇਖਿ ਸਮਾਲੇ, ਤਿਸ

ਹੀ ਕੀ ਸਰਕਾਰਾ। (੧੩੩੧)

ਵਾਜੇ ਨਾਦ ਅਨੇਕ ਅਸੰਖਾ, ਕੇਤੇ ਵਾਵਣਹਾਰੇ ॥ (ਤੇਰੇ ਦਰ ਤੇ) ਬੇਸ਼ੁਮਾਰ (ਸੰਗੀਤਕ ਸਾਜ) ਵਾਜੇ ਅਤੇ ਅਣਗਿਣਤ ਰਾਗ ਹਨ, (ਜੋ ਬਿਅੰਤ ਪ੍ਰਕਾਰ ਦੀਆਂ ਧੁਨਾਂ ਨਾਲ ਵਜ ਰਹੇ ਹਨ) ਅਤੇ ਕਿਤਨੇ ਹੀ (ਉਨ੍ਹਾਂ ਵਾਜਿਆਂ ਨੂੰ) ਵਜਾਉਣ ਵਾਲੇ ਹਨ। ਦਰਿ ਵਾਜਹਿ ਅਨਹਤ ਵਾਜੇ ਰਾਮ। (੫੭੮); ਰਾਗ ਨਾਦ ਸੰਗੀਤ ਲਖ, ਅਨਹਦ ਧੁਨਿ, ਸੁਣਿ ਸੁਣਿ ਗਾਵਹਿ। (ਭਾ. ਗੁ. ੨੩-੧੧)

ਕੇਤੇ ਰਾਗ ਪਰੀ ਸਿਉ ਕਹੀਅਨਿ, ਕੇਤੇ ਗਾਵਣਹਾਰੇ ॥ ਕਿਤਨੇ ਹੀ ਰਾਗ, ਰਾਗਣੀਆਂ ਸਮੇਤ ਕਹੇ (ਗਾਏ) ਜਾਂਦੇ ਹਨ ਜਾਂ ਕਿੰਨੇ ਹੀ ਰਾਗ ਅਪਣੀਆਂ ਰਾਗਣੀਆਂ ਸਣੇ (ਤੇਰਾ ਜਸ) ਗਾਉਂਦੇ ਹਨ ਅਤੇ ਕਿਤਨੇ ਹੀ (ਉਨ੍ਹਾਂ) ਰਾਗ ਰਾਗਣੀਆਂ ਨੂੰ ਗਾਉਣ ਵਾਲੇ ਹਨ। ਰਾਗ ਰਤਨ ਪਰਵਾਰ ਪਰੀਆ, ਸਬਦ ਗਾਵਣ ਆਈਆ। (੯੧੭); ਰਾਗ ਰਾਗਨੀ ਮੰਗਲ ਗਾਇਆ (ਭਾ. ਗੁ. ੧-੩੭)

ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ, ਗਾਵੈ ਰਾਜਾ ਧਰਮੁ ਦੁਆਰੇ ॥ (ਹੇ ਨਿਰੰਕਾਰ! ਤੇਰੇ ਦਰ ਤੇ) ਪੌਣ, ਪਾਣੀ ਅਤੇ ਅੱਗ ਤੈਨੂੰ (ਤੇਰਾ ਜਸ) ਗਾ ਰਹੇ ਹਨ ਅਤੇ ਧਰਮ ਰਾਜਾ ਵੀ ਤੇਰੇ ਦੁਆਰੇ (ਅੱਗੇ ਖੜਾ ਤੇਰਾ ਜਸ) ਗਾ ਰਿਹਾ ਹੈ।

ਪਉਣੁ ਪਾਣੀ ਬੈਸੰਤਰੋ ਮੇਰੀ ਜਿੰਦੜੀਏ, ਨਿਤ ਹਰਿ ਹਰਿ ਹਰਿ ਜਸੁ ਗਾਵੈ ਰਾਮ। (੫੪੦)

ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ, ਲਿਖਿ ਲਿਖਿ ਧਰਮੁ ਵੀਚਾਰੇ ॥ ਚਿਤ੍ਰ ਗੁਪਤ ਵੀ ਤੇਰਾ ਜਸ ਗਾ ਰਹੇ ਹਨ, ਜਿਹੜੇ (ਜੀਵਾਂ ਦੇ ਕਰਮਾਂ ਦੇ ਖਾਤੇ) ਲਿਖਣ ਜਾਣਦੇ ਹਨ ਤੇ (ਜਿਨ੍ਹਾਂ ਦੇ) ਲਿਖੇ ਹੋਏ (ਲੇਖ ਜੀਵਾਂ ਦੇ ਕਰਮਾਂ ਦਾ ਹਿਸਾਬ ਨਿਆਂ ਕਰਨ ਲਈ) ਧਰਮ ਰਾਇ ਵਿਚਾਰ ਕਰਦਾ ਹੈ (ਕਿ ਠੀਕ ਲਿਖ ਕੇ ਲਿਆਏ ਹਨ ਜਾਂ ਗਲਤ)।

ਚਿਤ੍ਰ ਗੁਪਤੁ ਸਭ ਲਿਖਤੇ ਲੇਖਾ ੩੯੩; ਚਿਤ ਗੁਪਤ ਕਰਮਹਿ ਜਾਨ। (੮੩੮)

ਗਾਵਹਿ ਈਸਰੁ ਬਰਮਾ ਦੇਵੀ, ਸੋਹਨਿ ਸਦਾ ਸਵਾਰੇ ॥ ਸ਼ਿਵ, ਬ੍ਰਹਮਾ ਅਤੇ (ਇਨ੍ਹਾਂ ਦੀਆਂ) ਦੇਵੀਆਂ ਤੈਨੂੰ ਗਾ ਰਹੇ ਹਨ, ਜੋ ਤੇਰੇ ਸਜਾਏ ਹੋਏ (ਤੇਰੇ ਦਰ ਤੇ ਜਾਂ ਆਪੋ ਅਪਣੀ ਜਗ੍ਹਾ) ਸਦਾ ਸੋਭ ਰਹੇ ਹਨ।

ਸੰਕਰਿ ਬ੍ਰਹਮੈ ਦੇਵੀ ਜਪਿਓ, ਮੁਖਿ ਹਰਿ ਹਰਿ ਨਾਮੁ ਜਪਿਆ। (੯੯੫)

ਗਾਵਹਿ ਇੰਦ ਇਦਾਸਣਿ ਬੈਠੇ, ਦੇਵਤਿਆ ਦਰਿ ਨਾਲੇ ॥ ਅਨੇਕ ਇੰਦਰ ਅਪਣੀ ਇੰਦਰ ਪਦਵੀ ਦੇ ਆਸਣਾਂ ਤੇ ਬੈਠੇ ਹੋਰ ਦੇਵਤਿਆਂ ਸਮੇਤ (ਤੇਰੇ) ਦਰ ਉਤੇ (ਤੇਰਾ ਜਸ) ਗਾ ਰਹੇ ਹਨ। ਬ੍ਰਹਮੇ ਤੁਧੁ ਧਿਆਇਨਿ, ਇੰਦ੍ਰ ਇੰਦਾਸਣਾ ੫੧੮; ਕੋਟਿ ਇੰਦ੍ਰ ਠਾਢੇ ਹੈ ਦੁਆਰ। (੧੧੫੬)। 'ਦੇਵਤਿਆ ਦਰਿ ਨਾਲੇ' ਦਾ ਦੂਜਾ ਅਰਥ = ਦੇਵਤਿਆਂ ਦੇ ਦਲ ਨਾਲ ਰਲ ਕੇ ਤੇਰਾ ਜਸ ਗਾਉਂਦੇ ਹਨ।

ਕੋਟਿ ਇੰਦ੍ਰ ਅਨੇਕ ਦੇਵਾ, ਜਪਤ ਸੁਆਮੀ ਜੈ ਜੈ ਕਾਰ। (੪੫੫)

ਗਾਵਹਿ ਸਿਧ ਸਮਾਧੀ ਅੰਦਰਿ, ਗਾਵਨਿ ਸਾਧ ਵਿਚਾਰੇ ॥ (ਹੇ ਨਿਰੰਕਾਰ! ਤੇਰਾ ਜਸ) ਸਮਾਧੀਆਂ ਅੰਦਰ ਲੀਨ (ਚੁਰਾਸੀ) ਸਿਧ ਗਾ ਰਹੇ ਹਨ ਅਤੇ ਹੋਰ ਸਾਧੂ ਵੀ (ਨਾਮ ਬਾਣੀ ਦੀ) ਵਿਚਾਰ ਦੁਆਰਾ ਗਾ ਰਹੇ ਹਨ।

ਗਾਵਨਿ ਜਤੀ ਸਤੀ ਸੰਤੋਖੀ, ਗਾਵਹਿ ਵੀਰ ਕਰਾਰੇ ॥ ਸੀਲ ਸੰਜਮ, ਸੱਚ ਵਿਚ ਵਿਚਰਨ ਵਾਲੇ ਅਤੇ ਸੰਤੋਖ ਵਾਲੇ ਪੁਰਖ (ਤੇਰਾ ਜਸ) ਗਾ ਰਹੇ ਹਨ, ਬਲਵਾਨ ਜੁਝਾਰੂ ਪੁਰਖ (ਜਾਂ ਤਕੜੇ ੫੨ ਬੀਰ) ਵੀ (ਤੇਰਾ ਜਸ) ਗਾਉਂਦੇ ਹਨ।

ਗਾਵਨਿ ਪੰਡਿਤ ਪੜਨਿ ਰਖੀਸਰ, ਜੁਗੁ ਜੁਗੁ ਵੇਦਾ ਨਾਲੇ ॥ ਵਿਦਵਾਨ ਪੰਡਤ ਅਤੇ ਵੱਡੇ ਵੱਡੇ ਰਿਖੀ ਮੁਨੀ (ਜੋ ਵੇਦਾਂ ਨੂੰ) ਪੜ੍ਹਦੇ ਹਨ ਅਤੇ ਹਰੇਕ ਜੁਗ ਅਪਣੇ ਅਪਣੇ ਵੇਦ ਨਾਲ (ਤੇਰਾ ਜਸ) ਗਾ ਰਹੇ ਹਨ (ਕਿਉਂਕਿ ਹਰੇਕ ਜੁਗ ਦਾ ਵੱਖਰਾ ਵੇਦ ਮੰਨਿਆ ਹੈ, ਦੇਖੋ ਆਸਾ ਦੀ ਵਾਰ ਦੀ ੧੩ ਵੀਂ ਪਉੜੀ ਦੇ ਸਲੋਕ ਅਤੇ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ। ਸਤਜੁਗ ਦਾ ਵੇਦ ਰਿਗ, ਤ੍ਰੇਤੇ ਦਾ ਸ਼ਾਮ ,ਦੁਆਪਰ ਦਾ ਯੁਜਰ ਅਤੇ ਕਲਜੁਗ ਦਾ ਅਥਰਬਣ)।

ਗਾਵਹਿ ਮੋਹਣੀਆ ਮਨੁ ਮੋਹਨਿ, ਸੁਰਗਾ ਮਛ ਪਇਆਲੇ ॥ ਸਵੱਰਗ, ਮਾਤ ਅਤੇ ਪਤਾਲ ਤਿੰਨਾਂ ਲੋਕਾਂ ਦੀਆਂ ਸੁੰਦਰ ਇਸਤ੍ਰੀਆਂ, ਜੋ ਮਨੁੱਖ ਦੇ ਮਨ ਨੂੰ ਮੋਹ ਲੈਣ ਵਾਲੀਆਂ ਹਨ, (ਉਹ ਵੀ ਤੇਰਾ ਜਸ) ਗਾਉਂਦੀਆਂ ਹਨ।

ਪਦਾਰਥ = ਸੋ-ਉਹ। ਦਰ-ਦਰਵਾਜਾ; ਦੁਆਰ। ਕੇਹਾ-ਕਿਹੋ ਜਿਹਾ; ਬੜਾ ਅਸਚਰਜ। ਜਿਤ-ਜਿਥੇ। ਬਹਿ-ਬੈਠ ਕੇ। ਸਰਬ-ਸਾਰੇ ਜੀਵਾਂ ਦੀ। ਸਮਾਲੇ-ਸੰਭਾਲ ਕਰਦਾ ਹੈਂ। ਵਾਜੇ-ਵਜਦੇ ਹਨ। ਨਾਦ-ਵਾਜੇ, ਰਾਗ; ਸ਼ਬਦ; ਅਵਾਜ। ਅਸੰਖਾ-ਅਣਗਿਣਤ। ਕੇਤੇ-ਕਿਤਨੇ ਹੀ। ਵਾਵਣਹਾਰੇ-ਵਜਾਉਣ ਵਾਲੇ। ਪਰੀ ਸਿਉ-ਰਾਗਣੀਆਂ ਸਮੇਤ। ਕਹੀਅਨਿ-ਕਹੇ (ਗਾਏ) ਜਾਂਦੇ ਹਨ। ਤੁਹਨੋ-ਤੈਨੂੰ। ਬੈਸੰਤਰੁ-ਅੱਗ। ਰਾਜਾ ਧਰਮੁ-ਧਰਮਰਾਜਾ। ਦੁਆਰੇ-(ਤੇਰੇ) ਦਰ ਤੇ। ਚਿਤ ਗੁਪਤ-ਧਰਮਰਾਜ ਦੇ ਮੁਨਸ਼ੀ ਚਿਤ੍ਰ ਗੁਪਤ, ਜੋ ਜੀਵਾਂ ਦੇ ਕਰਮਾਂ ਨੂੰ ਲਿਖਦੇ ਹਨ; ਗੁਪਤ ਚਿਤਰਾਂ ਰਾਹੀਂ ਜੀਵਾਂ ਦੇ ਕਰਮਾਂ ਨੂੰ ਲਿਖਣ ਵਾਲੇ। ਲਿਖਿ ਲਿਖਿ-ਲਿਖ ਲਿਖ ਕੇ ਭਾਵ ਲਿਖੇ ਹੋਏ ਲੇਖ। ਧਰਮੁ-ਧਰਮ ਰਾਜਾ। ਵਿਚਾਰੇ-ਵਿਚਾਰਦਾ ਹੈ। ਈਸਰ-ਸ਼ਿਵ ਜੀ। ਬਰਮਾ-ਬ੍ਰਹਮਾ। ਦੇਵੀ-ਦੇਵੀਆਂ। ਸੋਹਨਿ-ਸੋਭਦੇ ਹਨ; ਸੋਹਣੇ ਲਗਦੇ ਹਨ। ਸਵਾਰੇ-ਸਜਾਏ (ਪੈਦਾ ਕੀਤੇ) ਹੋਏ। ਇੰਦ-ਇੰਦਰ ਦੇਵਤਾ। ਇੰਦਾਸਣਿ-ਇੰਦ੍ਰ ਦੇ ਆਸਣ ਉਤੇ। ਦਰਿ-ਦਰ ਤੇ; ਦਲ। ਨਾਲੇ-ਨਾਲ; ਸਮੇਤ। ਸਿਧ-ਸਿੱਧੀ ਨੂੰ ਪ੍ਰਾਪਤ ਹੋਏ ਜੋਗੀ। ਵਿਚਾਰੇ-ਵਿਚਾਰ ਦੁਆਰਾ। ਜਤੀ-ਕਾਮ ਵਾਸ਼ਨਾ ਤੋਂ ਰਹਿਤ ਸਾਧੂ। ਸਤੀ-ਸਤਵਾਦੀ; ਸੱਚ

ਵਿਚ ਵਿਚਰਨ ਵਾਲੇ।ਵੀਰ-ਜੋਧੇ।ਕਰਾਰੇ-ਤਕੜੇ; ਹਠੀਲੇ; ਨਿਧੜਕ।ਪੜਨਿ-ਪੜ੍ਹਦੇ ਹਨ; ਪੜ੍ਹਨ ਵਾਲੇ ਵਿਦਿਆਰਥੀ।ਰਖੀਸਰ-ਵੱਡੇ ਵੱਡੇ ਰਿਸ਼ੀ।ਜੁਗੁ ਜੁਗੁ-ਜੁਗੋ ਜੁਗ; ਹਰੇਕ ਜੁਗ।ਨਾਲੇ-ਨਾਲ; ਸਮੇਤ।ਮੋਹਣੀਆ-ਸੁੰਦਰ ਇਸਤ੍ਰੀਆਂ।ਮਨੁ ਮੋਹਨਿ-ਮਨ ਨੂੰ ਮੋਹ ਲੈਣ ਵਾਲੀਆਂ।ਸੁਰਗਾ-ਸਵੱਰਗ ਦੀਆਂ।ਮਛ-ਧਰਤੀ; ਮਾਤ ਲੋਕ।ਪਇਆਲੇ-ਪਤਾਲ ਵਿਚ।

ਗਾਵਨਿ ਰਤਨ ਉਪਾਏ ਤੇਰੇ, ਅਠਸਠਿ ਤੀਰਥ ਨਾਲੇ ॥ ਤੇਰੇ ਪੈਦਾ ਕੀਤੇ ਹੋਏ (ਚੌਦਾਂ) ਰਤਨ, ਨਾਲ ਹੀ ਅਠਾਹਟ ਤੀਰਥ ਤੇਰਾ ਹੀ ਜਸ ਗਾ ਰਹੇ ਹਨ।ਰਤਨ ਉਪਾਇ ਧਰੇ ਖੀਰੁ ਮਥਿਆ, ਹੋਰਿ ਭਖਲਾਏ ਜਿ ਅਸੀ ਕੀਆ। (੩੫੧)

ਗਾਵਹਿ ਜੋਧ ਮਹਾਬਲ ਸੂਰਾ, ਗਾਵਹਿ ਖਾਣੀ ਚਾਰੇ ॥ ਬਹੁਤ ਬਲਵਾਨ ਸੂਰਵੀਰ ਜੋਧੇ ਤੈਨੂੰ ਗਾਉਂਦੇ ਹਨ ਤੇ ਚਾਰੇ ਖਾਣੀਆਂ (ਅੰਡਜ, ਜੇਰਜ, ਸੇਤਜ ਅਤੇ ਉਤਭੁਜ) ਤੈਨੂੰ ਗਾਉਂਦੀਆਂ ਹਨ; ਚਾਰੇ ਖਾਣੀਆਂ ਦੇ ਜੀਵ ਜੰਤ ਤੈਨੂੰ ਗਾਉਂਦੇ ਹਨ।

ਗਾਵਹਿ ਖੰਡ ਮੰਡਲ ਵਰਭੰਡਾ, ਕਰਿ ਕਰਿ ਰਖੇ ਧਾਰੇ = (ਅਣਗਿਣਤ) ਬ੍ਰਹਮੰਡ, ਉਸ ਦੇ ਹੋਰ ਹਿੱਸੇ ਅਤੇ ਮੰਡਲ ਤੈਨੂੰ ਗਾਉਂਦੇ ਹਨ, ਜਿਹੜੇ ਤੈਂ ਪੈਦਾ ਕਰਕੇ ਅਪਣੀ ਸੱਤਾ ਦੇ ਆਸਰੇ ਟਿਕਾ ਕੇ ਰੱਖੇ ਹੋਏ ਹਨ।

ਸੇਈ ਤੁਧੁਨੋ ਗਾਵਹਿ, ਜੋ ਤੁਧੁ ਭਾਵਨਿ, ਰਤੇ ਤੇਰੇ ਭਗਤ ਰਸਾਲੇ ॥ (ਹੇ ਨਿਰੰਕਾਰ!) ਉਹ ਹੀ ਤੈਨੂੰ ਗਾਉਂਦੇ ਹਨ, ਜਿਹੜੇ ਤੈਨੂੰ ਚੰਗੇ ਲਗਦੇ ਹਨ, ਕਿਉਂਕਿ ਉਹ ਰਸੀਏ ਭਗਤ ਤੇਰੇ ਪ੍ਰੇਮ ਰਸ ਵਿਚ ਰੱਤੇ ਹੋਏ ਹਨ।

ਹੋਰਿ ਕੇਤੇ ਗਾਵਨਿ, ਸੇ ਮੈ ਚਿਤਿ ਨ ਆਵਨਿ, ਨਾਨਕੁ ਕਿਆ ਵੀਚਾਰੇ ॥ ਹੋਰ ਕਿੰਨੇ ਕੁ ਤੈਨੂੰ ਗਾਉਂਦੇ ਹਨ, ਉਹ ਮੇਰੇ ਚਿਤ (ਯਾਦ) ਵਿਚ ਨਹੀਂ ਆ ਰਹੇ, ਨਾਨਕ (ਉਨ੍ਹਾਂ ਦੀ ਗਿਣਤੀ ਦਾ) ਕੀ ਵਿਚਾਰ ਕਰ ਸਕਦਾ ਹੈ? ਜੇਤੀ ਪ੍ਰਭੂ ਜਨਾਈ, ਰਸਨਾ ਤੇਤ ਭਨੀ। ਅਨਜਾਨਤ ਜੋ ਸੇਵੈ, ਤੇਤੀ ਨਹ ਜਾਇ ਗਨੀ।(੪੫੬); ਅਨਤ ਤਰੰਗੀ ਨਾਮੁ ਜਿਨਿ ਜਪਿਆ, ਮੈ ਗਣਤ ਨ ਕਰਿ ਸਕਿਆ।(੯੯੫)

ਸੋਈ ਸੋਈ ਸਦਾ ਸਚੁ ਸਾਹਿਬੁ, ਸਾਚਾ ਸਾਚੀ ਨਾਈ ॥ (ਜਿਸ ਦੇ ਦਰ ਤੇ ਇਹ ਸਾਰੇ ਗਾ ਰਹੇ ਹਨ) ਉਹ ਸਚਾ ਮਾਲਕ ਸਦਾ ਕਾਇਮ ਰਹਿਣ ਵਾਲਾ ਹੈ, ਉਹ ਸੱਚਾ ਹੈ ਅਤੇ ਉਸ ਦੀ ਵਡਿਆਈ ਵੀ ਸੱਚੀ ਹੈ (ਨਾਈ ਦਾ ਅਰਥ ਕਈਆਂ ਨੇ ਨਾਮ ਵੀ ਕੀਤਾ ਹੈ)।

ਹੈ ਭੀ ਹੋਸੀ ਜਾਇ ਨ ਜਾਸੀ, ਰਚਨਾ ਜਿਨਿ ਰਚਾਈ ॥ ਜਿਸ (ਨਿਰੰਕਾਰ) ਨੇ ਸ੍ਰਿਸਟੀ ਸਾਜੀ ਹੈ, ਉਹ ਹੁਣ (ਵਰਤਮਾਨ ਕਾਲ ਵਿਚ) ਵੀ ਹੈ, ਪਿੱਛੇ ਭੂਤ ਕਾਲ ਵਿਚ ਵੀ ਸੀ, ਅੱਗੋਂ (ਭਵਿੱਖਤ ਕਾਲ ਵਿਚ) ਵੀ ਹੋਵੇਗਾ, ਉਹ ਨਾ ਜੰਮਦਾ ਹੈ ਅਤੇ ਨਾ ਮਰੇਗਾ।

ਹੈ ਭੀ ਹੋਸੀ ਜਾਇ ਨ ਜਾਸੀ, ਸਚਾ ਸਿਰਜਣਹਾਰੋ। (੨੪)

ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ, ਮਾਇਆ ਜਿਨਿ ਉਪਾਈ ॥ ਅਨੇਕ ਰੰਗਾਂ, ਕਿਸਮਾਂ ਅਤੇ ਜਿਨਸਾਂ ਦੀ ਰਚਨਾ ਰਚਕੇ ਜਿਸ (ਨਿਰੰਕਾਰ) ਨੇ ਮਾਇਆ (ਅਪਣੀ ਸ਼ਕਤੀ ਦੁਆਰਾ ਸਾਰੀ ਸ੍ਰਿਸਟੀ) ਪੈਦਾ ਕੀਤੀ ਹੈ (ਪਸ਼ੂ, ਪਰਿੰਦੇ, ਜਾਨਵਰ, ਕੀੜੇ ਅਤੇ ਫਲ ਫੁੱਲ ਆਦਿ ਸਭ ਵੱਖ ਵੱਖ ਤਰ੍ਹਾਂ ਦੇ, ਅਨੇਕ ਰੰਗਾਂ ਦੇ ਪੈਦਾ ਕੀਤੇ ਹਨ)।ਅਪਨੀ ਮਾਇਆ ਆਪਿ ਪਸਾਰੀ, ਆਪਹਿ ਦੇਖਨਹਾਰਾ।ਨਾਨਾ ਰੂਪ ਧਰੇ ਬਹੁ ਰੰਗੀ, ਸਭ ਤੇ ਰਹੇ ਨਿਆਰਾ ੫੩੭; ਰੰਗ ਪਰੰਗ ਸਿਸਟਿ ਸਭ ਸਾਜੀ, ਬਹੁ ਬਹੁ ਬਿਧਿ ਭਾਂਤਿ ਉਪਾਵਣੀ।(੧੩੧੪)

ਕਰਿ ਕਰਿ ਵੇਖੈ ਕੀਤਾ ਆਪਣਾ, ਜਿਵ ਤਿਸ ਦੀ ਵਡਿਆਈ ॥ ਜਿਵੇਂ ਉਸ (ਨਿਰੰਕਾਰ) ਦੀ ਵਡਿਆਈ (ਇੱਛਾ ਹੁੰਦੀ) ਹੈ, ਉਹ ਅਪਣਾ ਰਚਿਆ ਸੰਸਾਰ ਪੈਦਾ ਕਰ ਕਰ ਕੇ ਦੇਖਦਾ (ਸੰਭਾਲ ਕਰਦਾ) ਹੈ।

ਜੋ ਤਿਸੁ ਭਾਵੈ ਸੋਈ ਕਰਸੀ, ਹੁਕਮੁ ਨ ਕਰਣਾ ਜਾਈ ॥ ਜੋ ਕੁਛ ਉਸ (ਨਿਰੰਕਾਰ) ਨੂੰ ਚੰਗਾ ਲਗਦਾ ਹੈ, ਉਹ ਹੀ ਉਹ ਕਰਦਾ ਹੈ, ਉਸ ਉਪਰ ਹੁਕਮ ਨਹੀ ਕੀਤਾ ਜਾ ਸਕਦਾ (ਮਨੁੱਖ ਮਨ ਮਰਜੀ ਦੇ ਕੰਮ ਨਹੀ ਉਸ ਤੋਂ ਕਰਾ ਸਕਦਾ)।

ਸੋ ਪਾਤਸਾਹੁ ਸਾਹਾ ਪਾਤਿ ਸਾਹਿਬੁ, ਨਾਨਕ ਰਹਣੁ ਰਜਾਈ ॥੨੭॥ ਉਹ ਪਾਤਸ਼ਾਹ ਹੈ, ਪਾਤਸਾਹਾਂ ਦਾ ਵੀ ਮਾਲਿਕ ਹੈ, ਗੁਰੂ ਨਾਨਕ ਦੇਵ ਜੀ ਆਖਦੇ ਹਨ (ਸਾਨੂੰ ਸਭ ਨੂੰ ਉਸ ਦੀ) ਰਜ਼ਾ ਵਿਚ ਰਹਿਣਾ ਬਣਦਾ ਹੈ (ਤਦ ਹੀ ਅਸੀਂ ਸੁਖੀ ਰਹਿ ਸਕਦੇ ਹਾਂ)।੨੭।

ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥ ੧. ਰਚਨਾ ਚਲੇ (ਨਾਸ਼ ਹੋ) ਜਾਵੇਗੀ, ਜਿਸ ਨੇ ਰਚਾਈ ਹੈ, ਉਹ ਨਹੀਂ ਜਾਏਗਾ।
੨. ਜਿਸ ਨੇ ਰਚਨਾ ਬਣਾਈ ਹੈ, ਉਹ ਨਾ ਜੰਮਦਾ ਹੈ ਅਤੇ ਨਾ ਨਾਸ਼ ਹੋਵੇਗਾ (ਇਸੇ ਤਰ੍ਹਾਂ ਦਾ ਅਰਥ ਫ. ਸ. ਨੇ ਵੀ ਕੀਤਾ ਹੈ)।

ਪਦਾਰਥ = ਰਤਨ-ਸਮੁੰਦਰ ਵਿਚੋਂ ਨਿਕਲੇ ਚੌਦਾਂ ਰਤਨ।ਉਪਾਏ-ਪੈਦਾ ਕੀਤੇ ਹੋਏ।ਅਠਸਠਿ-ਅਠਾਹਠ।ਨਾਲੇ-ਨਾਲ ਹੀ।ਮਹਾਬਲ -ਬਹੁਤ ਬਲਵਾਨ।ਸੂਰਾ-ਸੂਰਮੇ (ਜੋਧੇ-ਇੰਦ੍ਰੀਆਂ ਨੂੰ ਵਿਕਾਰਾਂ ਤੋਂ ਰੋਕਣ ਵਾਲੇ।ਸੂਰਾ-ਹਉਮੈ ਤੇ ਫਤ੍ਹੇ ਪਾਉਣ ਵਾਲੇ।ਮਹਾਬਲ-ਮਨ ਨੂੰ ਪਦਰਾਥਾਂ ਦੇ ਸੁਆਦਾਂ ਤੋਂ ਰੋਕਣ ਵਾਲੇ)।ਖਾਣੀ ਚਾਰੇ-ਚਾਰ ਖਾਣੀਆਂ (ਅੰਡਜ, ਜੇਰਜ, ਸੇਤਜ ਅਤੇ ਉਤਭੁਜ)।ਖੰਡ-ਧਰਤੀ ਦੇ ਨੌਂ ਖੰਡ (ਹਿਸੇ)।ਮੰਡਲ-ਦੇਸ਼; ਤਾਰਾ ਮੰਡਲ।ਵਰਭੰਡਾ-ਬ੍ਰਹਮੰਡ।ਕਰਿ ਕਰਿ-ਪੈਦਾ ਕਰ ਕੇ।ਰਖੇ ਧਾਰੇ-ਟਿਕਾ ਕੇ ਰੱਖੇ ਹਨ; ਸਹਾਰਾ ਦੇ ਕੇ ਰੱਖੇ ਹਨ।ਸੇਈ-ਉਹ ਹੀ।ਤੁਧੁ-ਤੈਨੂੰ।ਭਾਵਨਿ-ਚੰਗੇ ਲਗਦੇ ਹਨ; ਚਾਹੁੰਦੇ ਹਨ।ਰਤੇ-ਰੰਗੇ ਹੋਏ ਪ੍ਰੇਮ ਵਿਚ।ਰਸਾਲੇ-ਰਸੀਏ।ਹੋਰਿ ਕੇਤੇ-ਹੋਰ ਕਿਤਨੇ ਕੁ।ਸੇ-ਉਹ।ਮੈ ਚਿਤਿ ਨ ਆਵਨਿ-ਮੇਰੇ ਚਿਤ ਵਿਚ ਨਹੀਂ ਆ ਰਹੇ।ਕਿਆ ਵਿਚਾਰੇ-ਕੀ ਵਿਚਾਰ ਕਰੇ।ਸੋਈ-ਉਹ।ਨਾਈ-ਵਡਿਆਈ; ਨਾਮ।ਹੈ ਭੀ-ਹੁਣ ਵਰਤਮਾਨ ਸਮੇਂ ਵਿਚ ਵੀ ਮੌਜੂਦ ਹੈ।ਹੋਸੀ-ਭਵਿਖ ਵਿਚ ਵੀ ਹੋਵੇਗਾ। ਜਾਇ ਨ-ਜੰਮਦਾ ਨਹੀ।ਨ ਜਾਸੀ-ਮਰੇਗਾ ਨਹੀਂ।ਜਿਨਿ-ਜਿਸ ਨੇ।ਰਚਾਈ-ਪੈਦਾ ਕੀਤੀ।ਰੰਗੀ ਰੰਗੀ-ਅਨੇਕ ਰੰਗਾਂ (ਗੋਰਾ ਕਾਲਾ

ਆਦਿ) ਦੀ। ਭਾਤੀ-ਕਿਸਮਾਂ (ਲੰਮਾ, ਛੋਟਾ, ਮਧਰਾ ਆਦਿ) ਦੀ। ਜਿਨਸੀ-ਜਿਣਸਾਂ (ਪ੍ਰਕਾਰ ਜਿਵੇਂ ਮਨੁਖ, ਦੇਵਤੇ, ਦੈਂਤ ਪਸ਼ੂ, ਪੰਛੀ ਤੇ ਜਾਨਵਰ ਆਦਿ ਸ਼੍ਰੇਣੀਆਂ) ਦੀ; ਵਸਤੂ; ਸਮੱਗਰੀ। ਕਰਿ ਕਰਿ-ਪੈਦਾ ਕਰ ਕਰ ਕੇ। ਕੀਤਾ-ਰਚਿਆ (ਪੈਦਾ ਕੀਤਾ) ਹੋਇਆ। ਜਿਵ -ਜਿਵੇਂ। ਤਿਸ ਦੀ-ਉਸ ਦੀ। ਵਡਿਆਈ-ਇੱਛਾ। ਭਾਵੈ-ਚੰਗਾ ਲਗਦਾ ਹੈ। ਕਰਸੀ-ਕਰਦਾ ਹੈ। ਨ ਕਰਣਾ ਜਾਈ-ਨਹੀਂ ਕੀਤਾ ਜਾ ਸਕਦਾ। ਸਾਹਾ ਪਾਤਿ-ਪਾਤਸ਼ਾਹਾਂ ਦਾ। ਸਾਹਿਬੁ-ਮਾਲਕ। ਰਹਣੁ-ਰਹਿਣ ਨਾਲ ਸੁਖ ਮਿਲਦਾ ਹੈ। ਰਜਾਈ-ਰੱਬ ਦੀ ਰਜ਼ਾ ਵਿਚ।੨੭।

ਵਿਆਖਿਆ = ਗੁਰੂ ਗ੍ਰੰਥ ਸਾਹਿਬ ਵਿਚ ਸੋਦਰ ਤਿੰਨ ਹਨ, ਜਪੁ ਜੀ ਸਾਹਿਬ ਵਾਲਾ ਸੋਦਰ ਸਿੱਧਾਂ ਦੇ ਪੁੱਛਣ ਤੇ ਉਚਾਰਿਆ। ਦੂਜਾ ਆਸਾ ਰਾਗ ਵਿਚ ੩੪੭ ਅੰਗ ਤੇ ਅਕਾਲ ਪੁਰਖ ਦੇ ਸਨਮੁਖ ਉਚਾਰਣ ਕੀਤਾ, ਜਦੋਂ ਵੇਈਂ ਨਦੀ ਵਿਚ ਟੁੱਭੀ ਮਾਰ ਕੇ ਨਿਰੰਕਾਰ ਦੇ ਮਹਿਲਾਂ ਵਿਚ ਪਹੁੰਚੇ ਸਨ। ਅਤੇ ਤੀਜਾ ਜਦੋਂ ਨਿਰੰਕਾਰ ਦੇ ਮਹਿਲਾਂ ਤੋਂ ਆਏ, ਤਾਂ ਬੇਬੇ ਨਾਨਕੀ ਦੇ ਨਿਰੰਕਾਰ ਦੇ ਘਰ ਦਰ ਬਾਰੇ ਪੁਛਣ ਤੇ ਉਚਾਰਿਆ, ਜੋ ਰਹਿਰਾਸ ਵਿਚ ਲਿਖਿਆ ਮਿਲਦਾ ਹੈ। ਇਹ ਵਾਰਤਾ ਭਾਈ ਮਨੀ ਸਿੰਘ, ਗਿਆਨੀ ਬਦਨ ਸਿੰਘ ਫਰੀਦਕੋਟ ਟੀਕੇ ਵਾਲੇ, ਪੁਰਾਤਨ ਜਨਮ ਸਾਖੀ ਅਤੇ ਸੋਢੀ ਮਿਹਰਵਾਨ ਵਾਲੀ ਜਨਮ ਸਾਖੀ ਵਿਚ ਲਿਖੀ ਹੋਈ ਹੈ। ਮੇਰੇ ਖਿਆਲ ਅਨੁਸਾਰ ਸੋਦਰ ਇਕੋ ਹੀ ਹੈ, ਜੋ ਵੇਈਂ ਨਦੀ ਵਿਚ ਟੁੱਭੀ ਮਾਰ ਕੇ ਨਿਰੰਕਾਰ ਦੇ ਘਰ ਵਿਚ ਪੁਜ ਕੇ ਰਾਗ ਆਸਾ ਵਿਚ ਉਚਾਰਿਆ। ਇਹੋ ਸੋਦਰ ਥੋੜੇ ਜਿਹੇ ਪਾਠ ਦੇ ਫਰਕ ਨਾਲ ਸਿੱਧਾਂ ਅਤੇ ਬੇਬੇ ਨਾਨਕੀ ਜੀ ਦੇ ਪੁਛਣ ਤੇ ਉਚਾਰਿਆ ਹੋਵੇਗਾ। ਨਿਰੰਕਾਰ ਦਾ ਦਰ ਘਰ ਬੜਾ ਅਸਚਰਜ ਤੇ ਅਕੱਥ ਹੈ {ਊਪਰਿ ਦਰਿ ਅਸਮਾਨਿ ਪਇਆਲਿ ੧੨੫੬} (ਉਪਰ ਅਕਾਸ਼ ਵਿਚ, ਹੇਠਾਂ ਪਤਾਲ ਵਿਚ ਅਤੇ ਦੋਹਾਂ ਦਰਮਿਆਨ ਸੰਸਾਰ ਨਿਰੰਕਾਰ ਦਾ ਦਰ ਹੈ)। ਨਿਰੰਕਾਰ ਦੇ ਦਰ ਅਤੇ ਘਰ ਵਾਰੇ ਵਿਦਵਾਨਾਂ ਦੇ ਹੋਰ ਵਿਚਾਰ ਹੇਠ ਲਿਖੇ ਅਨੁਸਾਰ ਹਨ =

ਸਚਖੰਡ ਉਸ ਦਾ ਘਰ ਹੈ। ਸਤ ਸੰਗਤ ਪ੍ਰਭੂ ਦਾ ਦਰ ਹੈ, ਜੋ ਇਸ ਦਰ ਤੇ ਆਕੇ ਪ੍ਰਭੂ ਦੇ ਗੁਣ ਗਾਉਂਦਾ ਹੈ, ਉਸ ਨੂੰ ਸਚਖੰਡ ਦੇ ਦਰਸ਼ਨ ਹੋ ਜਾਂਦੇ ਹਨ। ਸਾਰੇ ਜੀਵਾਂ ਦੇ ਮੂੰਹ ਉਸ ਸਰਗੁਣ ਸਰੂਪ ਦਾ ਦਰ ਹੈ ਅਤੇ ਸਭ ਦੇ ਹਿਰਦੇ ਉਸ ਸਰਗੁਣ ਦਾ ਘਰ ਹੈ। ਨਿਰਗੁਣ ਰੂਪ ਵਿਚ ਗਿਆਨ ਉਸ ਦਾ ਦਰ ਹੈ ਅਤੇ ਚੇਤਨ ਅਨੰਦ ਸਰੂਪ ਉਸ ਦਾ ਘਰ ਹੈ। ਗੁਰੂ ਜੀ ਅਨੁਸਾਰ ਦਰ ਤੇ ਘਰ ਦੋ ਨਹੀਂ ,ਇਕੋ ਹੀ ਹੈ {ਨਾਨਕ ਦਰੁ ਘਰੁ ਏਕੁ ਹੈ, ਅਵਰ ਨ ਦੂਜੀ ਜਾਇ ੬੦}। ਚਾਰੇ ਖਾਣੀਆਂ ਦੇ ਜੀਵ ਜੰਤ ਸਮਝ ਲਵੋ ਉਸਦੇ ਵਾਜੇ ਹਨ {ਨਾਨਕ ਜੰਤ ਵਜਾਏ ਵਾਜਹਿ ਜਿਤੁ ਭਾਵੈ ਤਿਤੁ ਰਾਹਿ ਚਲਈਆ ੮੩੪; ਹਰਿ ਅੰਤਰਿ ਵਾਜਾ ਪਉਣੁ ਹੈ ਮੇਰੇ ਗੋਵਿੰਦਾ, ਹਰਿ ਆਪਿ ਵਜਾਏ ਤਿਉ ਵਾਜੈ ਜੀਉ ੧੭੪}। ਜੀਵਾਂ ਦਾ ਬੋਲਣਾ ਮਾਨੋ ਵਾਜੇ ਵਜਦੇ ਹਨ। ਸਮੁੰਦਰ ਦੀ ਗੜਗੜਾਹਟ ਜਾਂ ਸਮੁੰਦਰ ਦਾ ਪਾਣੀ ਧਰਤੀ ਦੇ ਕੰਢਿਆਂ ਨਾਲ ਟਕਰਾ ਕੇ ਸੋਹਣਾ ਰਾਗ ਅਲਾਪਦਾ ਹੈ। ਪੌਣ ਦਰੱਖਤਾਂ ਦੇ ਪੱਤਿਆਂ ਨਾਲ ਲਗ ਕੇ ਸੰਗੀਤ ਪੈਦਾ ਕਰਦੀ ਹੈ, ਇਸੇ ਤਰ੍ਹਾਂ ਅੱਗ ਦੇ ਭਾਂਬੜਾਂ ਵਿਚੋਂ ਵੀ ਰਾਗ ਸੁਣਾਈ ਦਿੰਦਾ ਹੈ। ਗੁਰੂ ਨਾਨਕ ਦੇਵ ਜੀ ਨਿਰੰਕਾਰ ਦਾ ਇਕ ਬਹੁਤ ਵੱਡਾ ਦਰਬਾਰ ਰਚ ਕੇ ਦਸਦੇ ਹਨ ਕਿ ਜਿਨ੍ਹਾਂ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਜੀ ਵਰਗੇ ਦੇਵਤਿਆਂ ਨੂੰ ਲੋਕ ਪੈਦਾ ਕਰਨ ਵਾਲਾ, ਰਖਿਅਕ ਤੇ ਪਾਲਣ ਵਾਲਾ ਅਤੇ ਮਾਰਣ ਵਾਲਾ ਮੰਨ ਕੇ ਪੂਜਦੇ ਹਨ, ਉਹ ਦੇਵਤੇ ਵੀ ਨਿਰੰਕਾਰ ਦੇ ਦਰ ਤੇ ਹੱਥ ਜੋੜੀ ਖੜ੍ਹੇ ਗੁਣ ਗਾ ਰਹੇ ਹਨ। ਇਸਲਾਮ ਵਿਚ ਰੱਬ ਨੂੰ ਸੱਤਵੇਂ ਅਕਾਸ਼ ਵਿਚ ਇਕ ਤਖਤ ਤੇ ਬੈਠਾ ਮੰਨ ਕੇ ਸੰਸਾਰ ਦਾ ਪ੍ਰਬੰਧ ਚਲਾਉਂਦਾ ਦਸਿਆ ਹੈ। ਗੁਰੂ ਜੀ ਰੱਬ ਨੂੰ ਸਾਰੀ ਪ੍ਰਕ੍ਰਿਤੀ ਵਿਚ ਵਸਿਆ ਹੋਇਆ ਮੰਨਦੇ ਹਨ {ਬਲਿਹਾਰੀ ਕੁਦਰਤ ਵਸਿਆ ੪੬੯}। ਪਰ ਲੋਕਾਂ ਦੇ ਦਿਲਾਂ ਵਿਚ ਘਰ ਕਰੀ ਬੈਠੀ ਭਾਵਨਾ ਅਨੁਸਾਰ ਗੁਰੂ ਜੀ ਨੇ ਅਕਾਲ ਪੁਰਖ ਦਾ ਇਕ ਸੁੰਦਰ ਦਰ ਘਰ ਚਿਤ੍ਰਿਆ ਹੈ। ਪ੍ਰਭੂ ਦੇ ਦਰ ਘਰ ਦੀ ਸ਼ਾਨ ਸ਼ੌਕਤ, ਸ਼ਾਹੀ ਠਾਠ ਬਾਠ ਅਤੇ ਜਲਾਲ ਦੁਨਿਆਵੀ ਬਾਦਸ਼ਾਹਾਂ ਦੇ ਰਾਜ ਦਰਬਾਰਾਂ ਤੋਂ ਅਨੇਕ ਗੁਣਾਂ ਵਧੀਕ ਦਸੀ ਹੈ। ਨਿਰੰਕਾਰ ਦਾ ਦਰਬਾਰ ਇਕ ਸੀਮਤ ਦਰ ਤੋਂ ਸ਼ੁਰੂ ਹੋ ਕੇ ਅਸੀਮ ਬ੍ਰਹਿਮੰਡ ਵਿਚ ਫੈਲ ਜਾਂਦਾ ਹੈ ਭਾਵ ਸਾਰਾ ਵਿਸ਼ਵ ਹੀ ਉਸ ਦੇ ਘਰ ਦਾ ਦਰ ਹੈ।

ਭਾ. ਵੀਰ ਸਿੰਘ ਜੀ ਨੇ ਇਸ ਪੌੜੀ ਵਿਚ ਨਿਰੰਕਾਰ ਨੂੰ ਗਾਉਣ ਵਾਲਿਆਂ ਦੀ ਤਿੰਨ ਤਰ੍ਹਾਂ ਦੀ ਵੰਡ ਕੀਤੀ ਹੈ। ਇਕ ਤਾਂ ਅਦ੍ਰਿਸ਼ਟ ਮੰਡਲ ਦੇ ਪੌਣ ਦੇਵਤਾ, ਪਾਣੀ ਦੇਵਤਾ, ਅਗਨੀ ਦੇਵਤਾ, ਧਰਮਰਾਜ, ਚਿਤ੍ਰ ਗੁਪਤ, ਸ਼ਿਵ ਜੀ, ਬ੍ਰਹਮਾ, ਦੇਵੀਆਂ, ਇੰਦ੍ਰ ਤੇ ਹੋਰ ਰਾਗ ਰਾਗਣੀਆਂ ਆਦਿ ਨਿਰੰਕਾਰ ਦਾ ਜਸ ਕਰਦੇ ਹਨ। ਦੂਜੇ, ਪ੍ਰਿਥਵੀ ਮੰਡਲ ਦੇ ਪ੍ਰਮਾਰਥ ਵਾਲੇ ਸਿੱਧ, ਜੋਗੀ, ਸਾਧੂ, ਰਿਸ਼ੀ, ਜਤੀ, ਸਤੀ, ਸੰਤੋਖੀ, ਪੰਡਤ, ਬਲਵਾਨ ਜੋਧੇ, ਸੂਰਮੇ, ਸਮੁੰਦਰ ਵਿਚੋਂ ਨਿਕਲੇ ਚੌਦਾਂ ਰਤਨ, ਚਾਰ ਖਾਣੀਆਂ ਤੋਂ ਪੈਦਾ ਹੋਏ ਜੀਵ ਜੰਤ ਆਦਿ ਵਿਚੋਂ ਪ੍ਰਗਟ ਹੋ ਰਹੇ ਸ਼ੁੱਭ ਗੁਣ ਕਰਤਾ ਪੁਰਖ ਦੀ ਵਿਸਮਾਦੀ ਅਵਸਥਾ ਨੂੰ ਦਰਸਾਉਂਦਾ ਜਸ ਹੀ ਗਾਇਨ ਹੋ ਰਿਹਾ ਹੈ। ਤੀਜੇ, ਸਾਡੀ ਧਰਤੀ ਤੋਂ ਪਰੇ ਦੇ ਲੋਕ, ਹੋਰ ਬ੍ਰਹਮੰਡਾਂ ਦੇ ਮੰਡਲਾਂ ਖੰਡਾਂ ਦੇ ਲੋਕ ਨਿਰੰਕਾਰ ਦਾ ਜਸ ਕਰਦੇ ਹਨ। ਇਨ੍ਹਾਂ ਬ੍ਰਹਮੰਡਾਂ ਦੀ ਵਿਸ਼ਾਲਤਾ ਦੇਖ ਸੁਣ ਕੇ ਸਾਡੇ ਅੰਦਰ ਗੁਣ ਗਾਉਣ ਦੀ ਭਾਵਨਾ ਪੈਦਾ ਹੁੰਦੀ ਹੈ ਅਤੇ ਰਚਣਹਾਰ ਦੀ ਸਿਫਤ ਸਲਾਹ ਵਿਚ ਲੈ ਜਾਂਦੀ ਹੈ। ੨੪ ਵੀਂ ਪਉੜੀ ਵਿਚ ਨਿਰੰਕਾਰ ਦੇ ਅਸਥਾਨ ਨੂੰ 'ਊਚਾ ਥਾਉ' ਅਤੇ ਇਸ ਪੌੜੀ ਵਿਚ 'ਸੋ ਦਰ, ਸੋ ਘਰ' ਅਤੇ ੩੭ ਵੀਂ ਪੌੜੀ ਵਿਚ ਸੱਚਖੰਡ ਆਖਿਆ ਹੈ। ਨਿਰੰਕਾਰ ਨੇ ਗੁਰੂ ਨਾਨਕ ਦੇਵ ਜੀ ਨੂੰ ਇਸ ਅਸਥਾਨ ਤੇ ਬੁਲਾਇਆ ਜਿਸ ਦਾ ਜਿਕਰ ਮਾਝ ਦੀ ਵਾਰ ਦੀ ਅਖੀਰਲੀ ਪੌੜੀ ਵਿਚ ਕੀਤਾ ਮਿਲਦਾ ਹੈ {ਢਾਢੀ ਸਚੈ ਮਹਲਿ, ਖਸਮਿ ਬੁਲਾਇਆ ੧੫੦}। ਨਿਰੰਕਾਰ ਹਰੇਕ ਦੇ ਅੰਦਰ ਵੀ ਤੇ ਬਾਹਰ ਵੀ ਵਸਦਾ ਹੈ ਅਤੇ ਸਾਰੇ ਖੰਡਾਂ ਬ੍ਰਹਮੰਡਾਂ ਵਿਚ ਵੀ ਉਸਦਾ ਵਾਸਾ ਹੈ। ਆਤਮ ਮੰਡਲ, ਪ੍ਰਿਥਵੀ ਮੰਡਲ ਅਤੇ ਬ੍ਰਹਮੰਡ ਮੰਡਲ ਇਕ

ਦੂਜੇ ਦੇ ਅੰਤਰਗਤ ਹੀ ਹਨ, ਸਾਡੀ ਬਣਾਈ ਹੋਈ ਗਿਣਤੀ ਮੁਤਾਬਕ ਅੱਡੋ ਅੱਡ ਨਹੀ {ਸੂਖਮ ਮਹਿ ਜਾਨੈ ਅਸਥੂਲੁ ੨੭੪}।ਇਹ ਸਾਰੇ ਟਿਕਾਣੇ ਇਕੋ ਹੀ ਹਨ, ਸੱਚਖੰਡ ਨਿਰੰਕਾਰ ਦਾ ਇਕ ਵਿਸ਼ਾਲ ਟਿਕਾਣਾ ਹੈ, ਜਿਸ ਦੇ ਅੰਦਰ ਹੀ ਧਰਮਖੰਡ, ਗਿਆਨ ਖੰਡ, ਸਰਮ ਖੰਡ ਅਤੇ ਕਰਮ ਖੰਡ ਅਤੇ ਹੋਰ ਅਣਗਿਣਤ ਖੰਡ ਬ੍ਰਹਮੰਡ ਹਨ {ਤਿਥੈ ਖੰਡ ਮੰਡਲ ਵਰਭੰਡ ੮; ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ੬੯੫; ਜੋ ਬ੍ਰਹਮੰਡਿ ਖੰਡਿ ਸੋ ਜਾਣਹੁ ੧੦੪੧}।ਬ੍ਰਹਮੰਡ ਵਾਲਾ ਸਾਰਾ ਕੁਛ ਪਿੰਡ (ਸਰੀਰ) ਵਿਚ ਹੈ ਭਾਵ ਅਸਥੂਲਤਾ ਸੂਖਮਤਾ ਵਿਚ ਹੈ।ਇਹ ਅਦ੍ਰਿਸਟ ਮੰਡਲ ਦੀਆਂ ਗੱਲਾਂ ਹਨ, ਜਿਨ੍ਹਾਂ ਤੋਂ ਅਸੀ ਅਣਜਾਣ ਹਾਂ।ਗੁਰੂ ਜੀ ਇਸ ਪਉੜੀ ਵਿਚ ਬ੍ਰਹਮੰਡੀ ਆਰਤੀ ਦੀ ਤਰ੍ਹਾਂ ਬ੍ਰਹਮੰਡੀ ਕੀਰਤਨ ਦੀ ਤਸਵੀਰ ਪੇਸ਼ ਕਰਦੇ ਹਨ, ਜਿਸ ਨੂੰ ਪੜ੍ਹ ਕੇ ਭਗਤ ਦਾ ਮਨ ਜਗਤ ਵਿਚ ਵਾਹਿਗੁਰੂ ਦੀ ਕੀਰਤੀ ਹੁੰਦੀ ਅਨੁਭਵ ਕਰਦਾ ਹੈ।ਸੰਸਾਰ ਵਿਚ ਪਾਤਸ਼ਾਹਾਂ ਦੇ ਮਹੱਲਾਂ ਅਗੇ ਹੱਥ ਜੋੜੀ ਲੋਕ ਸਿਫਤਾਂ ਕਰਿਆ ਕਰਦੇ ਹੁੰਦੇ ਹਨ। ਸਿਫਤਾਂ ਕਰਨ ਵਾਲਿਆਂ ਨੂੰ ਪਾਤਸ਼ਾਹ ਇਨਾਮ ਦਿੰਦਾ ਹੈ ਅਤੇ ਉਸ ਦਾ ਹੁਕਮ ਮੰਨਣ ਤੇ ਉਹ ਖੁਸ਼ ਹੁੰਦਾ ਹੈ।ਪਾਤਸ਼ਾਹਾਂ ਦੇ ਪਾਤਸ਼ਾਹ ਨਿਰੰਕਾਰ ਦੀ ਸਿਫਤ ਕਰਕੇ ਉਸ ਦੀ ਪ੍ਰਸੰਨਤਾ ਮਿਲਦੀ ਹੈ ਅਤੇ ਉਸ ਦੀ ਰਜ਼ਾ ਵਿਚ ਰਾਜੀ ਰਹਿ ਕੇ ਸੁਖ ਮਿਲਦਾ ਹੈ।ਸਤਿਗੁਰ ਤੇ ਪਾਵੈ ਘਰੁ ਦਰੁ ਮਹਲੁ ਸੁ ਥਾਨੁ।(੧੨੫੯)।ਭਾਈ ਗੁਰਦਾਸ ਜੀ ਆਖਦੇ ਹਨ ਃ–

ਪਾਤਿਸਾਹਾਂ ਪਾਤਿਸਾਹ ਹੈ, ਅਬਿਚਲ ਰਾਜ ਵਡੀ ਪਾਤਸਾਹੀ।ਕੇਵਡ ਤਖਤ ਵਖਾਣੀਐ, ਕੇਵਡ ਮਹਲ ਕੇਵਡ ਦਰਗਾਹੀ।
ਕੇਵਡ ਸਿਫਤਿ ਸਲਾਹੀਐ, ਕੇਵਡ ਮਾਲ ਮੁਲਖ ਅਵਗਾਹੀ (ਭਾ. ਗੁ. ੧੮–੧੨)।

## ॥ ਅਠਾਈਵੀਂ ਪਉੜੀ ॥

ਉਥਾਨਕਾ = ਗੁਰੂ ਨਾਨਕ ਦੇਵ ਜੀ ਦੀ ਕੈਲਾਸ਼ ਪ੍ਰਬਤ ਤੇ ਸਿੱਧਾਂ ਨਾਲ ਗੋਸਟ ਹੋਈ, ਸਿੱਧ ਗੁਰੂ ਜੀ ਦੇ ਵਿਚਾਰਾਂ ਤੋਂ ਬੜੇ ਪ੍ਰਭਾਵਿਤ ਹੋਏ।ਸਿੱਧਾਂ ਨੇ ਸੋਚਿਆ ਜੇ ਗੁਰੂ ਜੀ ਸਾਡੇ ਮੱਤ ਵਿਚ ਸ਼ਾਮਲ ਹੋ ਜਾਣ ਤਾਂ ਜੋਗ ਮੱਤ ਸਾਰੇ ਸੰਸਾਰ ਵਿਚ ਫੈਲ ਸਕਦਾ ਹੈ।ਅਪਣੇ ਮੱਤ ਦੀ ਵਡਿਆਈ ਦਸ ਕੇ ਗੁਰੂ ਜੀ ਨੂੰ ਮੁੰਦ੍ਰਾਂ, ਖਿੰਥਾ ਅਤੇ ਪਿੰਡੇ ਤੇ ਸੁਆਹ ਮਲਨ ਲਈ ਪ੍ਰੇਰਿਆ {ਦਰਸਨੁ ਭੇਖ ਕਰਹੁ ਜੋਗਿੰਦ੍ਰਾ, ਮੁੰਦ੍ਰਾ ਝੋਲੀ ਖਿੰਥਾ।ਬਾਰਹ ਅੰਤਰਿ ਏਕੁ ਸਰੇਵਹੁ, ਖਟੁ ਦਰਸਨ ਇਕ ਪੰਥਾ ੯੩੯} ਭਾਵ ਜੋਗੀਆਂ ਦਾ ਭੇਖ ਸਭ ਤੋਂ ਵੱਡਾ ਹੈ, ਤੁਸੀਂ ਇਹ ਧਾਰਣ ਕਰੋ, ਕੰਨਾਂ ਵਿਚ ਮੁੰਦ੍ਰਾਂ, ਝੋਲੀ ਅਤੇ ਗੋਦੜੀ ਪਾ ਲਓ।ਛੇ ਭੇਖਾਂ ਵਿਚੋਂ ਜੋਗ ਮੱਤ ਇਕ ਉਤਮ ਪੰਥ ਹੈ, ਇਸ ਦੇ ੧੨ ਪੰਥਾਂ ਵਿਚੋਂ ਆਈ ਪੰਥ ਧਾਰ ਲਓ।ਸਿਧੀ ਮਨੈ ਬੀਚਾਰਿਆ, ਕਿਵੈ ਦਰਸਨ ਏ ਲੇਵੈ ਬਾਲਾ।ਐਸਾ ਜੋਗੀ ਕਲੀ ਮਹਿ, ਹਮਰੇ ਪੰਥ ਕਰੇ ਉਜਿਆਲਾ।(ਭਾ. ਗੁ. ੧–੩੧)।ਸਿੱਧਾਂ ਦਾ ਪ੍ਰਸ਼ਨ ਸੁਣ ਕੇ ਗੁਰੂ ਜੀ ਅੰਤ੍ਰੀਵ ਜੋਗ ਧਾਰਨ ਦਾ ਉਪਦੇਸ ਦੇਂਦੇ ਹਨ ਃ–

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ, ਧਿਆਨ ਕੀ ਕਰਹਿ ਬਿਭੂਤਿ ॥ (ਹੇ ਸਿੱਧੋ! ਅਸੀਂ ਮਨ ਰੂਪ ਕੰਨਾਂ ਵਿਚ) ਸੰਤੋਖ ਰੂਪ ਮੁੰਦਰਾਂ ਪਹਿਨੀਆਂ ਹਨ ਅਤੇ (ਵਿਸ਼ੇ ਵਿਕਾਰਾਂ ਤੋਂ) ਸ਼ਰਮ ਕਰਨ ਦੇ ਖੱਪਰ ਅਤੇ ਝੋਲੀ ਰਖੇ ਹਨ ਅਤੇ ਅਕਾਲ ਪੁਰਖ ਦੇ ਧਿਆਨ ਦੀ (ਪਿੰਡੇ ਤੇ) ਸੁਆਹ ਮਲਦੇ ਹਾਂ।(ਜੋਗੀ ਖੱਪਰ ਵਿਚ ਮੰਗਿਆ ਹੋਇਆ ਆਟਾ ਆਦਿ ਪਾਉਂਦਾ ਰਹਿੰਦਾ ਹੈ, ਖੱਪਰ ਭਰ ਜਾਣ ਤੇ ਝੋਲੀ ਵਿਚ ਪਲਟ ਲੈਂਦਾ ਹੈ)। ਪਤੁ ਝੋਲੀ ਮੰਗਣਿ ਕੈ ਤਾਈ ਭੀਖਿਆ ਨਾਮੁ ਪੜੇ।(੮੭੭); ਸਰਮੈ ਦੀਆ ਮੁੰਦ੍ਰਾ ਕੰਨੀ ਪਾਇ ਜੋਗੀ, ਖਿੰਥਾ ਕਰਿ ਤੂ ਦਇਆ।(੯੦੮); ਸਿੰਙੀ ਸਾਚ ਅਕਪਟ ਕੰਠਲਾ, ਧਿਆਨ ਬਿਭੂਤ ਚੜ੍ਹਾਓ। (ਸ਼ਬਦ ਹਜਾਰੇ ਪਾ.੧੦)

ਖਿੰਥਾ ਕਾਲੁ ਕੁਆਰੀ ਕਾਇਆ, ਜੁਗਤਿ ਡੰਡਾ ਪਰਤੀਤਿ ॥ ਮੌਤ ਨੂੰ ਯਾਦ ਰੱਖਣਾ ਅਸੀਂ ਗੋਦੜੀ ਪਹਿਨੀ ਹੋਈ ਹੈ, ਸਰੀਰ ਨੂੰ ਕੁਆਰੀ (ਵਿਸ਼ਿਆਂ ਤੋਂ ਬਚਾ ਕੇ ਪਵਿਤ੍ਰ) ਰਖਣਾ ਸਾਡੀ ਜੋਗ ਦੀ ਜੁਗਤੀ (ਰਹਿਤ) ਹੈ {ਸਦਾ ਰਹੈ ਕੰਚਨ ਸੀ ਕਾਇਆ, ਕਾਲ ਨਾ ਕਬਹੂੰ ਬਯਾਪੈ।ਸ਼ਬਦ ਹਜਾਰੇ ਪਾ. ੧੦}, (ਨਿਰੰਕਾਰ ਵਿਚ ਪੂਰਨ) ਵਿਸ਼ਵਾਸ ਦਾ (ਸਾਡੇ ਕੋਲ) ਡੰਡਾ ਹੈ (ਜੋ ਅਨੇਕਾਂ ਕੁੱਤਿਆਂ ਆਦਿ ਵੈਰੀਆਂ ਤੋਂ ਬਚਾਈ ਰਖਦਾ ਹੈ, ਡੰਡਾ ਕਰਾਮਾਤੀ ਸ਼ਕਤੀਆਂ ਦਾ ਵੀ ਪ੍ਰਤੀਕ ਹੈ, ਜਿਵੇਂ ਬੇ ਸਹਾਰੇ ਲਈ ਸੋਟੀ ਸਹਾਰਾ ਬਣਦੀ ਹੈ, ਇਸੇ ਤਰ੍ਹਾਂ ਜੋਗੀ ਕਰਾਮਾਤਾਂ ਨੂੰ ਅਪਣੇ ਜੀਵਨ ਦਾ ਸਹਾਰਾ ਮੰਨਦੇ ਹਨ)।

ਆਈ ਪੰਥੀ ਸਗਲ ਜਮਾਤੀ, ਮਨਿ ਜੀਤੈ ਜਗੁ ਜੀਤੁ ॥ ਸਾਰੀ ਮਨੁਖਤਾ ਨੂੰ ਅਪਣਾ ਜਮਾਤੀ ਜਾਣਨਾ (ਸਭ ਨਾਲ ਸਾਂਝ ਬਣਾਈ ਰਖਣੀ) ਸਾਡਾ ਆਈ ਪੰਥੀ ਹੋਣਾ ਹੈ, ਮਨ ਜਿਤਣ ਨਾਲ ਜਗਤ ਨੂੰ ਜਿਤ ਲਈਦਾ ਹੈ।

ਜਿਨ ਗੁਰ ਪਰਸਾਦੀ ਮਨੁ ਜੀਤਿਆ, ਜਗੁ ਤਿਨਹਿ ਜਿਤਾਨਾ। (੧੦੮੯)

ਆਦੇਸੁ ਤਿਸੈ ਆਦੇਸੁ ॥ ਸਾਡੀ ਨਮਸਕਾਰ ਹੈ, ਉਸ (ਨਿਰੰਕਾਰ) ਨੂੰ ਨਮਸਕਾਰ ਹੈ।

ਆਦਿ ਅਨੀਲੁ ਅਨਾਦਿ ਅਨਾਹਤਿ, ਜੁਗੁ ਜੁਗੁ ਏਕੋ ਵੇਸੁ ॥੨੮॥ (ਜੋ ਸਭ ਦਾ) ਆਦਿ ਹੈ, ਨਿਰਮਲ ਹੈ; (ਗਿਣਤੀ ਤੋਂ ਰਹਿਤ; ਅਣਗਿਣਤ ਭਾਵ ਬਿਅੰਤ ਹੈ ਅਤੇ ਉਹ ਆਪ) ਆਦਿ ਤੋਂ ਰਹਿਤ, ਨਾਸ਼ ਰਹਿਤ ਹੈ ਅਤੇ ਜੁਗੋ ਜੁਗ ਇਕੋ ਵੇਸ (ਨਿਰੰਕਾਰ ਸਦਾ ਇਕੋ ਜਿਹਾ ਰਹਿਣ) ਵਾਲਾ ਹੈ ਭਾਵ ਸਮਾਂ ਬਦਲਦਾ ਰਹਿੰਦਾ ਹੈ, ਪਰ ਉਹ ਨਹੀਂ ਬਦਲਦਾ।੨੮।

ਆਦਿ ਅਨੀਲ ਅਨਾਦਿ ਅਸੰਭ (ਚੌਪਈ ਪਾ. ੧੦); ਨਮਸਤੰ ਅਨੀਲੇ।ਨਮਸਤੰ ਅਨਾਦੇ।.... ਅਨੀਲ ਹੈਂ।ਅਨਾਦਿ ਹੈਂ (ਜਾਪ ਸਾਹਿਬ ਪਾ.੧੦); ਜੁਗੁ ਜੁਗੁ ਹਰਿ ਹਰਿ ਏਕੋ ਵਰਤੈ, ਤਿਸੁ ਆਗੈ ਹਮ ਆਦੇਸੁ। (੩੬੮)

ਪਦਾਰਥ = ਮੁੰਦਾ-ਕੰਨਾਂ ਵਿਚ ਪਾਉਣ ਵਾਲੀਆਂ ਮੁੰਦਰਾਂ। ਸਰਮੁ-ਲੱਜਿਆ; ਵੈਰਾਗ; ਨਿਮ੍ਰਤਾ; ਮਿਹਨਤ। ਪਤੁ-ਪਾਤ੍ਰ; ਭਾਂਡਾ; ਖੱਪਰ; ਚਿੱਪੀ। ਝੋਲੀ-ਭਿਖਿਆ ਪਾਉਣ ਵਾਲੀ ਥੈਲੀ। ਕਰਹਿ-ਕਰਦਾ ਹਾਂ; ਮਲਦਾ ਹਾਂ। ਬਿਭੂਤਿ-ਰਾਖ; ਸੁਆਹ। ਖਿੰਥਾ-ਗੋਦੜੀ; ਖਫਣੀ। ਕੁਆਰੀ-ਪਵਿਤ੍ਰ; ਅਣ ਵਿਆਹੀ; ਵਿਸ਼ੇ ਵਿਕਾਰਾਂ ਤੋਂ ਰਹਿਤ। ਕਾਇਆ-ਸਰੀਰ। ਜੁਗਤਿ-ਜੋਗੀਆਂ ਦੀ ਰਹਿਤ; ਜੋਗ ਨਾਲ ਜੁੜਨ ਦੀ ਜੁਗਤੀ। ਡੰਡਾ-ਕਰਾਮਾਤੀ ਸੋਟੀ। ਪਰਤੀਤਿ-ਭਰੋਸਾ; ਸ਼ਰਧਾ। ਆਈ-ਜੋਗੀਆਂ ਦੇ ਬਾਰਾਂ ਫਿਰਕਿਆਂ ਵਿਚੋਂ ਵੱਡਾ ਫਿਰਕਾ। ਪੰਥੀ-ਰਾਹੀ; ਜੋਗ ਦੇ ਰਸਤੇ ਤੇ ਚਲਣ ਵਾਲਾ ਜੋਗੀ। ਸਗਲ-ਸਭ ਨੂੰ। ਜਮਾਤੀ-ਸਭ ਨੂੰ ਅਪਣੇ ਬਰਾਬਰ ਦਾ ਸਮਝਣਾ ਭਾਵ ਕਿਸੇ ਨੂੰ ਨੀਵਾਂ ਨਾ ਜਾਣਨਾ (ਮ. ਕੋ.); ਇਕ ਜਗ੍ਹਾ ਪਿਆਰ ਨਾਲ ਬੈਠਣ ਵਾਲੇ ਸਾਥੀ; ਮਿਤ੍ਰ। ਮਨ ਜੀਤੈ-ਮਨ ਨੂੰ ਜਿਤਣ ਨਾਲ। ਆਦੇਸੁ-(ਜੋਗੀਆਂ ਦਾ ਬੋਲਾ ਹੈ) ਨਮਸਕਾਰ। ਤਿਸੈ-ਉਸ (ਨਿਰੰਕਾਰ) ਨੂੰ। ਆਦਿ-ਅਰੰਭ; ਮੁੱਢ; ਮੂਲ। ਅਨੀਲ-ਕਲੰਕ ਰਹਿਤ; ਪਵਿਤ੍ਰ; ਗਿਣਤੀ ਤੋਂ ਰਹਿਤ; ਬੇਅੰਤ; ਰੰਗ ਤੋਂ ਰਹਿਤ; ਮਾਯਾ ਰਹਿਤ। ਅਨਾਦਿ-ਆਦਿ ਤੋਂ ਰਹਿਤ। ਅਨਾਹਤਿ-ਨਾਸ ਰਹਿਤ। ਜੁਗੁ ਜੁਗੁ-ਜੁਗੋ ਜੁਗ ਭਾਵ ਸਦਾ। ਏਕੋ ਵੇਸੁ-ਇਕੋ ਜਿਹੇ ਰੂਪ ਵਾਲਾ; ਅਟੱਲ।੨੮।

ਵਿਆਖਿਆ = ਮਨੁੱਖੀ ਮਨ ਹਰ ਵੇਲੇ ਤ੍ਰਿਸ਼ਨਾ ਵਿਚ ਫਸਿਆ ਰਹਿੰਦਾ ਹੈ, ਤ੍ਰਿਸ਼ਨਾ ਤੋਂ ਅਨੇਕ ਤਰ੍ਹਾਂ ਦੇ ਫੁਰਨੇ ਅਤੇ ਕੁਕਰਮ ਪੈਦਾ ਹੁੰਦੇ ਹਨ। ਸੰਤੋਖ ਧਰਮ ਦਾ ਮੂਲ ਅੰਗ ਹੈ, ਕਿਸਮਤ ਵਿਚ ਲਿਖਿਆ ਹੋਇਆ ਜੋ ਕੁਝ ਮਿਲਦਾ ਹੈ, ਉਸ ਤੇ ਸੰਤੁਸਟ ਰਹਿਣਾ ਸੰਤੋਖ ਹੈ। ਘਰ ਘਰ ਮੰਗਣ ਨਾਲ ਚਿਤ ਦੀ ਬ੍ਰਿਤੀ ਖਿੰਡੀ ਰਹਿੰਦੀ ਹੈ ਅਤੇ ਲੋਕਾਂ ਦੇ ਤਰ੍ਹਾਂ ਤਰ੍ਹਾਂ ਦੇ ਕੁਬੋਲ ਸੁਣਨੇ ਪੈਂਦੇ। ਮਿਹਨਤ ਦੀ ਕਮਾਈ ਵਿਚ ਬਰਕਤ ਹੈ {ਘਾਲਿ ਖਾਇ ਕਿਛੁ ਹਥਹੁ ਦੇਇ ੧੨੪੫}। ਅਪਣੀ ਕੀਤੀ ਕਮਾਈ ਵਿਚੋਂ ਕੁਛ ਧਰਮ ਕਾਰਜਾਂ ਲਈ ਦਾਨ ਕਰਨ ਨਾਲ ਮਾਨਸਕ ਖੁਸ਼ੀ ਵੀ ਮਿਲਦੀ ਹੈ। ਜਿਹੜਾ ਆਪ ਮੰਗ ਕੇ ਖਾਂਦਾ ਹੈ, ਉਹ ਧਰਮ ਕਾਰਜਾਂ ਲਈ ਕੀ ਦਾਨ ਕਰੇਗਾ? ਸ਼ਰਮ ਹਯਾ ਵਾਲਾ ਬੰਦਾ ਬੁਰੇ ਕੰਮ ਕਰਨ ਤੋਂ ਬਚਿਆ ਰਹਿੰਦਾ ਹੈ। ਸਰੀਰ ਨੂੰ ਕੁਕਰਮਾਂ ਤੋਂ ਬਚਾ ਕੇ ਰਖਣ ਕਰਕੇ ਕਾਲ ਨਹੀ ਪੋਹ ਸਕਦਾ, ਪਵਿਤਰ ਤਨ ਵਾਹਿਗੁਰੂ ਵਿਚ ਲੀਨ ਹੋ ਜਾਂਦਾ ਹੈ। ਜਿਵੇਂ ਸਕੂਲ ਵਿਚ ਹਮ ਜਮਾਤੀ ਬਚੇ ਆਪਸ ਵਿਚ ਪਿਆਰ ਨਾਲ ਮਿਲ ਬੈਠਦੇ ਹਨ, ਇਵੇਂ ਸੰਸਾਰ ਵਿਚ ਸਭ ਦੇ ਮਿਲ ਬੈਠਣ ਨਾਲ ਭਾਈ ਚਾਰਕ ਸਾਂਝ ਅਤੇ ਪਿਆਰ ਪੈਦਾ ਹੁੰਦਾ ਹੈ। ਇਸ ਤਰ੍ਹਾਂ ਆਪਸੀ ਵੈਰ ਵਿਰੋਧ ਲੜਾਈ ਝਗੜੇ ਅਤੇ ਨਫਰਤ ਘਟਦੇ ਹਨ। ਜੋਗੀ ਕਰਾਮਾਤਾਂ ਰਾਹੀਂ ਅਪਣੀ ਧੌਂਸ ਜਮਾ ਕੇ ਲੋਕਾਂ ਨੂੰ ਮਗਰ ਲਾਉਣਾ ਚਾਹੁੰਦੇ ਹੁੰਦੇ ਹਨ, ਲੋਕ ਡਰਦੇ ਮਾਰੇ ਪੈਰੀਂ ਪੈਂਦੇ ਰਹਿੰਦੇ ਹਨ। ਗੁਰੂ ਜੀ ਆਖਦੇ ਹਨ ਕਿ ਮਨ ਦੀਆਂ ਵਾਸ਼ਨਾਵਾਂ ਤੇ ਕਾਬੂ ਕਰਕੇ ਪਿਆਰ ਨਾਲ ਸੰਸਾਰ ਜਿਤਿਆ ਜਾ ਸਕਦਾ ਹੈ।

ਇਸ ਪਉੜੀ ਵਿਚ ਭਾਵੇਂ ਜੋਗੀਆਂ ਦੇ ਧਾਰਮਕ ਚਿੰਨ੍ਹ = ਮੁੰਦ੍ਰਾ, ਖਿੰਥਾ, ਡੰਡਾ ਤੇ ਪਿੰਡੇ ਤੇ ਸੁਆਹ ਮਲਨੀ ਆਦਿ ਰਹੁ ਰੀਤੀ ਹੈ, ਪਰ ਇਹ ਉਪਦੇਸ਼ ਸਾਰੀ ਮਨੁੱਖਤਾ ਲਈ ਸਾਂਝਾ ਹੈ। ਬਾਹਰਲੇ ਧਾਰਮਕ ਚਿੰਨ੍ਹ ਤਦ ਹੀ ਗੁਣਕਾਰੀ ਹੋ ਸਕਦੇ ਹਨ, ਜੇ ਅੰਦਰਲੇ ਜੀਵਨ ਨੂੰ ਸੁੰਦਰ ਬਣਾਉਣ ਵਿਚ ਸਹਾਈ ਹੋਣ ਅਤੇ ਮਨੁੱਖ ਸਚਿਆਰ ਬਣ ਜਾਵੇ।

ਕੰਨਾਂ ਵਿਚ ਮੁੰਦ੍ਰਾਂ, ਮੰਗਣ ਲਈ ਚਿੱਪੀ ਤੇ ਝੋਲੀ ਰੱਖਣਾ, ਪਿੰਡੇ ਤੇ ਸੁਆਹ ਮਲਨੀ, ਗੋਦੜੀ ਪਹਿਨਣੀ ਅਤੇ ਕੋਲ ਡੰਡਾ ਆਦਿ ਰੱਖਣਾ ਜੋਗੀਆਂ ਦੇ ਭੇਖ ਦੇ ਅੰਗ ਹਨ। ਗੁਰੂ ਜੀ ਜੋਗੀਆਂ ਨੂੰ ਜੋਗ ਦੇ ਅੰਤ੍ਰੀਵ ਭਾਵ ਸਮਝਾਉਂਦੇ ਹਨ, ਗੁਰਬਾਣੀ ਵਿਚ ਇਸ ਪਉੜੀ ਦੇ ਭਾਵ ਨਾਲ ਮਿਲਦੇ ਹੋਰ ਵੀ ਸ਼ਬਦ ਹਨ =

ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ, ਖਿੰਥਾ ਖਿਮਾ ਹਢਾਵਉ।(੩੫੯)। ਪਤੁ ਵੀਚਾਰੁ ਗਿਆਨ ਮਤਿ ਡੰਡਾ ਵਰਤਮਾਨ ਬਿਭੂਤੰ।(੩੬੦) ਜੋਗੁ ਨ ਖਿੰਥਾ ਜੋਗੁ ਨ ਡੰਡੈ, ਜੋਗੁ ਨ ਭਸਮ ਚੜਾਈਐ। ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ। ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ।(੭੩੦)।

ਮੁੰਦ੍ਰਾ ਗੁਰ ਉਪਦੇਸੁ, ਮੰਤ੍ਰ ਸੁਣਾਇਆ। ਖਿੰਥਾ ਖਿਮਾ ਸਿਵਾਇ, ਝੋਲੀ ਪਤਿ ਪਾਇਆ।
ਪੈਰੀ ਪੈ ਪਾ ਖਾਕ, ਬਿਭੂਤ ਬਣਾਇਆ। ਪਿਰਮ ਪਿਆਲਾ ਪਤ, ਭੋਜਨੁ ਭਾਇਆ।
ਡੰਡਾ ਗਿਆਨ ਵਿਚਾਰੁ, ਦੂਤ ਸਿਧਾਇਆ। ਸਹਜ ਗੁਫਾ ਸਤਿ ਸੰਗ, ਸਮਾਧਿ ਸਮਾਇਆ।(ਭਾ. ਗੁ. ਵਾਰ ੨੦-੧੬)।

## ॥ ਉਣੱਤੀਵੀਂ ਪਉੜੀ ॥

ਭੁਗਤਿ ਗਿਆਨੁ ਦਇਆ ਭੰਡਾਰਣਿ, ਘਟਿ ਘਟਿ ਵਾਜਹਿ ਨਾਦ ॥ (ਹੇ ਸਿੱਧੋ!) ਰੱਬੀ ਗਿਆਨ (ਸਾਡਾ) ਭੋਜਨ ਹੈ {ਬ੍ਰਹਮ ਗਿਆਨੀ ਕਾ ਭੋਜਨੁ ਗਿਆਨੁ ੨੭੩; ਭੋਜਨੁ ਗਿਆਨੁ ਮਹਾ ਰਸੁ ਮੀਠਾ। ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ੧੦੩੨}, ਦਇਆ (ਭੋਜਨ) ਵੰਡਣ ਵਾਲੀ ਭੰਡਾਰਨ ਹੈ (ਕਿਉਂਕਿ ਦਇਆ ਹੀ ਗਿਆਨ ਆਦਿਕ ਗੁਣ ਦੇਣ ਵਾਲੀ ਵਰਤਾਵੀ ਹੈ, ਜੋਗੀ ਭੰਡਾਰੇ ਸਮੇਂ ਸਿੰਙੀ ਵਜਾਉਂਦੇ ਹਨ) ਅਤੇ ਹਰੇਕ ਜੀਵ ਦੇ ਹਿਰਦੇ ਅੰਦਰ ਜੋ ਸ਼ਬਦ (ਪ੍ਰਮਾਤਮਾ ਦੀ ਚੇਤਨ ਸੱਤਾ) ਦੀ ਧੁਨੀ ਵਜ ਰਹੀ ਹੈ (ਉਹ ਸਾਡਾ) ਨਾਦ ਹੈ। ਘਟਿ ਘਟਿ ਵਾਜੈ ਕਿੰਗੁਰੀ ਅਨਦਿਨੁ ਸਬਦਿ ਸੁਭਾਇ। (੬੨)

ਆਪਿ ਨਾਥੁ ਨਾਥੀ ਸਭ ਜਾ ਕੀ, ਰਿਧਿ ਸਿਧਿ ਅਵਰਾ ਸਾਦ ॥ (ਭੰਡਾਰੇ ਦਾ) ਮਾਲਕ ਆਪ (ਨਿਰੰਕਾਰ) ਹੈ, ਸਾਰੀ ਦੁਨੀਆਂ ਜਿਸ

ਦੀ ਨੱਥੀ (ਵਸ ਕੀਤੀ) ਹੋਈ ਹੈ {ਆਪਿ ਨਾਥੁ ਨਥੀ ਸਭ ਜਾ ਕੀ, ਬਖਸੇ ਮੁਕਤਿ ਕਰਾਇਦਾ ੧੦੩੭; ਆਪਿ ਨਾਥੁ ਸਭ ਨਥੀਅਨੁ, ਸਭ ਹੁਕਮਿ ਚਲਾਈ ੧੨੫੧}, (ਤੁਹਾਡੀਆਂ) ਰਿਧੀਆਂ ਸਿਧੀਆਂ ਦੇ ਸੁਆਦ ਹੋਰ ਤਰ੍ਹਾਂ ਦੇ (ਰੱਬ ਤੋਂ ਦੂਰ ਲੈ ਜਾਣ ਵਾਲੇ) ਹਨ। ਰਿਧਿ ਸਿਧਿ ਸਭ ਮੋਹੁ ਹੈ, ਨਾਮੁ ਨ ਵਸੈ ਮਨਿ ਆਇ। (੫੯੩)

'ਰਿਧਿ ਸਿਧਿ ਅਵਰਾ ਸਾਦ' ਦਾ ਦੂਜਾ ਅਰਥ = ਰਿਧੀਆਂ ਸਿਧੀਆਂ ਦਾ ਸੁਆਦ ਹੋਰਨਾਂ ਨੂੰ ਹੈ (ਸਾਨੂੰ ਨਹੀਂ)।

ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ, ਲੇਖੇ ਆਵਹਿ ਭਾਗ ॥ (ਕਰਤਾਰ ਦੇ ਬਣਾਏ ਨਿਯਮ) ਮਿਲਾਪ ਤੇ ਵਿਛੋੜਾ ਦੋਵੇਂ (ਸੰਸਾਰ ਦਾ) ਕੰਮ ਚਲਾਉਂਦੇ ਹਨ (ਪ੍ਰਭੂ ਦਾ ਪ੍ਰੇਮ ਜੋੜਨ ਦਾ ਅਤੇ ਮਾਇਆ ਦਾ ਪ੍ਰੇਮ ਵਿਛੋੜਨ ਦਾ ਕੰਮ ਕਰਦਾ ਹੈ), ਕਰਮਾਂ ਦੇ ਹਿਸਾਬ ਅਨੁਸਾਰ (ਨਿਰੰਕਾਰ ਦੇ ਭੰਡਾਰੇ ਵਿਚੋਂ ਜੀਵਾਂ ਨੂੰ) ਛਾਂਦੇ ਮਿਲਦੇ ਹਨ (ਜੋਗੀ ਉਚਾ ਨੀਵਾਂ ਦਰਜਾ ਦੇਖ ਕੇ ਭੋਜਨ ਦਾ ਹਿੱਸਾ ਵੰਡਦੇ ਹਨ)।

ਅੰਗ ੭ = ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੨੯॥

ਇਨ੍ਹਾਂ ਪੰਗਤੀਆਂ ਦੇ ਅਰਥ ਉਪਰ ਹੋ ਚੁਕੇ ਹਨ।੨੯।

ਪਦਾਰਥ = ਭੁਗਤਿ–ਭੋਜਨ; ਚੂਰਮਾ।ਭੰਡਾਰਣਿ–ਭੰਡਾਰਾ ਵਰਤਾਉਣ ਵਾਲੀ।ਘਟਿ ਘਟਿ–ਹਰ ਇਕ ਦੇ ਹਿਰਦੇ ਵਿਚ।ਵਾਜਹਿ–ਵਜਦੇ ਹਨ।ਨਾਦ–ਜੋਗੀ ਭੰਡਾਰਾ ਖਾਣ ਵੇਲੇ ਧੂਤੂ (ਨਰਸਿੰਗਾ) ਵਜਾਉਂਦੇ ਹਨ, ਉਸ ਨੂੰ ਨਾਦ ਆਖਦੇ ਹਨ; ਧੁਨੀ (ਸ਼ਬਦ; ਚੇਤਨ ਸੱਤਾ ਦੀ)।ਨਾਥੁ–ਮਾਲਕ (ਨਿਰੰਕਾਰ)।ਨਾਥੀ–ਨੱਥੀ (ਵਸ ਵਿਚ ਕੀਤੀ) ਹੋਈ।ਸਭ–ਸਾਰੀ ਦੁਨੀਆਂ।ਜਾ ਕੀ–ਜਿਸ ਦੀ।ਰਿਧਿ ਸਿਧਿ–ਕਰਾਮਾਤੀ ਸ਼ਕਤੀਆਂ।ਅਵਰਾ–ਹੋਰ ਤਰ੍ਹਾਂ ਦੇ; ਹੋਰਨਾਂ ਦੇ।ਸਾਦ–ਸੁਆਦ; ਚਸਕੇ।ਸੰਜੋਗੁ–ਸੰਜੋਗ ਨਾਲ (ਮਿਲਾਪ ਵਾਲੇ ਕੀਤੇ ਕਰਮਾਂ ਦੇ ਕਰਮ ਫਲ ਤੇ ਕਰਤਾਰ ਦੇ ਹੁਕਮ ਨਾਲ ਮਿਲਣ ਵਾਲੇ ਪਦਾਰਥ)।ਵਿਜੋਗੁ–ਵਿਛੋੜੇ ਨਾਲ (ਕਰਮ ਫ਼ਲ ਕਰਕੇ ਕਰਤਾਰ ਦੇ ਹੁਕਮ ਨਾਲ ਵਿਛੜ ਜਾਣ ਵਾਲੇ ਪਦਾਰਥ)।ਦੁਇ–ਦੋਵੇਂ।ਕਾਰ–ਕੰਮ।ਚਲਾਵਹਿ–ਚਲਾਉਂਦੇ ਹਨ।ਲੇਖੇ–ਕਰਮਾਂ ਦੇ ਲਿਖੇ ਹਿਸਾਬ ਅਨੁਸਾਰ।ਅਵਹਿ–ਆਉਂਦੇ ਹਨ।ਭਾਗ–ਹਿੱਸਾ; ਛਾਂਦਾ।੨੯।

ਵਿਆਖਿਆ = ਰਿਧੀਆਂ ਸਿਧੀਆਂ ਦੀ ਸ਼ਕਤੀ ਅਤੇ ਅੰਨ ਪੂਰਣਾ ਦੇਵੀ ਦੀ ਬਰਕਤ ਨਾਲ ਜੋਗੀ ਅਤੇ ਨਾਥ ਅਪਣਾ ਭੰਡਾਰਾ ਚਲਦਾ ਮੰਨਦੇ ਹਨ।ਭੰਡਾਰਾ ਵਰਤਾਉਣ ਵਾਲਾ ਭੰਡਾਰੀ ਜਾਂ ਭੰਡਾਰਣ ਹੁੰਦੀ ਹੈ, ਜੋਗੀ ਭੰਡਾਰੇ ਵਿਚ ਪੱਕੇ ਭੋਜਨ ਨੂੰ ਭੁਗਤ ਆਖਦੇ ਹਨ। ਭੰਡਾਰਾ ਵਰਤਣ ਸਮੇਂ ਨਾਦ ਵਜਦੇ ਹਨ, ਗੁਰੂ ਜੀ ਜੋਗੀਆਂ ਦੇ ਭੰਡਾਰੇ ਦੇ ਮੁਕਾਬਲੇ ਅਕਾਲ ਪੁਰਖ ਦੇ ਭੰਡਾਰੇ ਦੀ ਮਹਾਨਤਾ ਦਸਦੇ ਹਨ।ਰੱਬੀ ਗਿਆਨ ਆਤਮਾ ਦੀ ਖੁਰਾਕ ਹੈ, ਗਿਆਨ ਦਾ ਭੋਜਨ ਮਨ ਨੂੰ ਤ੍ਰਿਪਤ ਕਰ ਦੇਂਦਾ ਹੈ ਅਤੇ ਸਾਰੀਆਂ ਭੁੱਖਾਂ ਮਿਟਾ ਦਿੰਦਾ ਹੈ {ਤ੍ਰਿਪਤਿ ਭਈ ਸਚੁ ਭੋਜਨੁ ਖਾਇਆ ੬੮੪}।ਰੱਬ ਦਇਆ ਕਰ ਕੇ ਸਾਰੇ ਜੀਵਾਂ ਨੂੰ ਦੇ ਰਿਹਾ ਹੈ, ਇਸ ਕਰਕੇ ਦਇਆ ਨੂੰ ਵਰਤਾਵੀ ਕਿਹਾ ਹੈ।ਇਕ ਵਾਰੀ ਸ਼ਿਵ ਜੀ ਨੂੰ ਕਿਧਰੋਂ ਵੀ ਭਿਖਿਆ ਨਾ ਮਿਲੀ ਤਾਂ ਮਹਾਂ ਮਾਇਆ ਨੇ ਅੰਨ ਪੂਰਣਾ ਦੇਵੀ ਦਾ ਰੂਪ ਧਾਰ ਕੇ ਕਾਂਸ਼ੀ ਵਿਚ ਸ਼ਿਵ ਨੂੰ ਅੰਨ ਦਿਤਾ ਸੀ।ਸਿੱਧਾਂ ਵਿਚ ਮਨੌਤ ਹੈ ਕਿ ਅੰਨ ਪੂਰਣਾ ਦੇਵੀ ਦੀ ਬਰਕਤ ਨਾਲ ਭੰਡਾਰੇ ਵਿਚ ਥੋੜਾ ਅੰਨ ਹੋਣ ਤੇ ਮੁਕਦਾ ਨਹੀਂ।ਗੁਰੂ ਜੀ ਅਨੁਸਾਰ ਅਕਾਲ ਪੁਰਖ ਦੇ ਭੰਡਾਰੇ ਇਤਨੇ ਮਹਾਨ ਹਨ, ਕਦੇ ਤੋਟ ਆਉਂਦੀ ਹੀ ਨਹੀਂ।ਭੰਡਾਰੇ ਸਮੇਂ ਨਰ ਸਿੰਗਾ, ਸੰਖ ਆਦਿ ਵਜਾਉਣ ਨੂੰ ਜੋਗੀ ਨਾਦ ਆਖਦੇ ਹਨ, ਗੁਰੂ ਜੀ ਕਹਿੰਦੇ ਹਨ, ਹਰੇਕ ਅੰਦਰ ਰੱਬ ਦੀ ਚੇਤਨ ਸੱਤਾ ਦੇ ਆਸਰੇ ਸੁਆਸ ਚਲ ਰਹੇ ਹਨ, ਇਹੋ ਹੀ ਮਾਨੋ ਰੱਬੀ ਨਾਦ ਵਜ ਰਿਹਾ ਹੈ।ਸਿੱਧ ਸ਼ਿਵ ਜੀ ਨੂੰ ਆਦਿ ਨਾਥ ਮੰਨਦੇ ਹਨ, ਗੁਰੂ ਜੀ ਅਨੁਸਾਰ ਸਭ ਤੋਂ ਵੱਡਾ ਨਾਥ ਤਾਂ ਅਕਾਲ ਪੁਰਖ ਆਪ ਹੈ, ਜਿਸ ਨੇ ਸਭ ਨੂੰ ਵਸ ਕੀਤਾ ਹੋਇਆ ਹੈ {ਨਕਿ ਨਥ ਖਸਮ ਹਥ, ਕਿਰਤੁ ਧਕੇ ਦੇ ੬੫੩}।ਰਿਧੀਆਂ ਸਿਧੀਆਂ ਸਾਧੂਆਂ ਨੂੰ ਅਪਣੀ ਮਾਨਤਾ ਕਰਾਉਣ, ਸੰਸਾਰੀ ਜਸ ਖੱਟਣ ਅਤੇ ਵਰ ਸਰਾਪ ਦੇ ਕੇ ਅਪਣੀ ਧੌਂਸ ਜਮਾਉਣ ਵੱਲ ਲੈ ਜਾਂਦੀਆਂ ਹਨ।ਇਸ ਨਾਲ ਸਾਧੂ ਰੱਬ ਤੋਂ ਲਾਂਭੇ ਹੋ ਜਾਂਦਾ ਹੈ, ਗੁਰੂ ਜੀ ਰਿਧੀਆਂ ਸਿਧੀਆਂ ਨੂੰ 'ਅਵਰਾ ਸਾਦ' ਆਖਦੇ ਹਨ।ਜੀਵਾਂ ਅੰਦਰ ਸੁਆਸ ਚੱਕਰ ਚਲ ਰਿਹਾ ਹੈ, ਸਾਹ ਲੈਣਾ ਅਤੇ ਬਾਹਰ ਕੱਢਣਾ, ਪੈਦਾ ਹੋਣਾ ਤੇ ਮਰ ਜਾਣਾ, ਦਿਨ ਗਿਆ ਤੇ ਰਾਤ ਆਈ, ਪਦਾਰਥ ਮਿਲਣੇ ਜਾਂ ਪਦਾਰਥ ਸੰਪਤੀ ਮਨੁੱਖ ਕੋਲੋਂ ਚਲੇ ਜਾਣੇ, ਕਿਸੇ ਸਬੰਧੀ ਦਾ ਮੇਲ ਅਤੇ ਵਿਛੋੜਾ ਆਦਿ ਇਹ ਸਭ ਨਿਰੰਕਾਰ ਦੇ ਬਣਾਏ ਸੰਜੋਗ ਤੇ ਵਿਜੋਗ ਦੋਹਾਂ ਨਿਯਮਾਂ ਕਰਕੇ ਹੁੰਦਾ ਰਹਿੰਦਾ ਹੈ {ਸੰਜੋਗੀ ਮਿਲਿ ਏਕਸੇ, ਵਿਜੋਗੀ ਉਠਿ ਜਾਇ ੧੮; ਸੰਜੋਗੁ ਵਿਜੋਗੁ ਉਪਾਇਓਨੁ, ਸ੍ਰਿਸਟੀ ਕਾ ਮੂਲੁ ਰਚਾਇਆ ੫੦੯}।ਨਿਰੰਕਾਰ ਹਰੇਕ ਨੂੰ ਉਸਦੇ ਭਾਗਾਂ ਅਨੁਸਾਰ ਰੋਜੀ ਰੋਟੀ ਦਾ ਛਾਂਦਾ ਦੇਂਦਾ ਰਹਿੰਦਾ ਹੈ।

## ॥ ਤੀਹਵੀਂ ਪਉੜੀ ॥

ਏਕਾ ਮਾਈ ਜੁਗਤਿ ਵਿਆਈ, ਤਿਨਿ ਚੇਲੇ ਪਰਵਾਣੁ ॥ (ਪੁਰਾਣਾਂ ਦਾ ਵਿਚਾਰ ਹੈ ਕਿ) ਇਕ ਮਾਇਆ ਜੁਗਤੀ (ਕਿਸੇ ਤਰੀਕੇ) ਨਾਲ ਪ੍ਰਸੂਤ ਹੋਈ, ਜਿਸ ਤੋਂ ਤਿੰਨ ਚੇਲੇ (ਪੁਤ੍ਰ) ਪ੍ਰਮਾਣੀਕ ਹੋਏ।ਮਾਇਆ ਮਾਈ ਤ੍ਰੈ ਗੁਣ ਪਰਸੂਤਿ ਜਮਾਇਆ। (੧੦੬੬)

ਇਕੁ ਸੰਸਾਰੀ ਇਕੁ ਭੰਡਾਰੀ, ਇਕੁ ਲਾਏ ਦੀਬਾਣੁ ॥ (ਉਨ੍ਹਾਂ ਵਿਚੋਂ) ਇਕ ਸੰਸਾਰ ਰਚਣ ਵਾਲਾ (ਬ੍ਰਹਮਾ), ਇਕ (ਖਾਣ ਪੀਣ ਦੇ)

ਭੰਡਾਰੇ ਦਾ ਮਾਲਕ (ਵਿਸ਼ਨੂੰ) ਅਤੇ ਇਕ (ਸ਼ਿਵ ਜੀ, ਜੋ ਜੀਵਾਂ ਨੂੰ ਮਾਰਨ ਲਈ) ਕਚਹਿਰੀ ਲਾਉਂਦਾ ਹੈ। ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ, ਸਿਰਿ ਧੰਧੈ ਲਾਇਆ। (੫੦੯); ਬ੍ਰਹਮਾ ਬਿਸਨੁ ਮਹੇਸੁ ਤ੍ਰੈ ,ਸੈਂਸਾਰੀ ਭੰਡਾਰੀ ਰਾਜੇ। (ਭਾ. ਗੁ. ੨੬-੧੮)

ਜਿਵ ਤਿਸੁ ਭਾਵੈ ਤਿਵੈ ਚਲਾਵੈ, ਜਿਵ ਹੋਵੈ ਫੁਰਮਾਣੁ ॥ ਜਿਵੇਂ ਉਸ (ਕਰਤਾਰ) ਨੂੰ ਭਾਉਂਦਾ ਹੈ, ਉਸੇ ਤਰ੍ਹਾਂ ਉਹ (ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਜੀ ਨੂੰ) ਚਲਾਉਂਦਾ ਹੈ, (ਇਹ ਤਿੰਨੇ ਦੇਵਤੇ ਸੁਤੰਤਰ ਨਹੀਂ ਹਨ, ਇਹ ਉਸੇ ਤਰ੍ਹਾਂ ਕੰਮ ਕਰਦੇ ਹਨ) ਜਿਵੇਂ (ਕਰਤਾਰ ਦਾ) ਹੁਕਮ ਹੁੰਦਾ ਹੈ। ਬ੍ਰਹਮਾ ਬਿਸਨੁ ਮਹੇਸੁ ਉਪਾਇਅਨੁ, ਹੁਕਮਿ ਕਮਾਵਨਿ ਕਾਰਾ। (੯੪੮)

ਓਹੁ ਵੇਖੈ ਓਨਾ ਨਦਰਿ ਨ ਆਵੈ, ਬਹੁਤਾ ਇਹੁ ਵਿਡਾਣੁ ॥ ਬਹੁਤੀ ਹੈਰਾਨਗੀ ਇਹ ਹੈ ਕਿ ਉਹ (ਕਰਤਾਰ) ਇਨ੍ਹਾਂ ਤਿੰਨਾਂ (ਬ੍ਰਹਮਾ ਵਿਸ਼ਨੂੰ ਤੇ ਸ਼ਿਵ ਜੀ) ਨੂੰ ਦੇਖਦਾ ਹੈ, (ਪਰ ਕਰਤਾਰ ਆਪ) ਉਨ੍ਹਾਂ (ਤਿੰਨਾਂ) ਨੂੰ ਨਜਰ ਨਹੀਂ ਆਉਂਦਾ।

ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ, ਤ੍ਰਿਗੁਣਿ ਭਰਮਿ ਭੁਲਾਈ। (੯੦੯)

ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ, ਜੁਗੁ ਜੁਗੁ ਏਕੋ ਵੇਸੁ ॥੩੦॥ ਇਨ੍ਹਾਂ ਤੁਕਾਂ ਦੇ ਅਰਥ ਉਪਰ ਆ ਚੁਕੇ ਹਨ।੩੦।ਵਿਸ਼ਾ ਤਿੰਨ ਚੇਲਿਆਂ ਦਾ ਚਲ ਰਿਹਾ ਹੋਣ ਕਰਕੇ ਬਹੁਤੇ ਵਿਦਵਾਨਾਂ ਨੇ ਉਪਰੋਕਤ ਅਰਥ ਲਿਖੇ ਹਨ।

ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥ ਇਕ ਅਕਾਲ ਪੁਰਖ ਨਾਲ ਮਾਇਆ (ਸ਼ਕਤੀ ਜਾਂ ਪ੍ਰਕਿਰਤੀ) ਜੁੜ ਕੇ ਪ੍ਰਸੂਤ ਹੋਈ, ਜਿਸ ਤੋਂ ਤਿੰਨ ਪੁਤ੍ਰ ਪੈਦਾ ਹੋਏ (ਪਰਵਾਣੁ) ਮੰਨੇ ਜਾਂਦੇ ਹਨ।

ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥ ਉਸ (ਕਰਤਾਰ) ਨੂੰ ਜਿਸ ਤਰ੍ਹਾਂ ਭਾਉਂਦਾ ਹੈ, ਉਸੇ ਤਰ੍ਹਾਂ ਉਹ ਜਗਤ ਨੂੰ ਚਲਾਉਂਦਾ ਹੈ, ਜਿਵੇਂ ਉਸ (ਕਰਤਾਰ) ਦਾ ਹੁਕਮ ਹੁੰਦਾ ਹੈ (ਉਸੇ ਤਰ੍ਹਾਂ ਸਾਰੇ ਜੀਵ ਚਲਦੇ ਹਨ, ਜਗਤ ਦਾ ਕਰਤਾ ਭਰਤਾ ਹਰਤਾ 'ਆਦਿ ਅਨੀਲ ਅਨਾਹਤਿ ਜੁਗੁ ਜੁਗੁ ਏਕੋ ਵੇਸੁ' ਕਰਤਾਰ ਹੈ, ਇਨ੍ਹਾਂ ਦੇਵਤਿਆਂ ਦੇ ਵਸ ਵਿਚ ਕੁਛ ਨਹੀਂ)।

ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਇਹੁ ਵਿਡਾਣੁ ॥ ਉਹ (ਨਿਰੰਕਾਰ ਸਭ) ਜੀਵਾਂ ਨੂੰ ਦੇਖਦਾ (ਸੰਭਾਲਦਾ) ਹੈ, ਪਰ ਉਨ੍ਹਾਂ (ਜੀਵਾਂ) ਨੂੰ (ਉਹ ਨਿਰੰਕਾਰ) ਨਜਰ ਨਹੀਂ ਆਉਂਦਾ, ਇਹ ਬਹੁਤ ਅਸਚਰਜ ਵਾਲੀ ਬਾਤ ਹੈ।

ਦਰਪਣ, ਡਾ. ਤਾਰਨ ਸਿੰਘ ਅਤੇ ਕੁਝ ਹੋਰ ਵਿਦਵਾਨਾਂ ਨੇ ਵੀ ਇਸੇ ਤਰ੍ਹਾਂ ਦੇ ਅਰਥ ਵੀ ਕੀਤੇ ਹਨ।

ਪਦਾਰਥ = ਏਕਾ-ਇਕੋ ਹੀ; ਇਕੱਲੀ; ਇਕ ਪ੍ਰਮਾਤਮਾ।ਮਾਈ-ਮਾਇਆ।ਜੁਗਤਿ-ਕਿਸੇ ਤਰੀਕੇ ਨਾਲ; ਸੰਜੋਗ ਕਰਕੇ; ਜੁੜ ਕੇ। ਵਿਆਈ-ਸੂਈ (ਜਨਮੀ); ਪ੍ਰਸੂਤ ਹੋਈ।ਚੇਲੇ-ਨਾਦੀ ਪੁਤ੍ਰ।ਪਰਵਾਣੁ-ਮੰਨੇ ਗਏ; ਪ੍ਰਮਾਣੀਕ; ਪ੍ਰਤੱਖ।ਸੰਸਾਰੀ-ਸੰਸਾਰ ਰਚਣ ਵਾਲਾ ਬ੍ਰਹਮਾ।ਭੰਡਾਰੀ-ਭੰਡਾਰੇ ਦਾ ਮਾਲਕ; ਪਾਲਣ ਵਾਲਾ ਵਿਸ਼ਨੂੰ।ਲਾਏ-ਲਾਉਂਦਾ ਹੈ।ਦੀਬਾਣੁ-ਕਚਹਿਰੀ; (ਮਾਰਨ ਵਾਲਾ) ਹਾਕਮ। ਜਿਵ-ਜਿਵੇਂ।ਤਿਸੁ-ਉਸ (ਕਰਤਾਰ) ਨੂੰ।ਤਿਵੈ-ਉਸੇ ਤਰ੍ਹਾਂ।ਫੁਰਮਾਣੁ-ਹੁਕਮ।ਓਹੁ-ਉਹ (ਕਰਤਾਰ)।ਓਨਾ-ਉਨ੍ਹਾਂ (ਤਿੰਨ ਚੇਲਿਆਂ; ਜੀਵਾਂ) ਨੂੰ।ਨਦਰਿ ਨ ਆਵੈ-ਨਜਰ ਨਹੀਂ ਆਉਂਦਾ।ਵਿਡਾਣੁ-ਅਸਚਰਜ।੩੦।

ਵਿਆਖਿਆ = ਜੋਗੀ ਸ਼ਿਵ ਜੀ ਦੀ ਉਪਾਸ਼ਨਾ ਕਰਦੇ ਹਨ।ਗੁਰੂ ਜੀ ਦਸਦੇ ਹਨ ਕਿ ਹਿੰਦੂ ਗ੍ਰੰਥਾਂ ਅਨੁਸਾਰ ਬ੍ਰਹਮਾ ਵਿਸ਼ਨੂੰ ਅਤੇ ਸ਼ਿਵ ਇਕ ਪ੍ਰਮਾਤਮਾ ਦੇ ਮਾਇਆ ਦੁਆਰਾ ਪੈਦਾ ਕੀਤੇ ਹੋਏ ਹਨ।ਮਾਇਆ ਇਕੱਲੀ ਅਪਣੇ ਆਪ ਇਨ੍ਹਾਂ ਤਿੰਨਾਂ ਨੂੰ ਪੈਦਾ ਨਹੀ ਕਰ ਸਕਦੀ।ਇਹ ਤਿੰਨੇ ਹਿੰਦੂ ਗ੍ਰੰਥਾਂ ਵਿਚ ਪਰਵਾਨ ਮੰਨੇ ਗਏ ਹਨ, ਇਨ੍ਹਾਂ ਤਿੰਨਾਂ ਨੂੰ ਪੈਦਾ ਕਰਨ, ਪਾਲਣ ਪੋਸਣ ਅਤੇ ਨਾਸ਼ ਕਰਨ ਦਾ ਕੰਮ ਸੌਂਪਿਆ ਹੋਇਆ ਹੈ।ਪ੍ਰਮਾਤਮਾ ਇਨ੍ਹਾਂ ਤਿੰਨਾਂ ਨੂੰ ਅਤੇ ਇਨ੍ਹਾਂ ਦੇ ਕੰਮ ਕਾਜ ਨੂੰ ਦੇਖਦਾ ਹੈ, ਪਰ ਇਨ੍ਹਾਂ ਤਿੰਨਾਂ ਤੇ ਮਾਇਆ ਜਾਂ ਤਿੰਨਾਂ ਗੁਣਾਂ ਦਾ ਪ੍ਰਭਾਵ ਪਿਆ ਹੋਣ ਕਰਕੇ ਪ੍ਰਮਾਤਮਾ ਇਨ੍ਹਾਂ ਨੂੰ ਨਜਰ ਨਹੀਂ ਆਉਂਦਾ।ਮਹਾਨ ਕੋਸ਼ ਨੇ ਮਾਈ ਦਾ ਅਰਥ 'ਕਰਤਾਰ' ਅਤੇ 'ਜਗਤ ਰਚਨਾ ਦਾ ਕਾਰਣ ਰੂਪ ਈਸ਼ਵਰ ਦੀ ਸ਼ਕਤੀ' ਵੀ ਕੀਤਾ ਹੈ।ਕਰਤਾਰੀ ਸ਼ਕਤੀ ਨੇ ਹੀ ਬ੍ਰਹਮਾ ਵਿਸ਼ਨੂੰ ਅਤੇ ਸ਼ਿਵ ਸਮੇਤ ਸਾਰੇ ਅਦ੍ਰਿਸਟ ਅਤੇ ਦਿਸਦੇ ਸੰਸਾਰ ਦੀ ਰਚਨਾ ਕੀਤੀ।ਬ੍ਰਹਮਾ ਬਿਸਨੁ ਮਹੇਸੁ ਇਕ ਮੂਰਤਿ, ਆਪੇ ਕਰਤਾ ਕਾਰੀ।(੯੦੮)। ਗੁਰਮਤਿ ਵਿਚ ਮਾਇਆ ਪ੍ਰਮਾਤਮਾ ਦੇ ਪੈਦਾ ਕੀਤੇ ਹੋਏ ਅਨੰਤ ਪਸਾਰੇ ਦਾ ਇਕ ਭਾਗ ਹੈ {ਅਪਨੀ ਮਾਇਆ ਆਪਿ ਪਸਾਰੀ, ਆਪਹਿ ਦੇਖਨਹਾਰਾ ੫੩੭; ਤ੍ਰੈ ਗੁਣ ਮਾਇਆ ਬ੍ਰਹਮ ਕੀ ਕੀਨੀ...੪੦੪}।ਪ੍ਰਭੂ ਨੇ ਮਾਇਆ ਰਚੀ, ਉਹ ਆਪ ਚੇਤਨ ਹੈ ਅਤੇ ਮਾਇਆ ਅਚੇਤਨ ਰਚੀ ਹੈ।ਸੋ ਚੇਤਨ ਕਰਤਾਰ ਨੇ ਅਚੇਤਨ ਮਾਇਆ ਨੂੰ ਚੇਤਨ ਸੱਤਾ ਨਾਲ ਸੱਤਿਆਵਾਨ ਕਰ ਦਿਤਾ, ਜਿਸ ਤੋਂ ਸ੍ਰਿਸਟੀ ਪੈਦਾ ਹੋਈ।ਆਮ ਖਿਆਲ ਕੀਤਾ ਜਾਂਦਾ ਹੈ ਕਿ ਕਰਤਾਰ ਮਾਇਆ ਦੇ ਤਿੰਨਾਂ ਗੁਣਾਂ ਰਾਹੀਂ ਸੰਸਾਰ ਦੀ ਕਾਰ ਨੂੰ ਚਲਾਉਂਦਾ ਹੈ, ਇਨ੍ਹਾਂ ਤਿੰਨਾਂ ਗੁਣਾਂ ਨੂੰ ਭਾਰਤੀ ਦਰਸ਼ਨ ਪ੍ਰਨਾਲੀ ਵਿਚ ਤ੍ਰੈ ਮੂਰਤੀ (ਬ੍ਰਹਮਾ ਵਿਸ਼ਨੂੰ ਮਹੇਸ਼) ਦਾ ਨਾਮ ਦਿਤਾ ਗਿਆ ਹੈ।ਪਰ ਇਹ ਤਿੰਨੇ ਸੁਤੰਤਰ ਨਹੀ, ਅਪਣੀ ਮਰਜੀ ਨਹੀ ਕਰ ਸਕਦੇ, ਜੋ ਵੀ ਕੰਮ ਇਹ ਕਰਦੇ ਹਨ, ਪ੍ਰਮਾਤਮਾ ਦੇ ਹੁਕਮ ਅਨੁਸਾਰ ਹੀ ਕਰਦੇ ਹਨ ।ਆਗਿਆਕਾਰੀ ਕੀਨੀ ਮਾਇਆ। (੨੯੪)

ਜਿਵੇਂ ਕੋਈ ਮਾਲਕ ਦੂਰ ਬੈਠਾ ਤਿੰਨ ਮੈਨੇਜਰਾਂ ਰਾਹੀਂ ਅਪਣੀ ਫੈਕਟਰੀ ਦਾ ਕੰਮ ਕਾਰ ਚਲਾਉਂਦਾ ਹੈ।ਇਕ ਮੈਨੇਜਰ ਕਾਮਿਆਂ ਤੋਂ ਕੰਮ ਕਰਾਉਣ ਅਤੇ ਤਨਖਾਹ ਵੰਡਣ ਵਾਲਾ, ਦੂਜਾ ਫੈਕਟਰੀ ਵਿਚ ਬਣਨ ਵਾਸਤੇ ਬਾਹਰੋਂ ਸਮਾਨ ਮੰਗਵਾਉਣ ਵਾਲਾ ਅਤੇ ਤੀਜਾ

ਬਣਿਆ ਹੋਇਆ ਮਾਲ ਵੇਚਣ ਵਾਸਤੇ ਬਾਹਰ ਭੇਜਣ ਵਾਲਾ ਹੈ।ਨਵੇਂ ਭਰਤੀ ਹੋਏ ਕਾਮੇ ਇਨ੍ਹਾਂ ਤਿੰਨਾਂ ਨੂੰ ਫੈਕਟਰੀ ਦਾ ਮਾਲਕ ਸਮਝ ਲੈਂਦੇ ਹਨ।ਪਰ ਜਿਉਂ ਜਿਉਂ ਕਾਮੇ ਪੁਰਾਣੇ ਅਤੇ ਭੇਤੀ ਹੁੰਦੇ ਜਾਂਦੇ ਹਨ, ਉਨ੍ਹਾਂ ਨੂੰ ਜਾਣਕਾਰੀ ਮਿਲਦੀ ਹੈ ਕਿ ਮਾਲਕ ਇਹ ਤਿੰਨ ਨਹੀਂ ਹਨ, ਇਹ ਵੀ ਦੂਰ ਬੈਠੇ ਮਾਲਕ ਦੇ ਹੁਕਮ ਅਧੀਨ ਕੰਮ ਕਰਨ ਵਾਲੇ ਮੈਨੇਜਰ ਹਨ।ਲੋਕਾਂ ਨੇ ਕਰਤਾਰ ਦੀ ਸੰਸਾਰ ਨੂੰ ਪੈਦਾ ਕਰਨ ਵਾਲੀ ਸ਼ਕਤੀ ਨੂੰ ਬ੍ਰਹਮਾ, ਪਾਲਣ ਤੇ ਰੱਖਿਆ ਕਰਨ ਵਾਲੀ ਸ਼ਕਤੀ ਨੂੰ ਵਿਸ਼ਨੂੰ ਅਤੇ ਨਾਸ਼ ਕਰਨ ਵਾਲੀ ਸ਼ਕਤੀ ਨੂੰ ਸ਼ਿਵ ਮੰਨ ਲਿਆ।ਗੁਰਬਾਣੀ ਅਨੁਸਾਰ ਕਰਤਾਰ ਆਪ ਹੀ ਪੈਦਾ ਕਰਨ ਵਾਲਾ, ਪਾਲਣ ਪੋਸਣ ਤੇ ਰੱਖਿਆ ਕਰਨ ਵਾਲਾ ਅਤੇ ਨਾਸ਼ ਕਰਨ ਵਾਲਾ ਹੈ, ਹੋਰ ਦੂਜਾ ਕੋਈ ਨਹੀਂ।

ਇਕ ਦੂੰ ਹੋਇ ਤਿੰਨ ਦੇਵ, ਤਿਹੁ ਮਿਲਿ ਦਸ ਅਵਤਾਰ ਗਣਾਇਆ।
ਆਦਿ ਪੁਰਖੁ ਆਦੇਸੁ ਹੈ, ਓਹੁ ਵੇਖੈ ਓਨਾ ਨਦਰਿ ਨ ਆਇਆ।(ਭਾ.ਗੁ.ਵਾਰ ੨੬-੨)।

## ॥ ਇਕੱਤੀਵੀਂ ਪਉੜੀ ॥

ਆਸਣੁ ਲੋਇ ਲੋਇ ਭੰਡਾਰ ॥ ਅਕਾਲ ਪੁਰਖ ਦਾ ਆਸਣ (ਟਿਕਾਣਾ ਸ਼ਿਵ ਲੋਕ ਜਾਂ ਅਕਾਸ਼, ਪਤਾਲ ਤੇ ਮਾਤ ਲੋਕਾਂ ਵਿਚ ਹੀ ਨਹੀਂ, ਸਗੋਂ) ਹਰੇਕ ਲੋਕ ਵਿਚ ਹੈ ਅਤੇ (ਹਰੇਕ ਲੋਕ ਵਿਚ ਉਸ ਦੇ) ਭੰਡਾਰੇ (ਕਾਇਮ ਕੀਤੇ ਹੋਏ) ਹਨ। ਪੁੜੁ ਧਰਤੀ ਪੁੜੁ ਪਾਣੀ ਆਸਣੁ ,ਚਾਰਿ ਕੁੰਟ ਚਉਬਾਰਾ। (੫੯੬) ਭਾਵ ਸਭ ਪਾਸੇ ਉਸ ਦਾ ਆਸਣ ਹੈ।

ਜੋ ਕਿਛੁ ਪਾਇਆ ਸੁ ਏਕਾ ਵਾਰ ॥ (ਜੀਵਾਂ ਦੇ ਵਰਤਣ ਲਈ ਇਨ੍ਹਾਂ ਭੰਡਾਰਿਆਂ ਵਿਚ) ਜੋ ਕੁਛ ਪਾਇਆ ਹੈ, ਉਹ ਇਕੋ ਵਾਰੀ ਪਾ ਦਿਤਾ ਹੈ (ਉਸ ਦੇ ਭੰਡਾਰੇ ਅਮੁੱਕ ਹਨ, ਨਾ ਖਾਲੀ ਹੁੰਦੇ ਹਨ ਤੇ ਨਾ ਦੁਬਾਰਾ ਭਰਨ ਦੀ ਲੋੜ ਹੈ, ਵਿਸ਼ਨੂੰ ਦੀ ਕੋਈ ਲੋੜ ਨਹੀਂ)।

ਕਰਿ ਕਰਿ ਵੇਖੈ ਸਿਰਜਣਹਾਰੁ ॥ ਸਿਰਜਣਹਾਰ ਪ੍ਰਮਾਤਮਾ (ਰਚਨਾ) ਪੈਦਾ ਕਰ ਕੇ (ਕਿਤੇ ਗਿਆ ਨਹੀਂ, ਅੰਦਰ ਹੀ ਬੈਠਾ ਹੈ, ਪੈਦਾ ਕੀਤੀ ਰਚਨਾ ਨੂੰ ਦੇਖਦਾ) ਸੰਭਾਲ ਵੀ ਕਰਦਾ ਹੈ।ਕਰਿ ਕਰਿ ਵੇਖੈ ਕਰਤਾ ਸੋਈ ੮੪੦।ਆਪੇ ਕਰਤਾ ਕਰਿ ਕਰਿ ਵੇਖੈ ੧੦੪੭।

ਨਾਨਕ ਸਚੇ ਕੀ ਸਾਚੀ ਕਾਰ ॥ ਗੁਰੂ ਨਾਨਕ ਦੇਵ ਜੀ ਆਖਦੇ ਹਨ, ਸੱਚੇ ਪ੍ਰਭੂ ਦੀ ਰਚੀ ਕਾਰ (ਰਚਨਾ) ਸੱਚੀ ਹੈ।ਪ੍ਰਭ ਸਾਚੇ ਕੀ ਸਾਚੀ ਕਾਰ।(੬੬੫) ਭਾਵ ਸ੍ਰਿਸਟੀ ਰਚਣ ਸਮੇਂ ਜੋ ਨਿਯਮ ਪ੍ਰਭੂ ਨੇ ਬਣਾਏ ਹਨ, ਉਹ ਸ੍ਰਿਸਟੀ ਦੇ ਅੰਤ ਤਕ ਉਸੇ ਤਰ੍ਹਾਂ ਚਲਦੇ ਰਹਿੰਦੇ ਹਨ।ਜਿਵੇਂ ਭਲੇ ਕਰਮਾਂ ਦਾ ਫਲ ਸੁੱਖ ਤੇ ਸ਼ਾਂਤੀ ਅਤੇ ਬੁਰੇ ਕਰਮਾਂ ਦਾ ਫਲ ਦੁਖ ਤੇ ਅਸ਼ਾਂਤੀ ਮਿਲਦੇ ਹਨ।

ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ, ਜੁਗੁ ਜੁਗੁ ਏਕੋ ਵੇਸੁ ॥੩੧॥ ਇਨ੍ਹਾਂ ਤੁਕਾਂ ਦੇ ਅਰਥ ਉਪਰ ਕੀਤੇ ਜਾ ਚੁਕੇ ਹਨ।੩੧।

ਆਸਣੁ ਲੋਇ ਲੋਇ ਭੰਡਾਰ ॥ ਸਾਰੇ ਲੋਕਾਂ ਦੇ ਹਿਰਦਿਆਂ ਵਿਚ ਪ੍ਰਭੂ ਦਾ ਆਸਣ ਹੈ ਅਤੇ ਸਾਰੇ ਲੋਕਾਂ ਦੇ ਹਿਰਦਿਆਂ ਵਿਚ ਉਸ ਦੇ ਭੰਡਾਰੇ ਹਨ (ਲੋਕ ਧਰਮ ਹਿਤ ਜੋ ਕੁਛ ਦਿੰਦੇ ਹਨ, ਉਸ ਦੇ ਹੀ ਭੰਡਾਰੇ ਹਨ)।ਸੰ. ਸ.।

ਜੋ ਕਿਛੁ ਪਾਇਆ ਸੁ ਏਕਾ ਵਾਰ ॥ ਮਨੁੱਖ ਦੀ ਕਿਸਮਤ ਵਿਚ ਪ੍ਰਭੂ ਨੇ ਜੋ ਕੁਛ ਪਾਇਆ ਹੈ, ਉਹ ਇਕ ਬਾਰ ਹੀ ਪਾ ਦਿਤਾ ਹੈ (ਉਸ ਵਿਚ ਹੀ ਸਾਰੀ ਉਮਰ ਬੀਤ ਜਾਂਦੀ ਹੈ)। ਜੋ ਦੀਨੋ ਸੋ ਏਕਹਿ ਬਾਰ। (੨੫੮)

ਪਦਾਰਥ = ਆਸਣੁ-ਬੈਠਣ ਵਾਲੀ ਥਾਂ; ਨਿਵਾਸ ਸਥਾਨ।ਲੋਇ ਲੋਇ-ਲੋਕ ਲੋਕ (ਹਰੇਕ ਭਵਨ) ਵਿਚ।ਭੰਡਾਰ-ਖਜਾਨੇ; (ਪਦਾਰਥਾਂ ਦੇ) ਮਾਲ ਗੁਦਾਮ।ਕਰਿ ਕਰਿ-(ਰਚਨਾ) ਪੈਦਾ ਕਰ ਕਰ ਕੇ।ਕਾਰ-ਕੰਮ; ਪ੍ਰਬੰਧ।ਵੇਖੈ-ਦੇਖਦਾ ਹੈ; ਸੰਭਾਲਦਾ ਹੈ; ਜੀਵਾਂ ਦੇ ਸ਼ੁੱਭ ਅਸ਼ੁੱਭ ਕਰਮਾਂ ਨੂੰ ਵਿਚਾਰਦਾ ਹੈ।ਸਿਰਜਣਹਾਰੁ-ਸ੍ਰਿਸਟੀ ਨੂੰ ਪੈਦਾ ਕਰਨ ਵਾਲਾ ਕਰਤਾਰ।ਸਾਚੇ ਕੀ-ਸੱਚੇ ਪ੍ਰਭੂ ਦੀ।੩੧।

ਵਿਆਖਿਆ = ਸਿੱਧ ਕਹਿਣ ਲਗੇ ਸ਼ਿਵ ਜੀ ਦਾ ਆਸਣ ਸ਼ਿਵ ਲੋਕ ਵਿਚ ਹੈ, ਵਿਸ਼ਨੂੰ ਦਾ ਆਸਣ ਸਵੱਰਗ ਵਿਚ ਹੈ ਅਤੇ ਬ੍ਰਹਮ ਲੋਕ ਵਿਚ ਬ੍ਰਹਮਾ ਦਾ ਆਸਣ ਹੈ।ਇਨ੍ਹਾਂ ਲੋਕਾਂ ਵਿਚ ਪੁਜਣ ਵਾਲੇ ਭਗਤਾਂ ਨੂੰ ਬੇਅੰਤ ਪਦਾਰਥ ਪ੍ਰਾਪਤ ਹੁੰਦੇ ਹਨ।ਸਾਨੂੰ ਇਹ ਦਸੋ ਆਦਿ ਅਨੀਲ ਹਸਤੀ ਨੂੰ ਤੁਸੀਂ ਆਦੇਸ ਕਰਦੇ ਹੋ, ਉਸ ਦਾ ਆਸਣ ਕਿਥੇ ਹੈ? ਗੁਰੂ ਜੀ ਦਾ ਉਤਰ ਹੈ ਕਿ ਇਨ੍ਹਾਂ ਤਿੰਨਾਂ ਦੇਵਤਿਆਂ ਨੂੰ ਪੈਦਾ ਕਰਨ ਵਾਲੇ ਨਿਰੰਕਾਰ ਦਾ ਆਸਣ ਅਤੇ ਭੰਡਾਰੇ ਅਨੰਤ ਖੰਡਾਂ ਬ੍ਰਹਮੰਡਾਂ ਵਿਚ ਹਨ {ਧਰਤੀ ਦੇਗ ਮਿਲੈ ਇਕ ਵੇਰਾ, ਭਾਗ ਤੇਰਾ ਭੰਡਾਰੀ ੧੧੯੦} ਧਰਤੀ ਦੇਗ (ਭੰਡਾਰ) ਹੈ, ਜਿਸ ਵਿਚ ਪ੍ਰਭੂ ਨੇ ਇਕੋ ਵਾਰੀ ਸਭ ਕੁਝ ਪਾ ਦਿਤਾ ਹੋਇਆ ਜੀਵਾਂ ਨੂੰ ਮਿਲਦਾ ਹੈ, ਨਿਰੰਕਾਰ ਦਾ ਬਣਾਇਆ ਭਾਗ (ਕਿਸਮਤ) ਭੰਡਾਰ ਵੰਡਣ ਵਾਲਾ ਹੈ।{ਦਾਤਿ ਕਰੈ ਨਹੀਂ ਪਛੋੁਤਾਵੈ।ਏਕਾ ਬਖਸ ਫਿਰਿ ਬਹੁਰਿ ਨ ਬੁਲਾਵੈ ੧੩੩੭}ਇਕੋ ਵਾਰੀ ਦੇ ਕੇ ਮੁੜ ਨਹੀਂ ਬੁਲਾਉਂਦਾ ਕਿ ਆ ਕੇ ਲੈ ਜਾਓ ਜਾਂ ਬਾਦ ਵਿਚ ਲੈਣ ਆਇਓ ਭਾਵ ਇਕੋ ਵਾਰ ਸਭ ਕੁਝ ਦੇ ਦੇਂਦਾ ਹੈ।ਇਸ ਦਾ ਭਾਵ ਇਹ ਵੀ ਨਹੀਂ ਕਿ ਇਕੋ ਵਾਰ ਦੇ ਕੇ ਮੁੜ ਜੀਵਾਂ ਦਾ ਖਿਆਲ ਨਹੀਂ ਰਖਦਾ।'ਕਰਿ ਕਰਿ ਵੇਖੈ' ਲਿਖ ਕੇ ਦਸਿਆ ਹੈ ਕਿ ਪ੍ਰਮਾਤਮਾ ਦਾ ਸਭ ਨੂੰ ਪੈਦਾ ਕਰਨ, ਪਾਲਣ ਪੋਸਣ ਅਤੇ ਸੰਘਾਰ ਕਰਨ ਦੇ ਕਾਰਜ ਨਿਰੰਤਰ ਜਾਰੀ ਰਹਿੰਦੇ ਹਨ।ਕਰਤਾਰ ਦੇ ਸਭ ਥਾਂਵਾਂ ਤੇ ਆਸਣ ਹੋਣ ਦੇ ਬਾਵਜੂਦ ਵੀ ਉਹ ਨਿਰਲੇਪ ਰਹਿੰਦਾ ਹੈ।

## ॥ ਬੱਤੀਵੀਂ ਪਉੜੀ ॥

ਇਕ ਦੂ ਜੀਭੌ ਲਖ ਹੋਹਿ, ਲਖ ਹੋਵਹਿ ਲਖ ਵੀਸ ॥ ਜੇ ਇਕ ਜੀਭ ਤੋਂ ਲੱਖ ਜੀਭਾਂ ਹੋ ਜਾਣ ਅਤੇ ਲੱਖ ਤੋਂ ਫਿਰ ਵੀਹ ਲੱਖ ਜੀਭਾਂ ਹੋ ਜਾਣ (ਸਿਮਰਨ ਕਰਕੇ ਰੋਮ ਹੀ ਅਨੰਤ ਜੀਭਾਂ ਹੋ ਜਾਂਦੀਆਂ ਹਨ)।

ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ।(੯੪੧); ਜਿਹਵਾ ਏਕ ਹੋਇ ਲਖ ਕੋਟੀ, ਲਖ ਕੋਟੀ ਕੋਟਿ ਧਿਆਵੈਗੋ। (੧੩੦੯)

ਲਖੁ ਲਖੁ ਗੇੜਾ ਆਖੀਅਹਿ, ਏਕੁ ਨਾਮੁ ਜਗਦੀਸ ॥ (ਇਨ੍ਹਾਂ ਜੀਭਾਂ ਨਾਲ) ਜਗਤ ਦੇ ਮਾਲਕ ਪ੍ਰਭੂ ਦੇ ਇਕ ਨਾਮ ਨੂੰ ਲੱਖ ਲੱਖ ਵਾਰੀ ਆਖਿਆ ਜਾਏ (ਬਾਰ ਬਾਰ ਜਪਿਆ ਜਾਏ)।

ਉਚਰਹੁ ਰਾਮ ਨਾਮੁ ਲਖ ਬਾਰੀ। (੧੯੪); ਹਰਿ ਗੁਨ ਗਾਵਹੁ ਜਗਦੀਸ।ਏਕਾ ਜੀਹ ਕੀਚੈ ਲਖ ਬੀਸ। (੧੨੯੬)

ਏਤੁ ਰਾਹਿ ਪਤਿ ਪਵੜੀਆ, ਚੜੀਐ ਹੋਇ ਇਕੀਸ ॥ ਪਤੀ ਮਾਲਕ (ਨਿਰੰਕਾਰ) ਨੂੰ ਮਿਲਣ ਦੇ ਇਸ ਰਸਤੇ ਵਿਚ (ਆਤਮਕ ਗਿਆਨ ਦੀਆਂ) ਪੌੜੀਆਂ ਹਨ, ਜੇ (ਉਨ੍ਹਾਂ ਪੌੜੀਆਂ ਉਤੇ) ਚੜ੍ਹ ਜਾਈਏ, ਤਾਂ (ਨਿਰੰਕਾਰ ਨਾਲ) ਇਕ ਮਿਕ ਹੋ ਜਾਈਦਾ ਹੈ।

ਸੁਣਿ ਗਲਾ ਅਕਾਸ ਕੀ, ਕੀਟਾ ਆਈ ਰੀਸ ॥ ਰੱਬ ਦੀਆਂ ਅਸਮਾਨੀ (ਉਚੀਆਂ) ਗੱਲਾਂ ਸੁਣ ਕੇ ਨੀਵੇਂ ਤੋਂ ਨੀਵੇਂ ਜੀਵ ਨੂੰ ਭੀ ਮਿਲਣ ਦਾ ਚਾਅ ਪੈਦਾ ਹੋ ਜਾਂਦਾ ਹੈ (ਸ਼ਬਦਾਰਥ)। ਤਿਨਾ ਦੇਖਿ ਮਨਿ ਚਾਉ ਉਠੰਦਾ, ਹਉ ਕਦਿ ਪਾਈ ਗੁਣਤਾਸਾ। (੭੦੩)

ਨਾਨਕ ਨਦਰੀ ਪਾਈਐ, ਕੂੜੀ ਕੂੜੈ ਠੀਸ ॥੩੨॥ ਗੁਰੂ ਨਾਨਕ ਦੇਵ ਜੀ ਆਖਦੇ ਹਨ, ਪ੍ਰਮਾਤਮਾ ਦੀ ਕ੍ਰਿਪਾ ਦ੍ਰਿਸਟੀ ਨਾਲ ਉਸ ਨੂੰ ਪਾਈਦਾ ਹੈ ਅਤੇ (ਨਿਰੀਆਂ ਗੱਲਾਂ ਕਰਨ ਵਾਲੇ) ਝੂਠੇ ਲੋਕਾਂ ਦੀਆਂ ਤਾਂ ਐਵੇਂ ਝੂਠੀਆਂ ਗੱਪਾਂ ਹੀ ਹਨ।੩੨।

ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥ (ਨਾਮ ਸਿਮਰਨ ਦੇ) ਇਸ ਰਸਤੇ ਰਾਹੀਂ (ਜੇ ਆਤਮ ਗਿਆਨ ਦੀਆਂ) ਪੌੜੀਆਂ ਚੜ੍ਹ ਜਾਈਏ ਤਾਂ ਪਤੀ ਪ੍ਰਮੇਸਰ ਦਾ ਰੂਪ ਹੋ ਜਾਈਦਾ ਹੈ। ਸਚ ਪਉੜੀ ਸਾਚਉ ਮੁਖਿ ਨਾਂਉ। (੩੫੨)

ਸੁਣਿ ਗਲਾ ਅਕਾਸ ਕੀ ਕੀਟਾ ਆਈ ਰੀਸ ॥ ਅਕਾਸ਼ (ਵਿਚ ਉਡਣ ਵਾਲੇ ਗਰੁੜ ਅਤੇ ਹੰਸਾਂ) ਦੀਆਂ ਗੱਲਾਂ ਸੁਣ ਕੇ (ਬਰਸਾਤ ਵਿਚ ਪੈਦਾ ਹੋਏ ਖੰਭਾਂ ਵਾਲੇ) ਕੀੜਿਆਂ ਮਕੌੜਿਆਂ ਨੂੰ ਵੀ (ਅਕਾਸ਼ ਤੇ ਉਡਣ ਦੀ) ਰੀਸ ਆ ਗਈ ਭਾਵ ਨਾਮ ਸਿਮਰਨ ਵਾਲੇ ਉਚੀ ਆਤਮਕ ਅਵਸਥਾ ਦੇ ਮਾਲਕ ਗੁਰ ਸਿੱਖਾਂ ਦੀਆਂ ਗੱਲਾਂ ਸੁਣ ਕੇ ਅੱਤ ਨੀਵੀਂ ਪੱਧਰ ਦੇ ਵਿਸ਼ਈ ਅਤੇ ਹੰਕਾਰੀ ਪੁਰਖਾਂ ਨੂੰ ਵੀ (ਭਗਤ ਬਣਨ ਦੀ) ਰੀਸ ਆਈ ਹੈ (ਦੂਜਿਆਂ ਦੀ ਨਕਲ ਕਰਨ ਅਤੇ ਨਿਰੀਆਂ ਗੱਲਾਂ ਨਾਲ ਪ੍ਰਮਾਤਮਾ ਨਹੀ ਮਿਲਦਾ, ਸਿਮਰਨ ਕਰ ਕੇ ਆਤਮਕ ਅਵਸਥਾ ਦੀਆਂ ਪੌੜੀਆਂ ਚੜ੍ਹ ਕੇ ਹੀ ਰੱਬੀ ਮਹਿਲ ਵਿਚ ਪਹੁੰਚਿਆ ਜਾ ਸਕਦਾ ਹੈ)।

ਹੰਸਾ ਦੇਖਿ ਤਰੰਦਿਆ, ਬਗਾ ਆਇਆ ਚਾਉ। ਡੁਬਿ ਮੁਏ ਬਗ ਬਪੁੜੇ, ਸਿਰੁ ਤਲਿ ਉਪਰਿ ਪਾਉ।(੧੩੮੪)

ਹੰਸਾ ਨਾਲ ਟਟੀਹਰੀ ਕਿਉ ਪਹੁਚੈ ਦਉੜੀ।(ਭਾ. ਗੁ. ੩੪-੬)।

ਪਦਾਰਥ = ਇਕ ਦੂ ਜੀਭੌ-ਇਕ ਜੀਭ ਤੋਂ।ਹੋਹਿ-ਹੋ ਜਾਣ।ਹੋਵਹਿ-ਹੋ ਜਾਣ।ਲਖ ਵੀਸ-ਵੀਹ ਲੱਖ (ਅਨੰਤ)।ਲਖੁ ਲਖੁ ਗੇੜਾ - ਲੱਖ ਲੱਖ ਵਾਰੀ (ਲਗਾਤਾਰ ਸਿਮਰਨ)।ਆਖੀਅਹਿ-ਆਖਿਆ (ਜਪਿਆ) ਜਾਵੇ।ਏਕੁ ਨਾਮੁ-ਇਕ ਨਾਮ।ਜਗਦੀਸ-ਜਗਤ ਦਾ ਮਾਲਕ ਨਿਰੰਕਾਰ।ਏਤੁ-ਇਸ।ਰਾਹਿ-ਰਸਤੇ ਵਿਚ।ਪਤਿ-ਪਤੀ (ਪ੍ਰਮਾਤਮਾ)।ਪਵੜੀਆ-ਪੌੜੀਆਂ।ਚੜੀਐ-ਜੇ ਚੜ੍ਹਿਆ ਜਾਵੇ। ਹੋਇ ਇਕੀਸ-ਇਕ ਰੂਪ ਹੋ ਜਾਈਦਾ ਹੈ; ਇਕ ਈਸ਼ਵਰ ਦਾ ਰੂਪ (ਸੰਸਾਰ ਨੂੰ ਵੀਹ ਵਿਸਵੇ ਮੰਨ ਕੇ ਪ੍ਰਮਾਤਮਾ ਦੇ ਦੇਸ਼ ਨੂੰ ਗਿਣਤੀ ਤੋਂ ਪਰੇ ਹੋਣ ਕਰਕੇ ਇਕੀਸ ਆਖਿਆ ਗਿਆ ਹੈ)।ਗਲਾ-ਗੱਲਾਂ; ਕਥਾਵਾਂ।ਆਕਾਸ ਕੀ-ਰੱਬੀ ਗਿਆਨ ਦੀਆਂ; ਉਚੀਆਂ।ਕੀਟਾ-ਕੀੜਿਆਂ (ਅੱਤ ਦਰਜੇ ਦੇ ਨੀਵੇਂ ਲੋਕਾਂ) ਨੂੰ।ਰੀਸ-ਨਕਲ; ਦੂਜੇ ਦੀ ਬਰਾਬਰੀ ਕਰਨ ਦੀ ਇੱਛਾ।ਨਦਰੀ-ਨਿਰੰਕਾਰ ਦੀ ਮੇਹਰ ਦੀ ਨਜਰ ਨਾਲ।ਪਾਈਐ-ਪਾਈਦਾ ਹੈ।ਕੂੜੈ-ਝੂਠੇ ਮਨੁੱਖ ਦੀ।ਕੂੜੀ-ਝੂਠੀ।ਠੀਸ-ਗੱਪਾਂ; ਸ਼ੇਖੀ; ਝੂਠੀ ਵਡਿਆਈ।੩੨।

ਵਿਆਖਿਆ = ਮੰਦ ਮਤੀ ਲੋਕਾਂ ਦੀ ਕਲਿਆਣ ਵਾਸਤੇ ਨਾਮ ਸਿਮਰਨ ਸਭ ਤੋਂ ਸੌਖਾ ਮਾਰਗ ਹੈ {ਲਾਖ ਜਿਹਵਾ ਦੇਹੁ ਮੇਰੇ ਪਿਆਰੇ, ਮੁਖੁ ਹਰਿ ਆਰਾਧੇ ਤੇਰਾ ਰਾਮ ੭੮੦}।ਲਗਾਤਾਰ ਸਿਮਰਨ ਕਰਨ ਨਾਲ ਮਨੁੱਖ ਦੇ ਰੋਮ ਰੋਮ ਵਿਚੋਂ ਸਿਮਰਨ ਦੀਆਂ ਧੁਨਾਂ ਗੂੰਜਣ ਲਗਦੀਆਂ ਹਨ।ਸਿਮਰਨ ਨਾਲ ਮਨ ਦੀ ਮੈਲ ਦੂਰ ਹੁੰਦੀ ਹੈ {ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ ੨੬੩}।ਇਸ ਪਉੜੀ ਵਿਚ ਬਿਆਨੇ ਦੋ ਨੁਕਤੇ ਸਿਮਰਨ ਅਤੇ ਨਦਰ ਮਨੁੱਖ ਨੂੰ ਪ੍ਰਮਾਤਮਾ ਵਿਚ ਲੀਨ ਕਰ ਦਿੰਦੇ ਹਨ।ਤੀਜਾ ਨੁਕਤਾ ਹਉਮੈ ਵਾਲੀ ਬੁਧੀ ਦੇ ਜੋਰ ਤੇ ਝੂਠੀਆਂ ਸ਼ੇਖੀਆਂ ਮਾਰਨ ਵਾਲੇ ਲੋਕਾਂ ਦਾ ਫੋਕਾ ਕਿਤਾਬੀ ਗਿਆਨ ਹੈ।ਕਈ ਨਿਰਾ ਕਿਤਾਬੀ ਗਿਆਨ ਰਾਹੀਂ ਉਕਤੀਆਂ ਜੁਗਤੀਆਂ ਕਰਨ ਵਾਲੇ ਹੰਕਾਰੀ ਵਿਸ਼ਈ ਪੁਰਖ ਨਾਮ ਸਿਮਰਨ ਦੀ ਕਮਾਈ ਕਰਨ ਅਤੇ ਨਿਰੰਕਾਰ ਨਾਲ ਅਥਾਹ ਪ੍ਰੇਮ ਕਰਨ ਵਾਲਿਆਂ ਦੀ ਬਰਾਬਰੀ ਕਰਨ ਲਗ ਜਾਂਦੇ ਹਨ।ਗੁਰੂ ਨਾਨਕ ਦੇਵ ਜੀ ਦਾ ਹੇਠ ਲਿਖਿਆ ਵਾਕ ਐਸੇ ਪੁਰਖਾਂ ਤੇ ਪੂਰੀ ਤਰ੍ਹਾਂ ਢੁਕਦਾ ਹੈ =

ਗਲੀ ਅਸੀ ਚੰਗੀਆ, ਆਚਾਰੀ ਬੁਰੀਆਹ।ਮਨਹੁ ਕੁਸੁਧਾ ਕਾਲੀਆ,
ਬਾਹਰਿ ਚਿਟਵੀਆਹ।ਰੀਸਾ ਕਰਹਿ ਤਿਨਾੜੀਆ, ਜੋ ਸੇਵਹਿ ਦਰੁ ਖੜੀਆਹ।(੮੫)

ਮਨੁੱਖ ਦੀ ਇਕ ਜੀਭ ਤੋਂ ਲਖ ਜੀਭ ਹੋ ਜਾਣੀ ਅਤੇ ਫਿਰ ਲਖ ਤੋਂ ਵੀਹ ਲਖ ਜੀਭਾਂ ਹੋ ਜਾਣੀਆਂ ਕੇਵਲ ਕਾਵਿਕ ਕਲਪਨਾ ਹੀ ਨਹੀ,

ਸਗੋਂ ਸੌ ਫੀ ਸਦੀ ਸੱਚ ਹੈ। ਨਾਮ ਅਭਿਆਸੀਆਂ ਦੇ ਰੋਮ ਹੀ ਲੱਖਾਂ ਜੀਭਾਂ ਬਣ ਜਾਂਦੇ ਹਨ ਜਿਨ੍ਹਾਂ ਵਿਚੋਂ ਸਿਮਰਨ ਦੀ ਧੁਨੀ ਸੁਣੀ ਜਾ ਸਕਦੀ ਹੈ। ਪੁਰਾਣੇ ਲੋਕ ਘਿਓ ਘੜਿਆਂ ਵਿਚ ਰਖਿਆ ਕਰਦੇ ਸਨ। ਘੜੇ ਵਿਚ ਪਿਆ ਘਿਓ ਘੜੇ ਦੇ ਮੁਸਾਮਾਂ ਰਾਹੀਂ ਬਾਹਰ ਸਿਮ ਆਉਂਦਾ ਹੈ। ਸਰੀਰ ਵੀ ਇਕ ਘੜਾ ਹੈ, ਰੋਮ ਇਸ ਦੇ ਮੁਸਾਮ ਹਨ, ਲਗਾਤਾਰ ਸਿਮਰਨ ਕਰਨ ਨਾਲ ਜਦ ਨਾਮ ਸਰੀਰ ਵਿਚ ਰਚ ਜਾਂਦਾ ਹੈ, ਤਾਂ ਰੋਮਾਂ ਰਾਹੀਂ ਸਿਮਰਨ ਦੀ ਮਹਿਕ ਪਰਗਟ ਹੋਣ ਲਗ ਜਾਂਦੀ ਹੈ। ਕੁਝ ਗੁਰ ਸਿੱਖਾਂ ਨੇ ਸੰਤ ਸੁੰਦਰ ਸਿੰਘ ਜੀ ਭਿੰਡਰਾਂ ਵਾਲਿਆਂ ਕੋਲ 'ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ' ਵਾਰੇ ਸ਼ੰਕਾ ਜਾਹਰ ਕੀਤਾ ਕਿ ਰੋਮਾਂ ਰਾਹੀਂ ਸਿਮਰਨ ਕਿਵੇਂ ਹੋ ਸਕਦਾ ਹੈ? ਸੰਤਾਂ ਦੇ ਕਹਿਣ ਤੇ ਉਨ੍ਹਾਂ ਸਿੰਘਾਂ ਨੇ ਹਰ ਰੋਜ ੪-੪ ਘੰਟੇ ਅੰਮ੍ਰਿਤ ਵੇਲੇ ਅਤੇ ੪-੪ ਘੰਟੇ ਬਾਦ ਦੁਪਹਿਰ ਇਕ ਕਮਰੇ ਵਿਚ ਬੈਠ ਕੇ ਵਾਹਿਗੁਰੂ ਸਿਮਰਨ ਕੀਤਾ। ਇਕ ਮਹੀਨਾ ਸਿਮਰਨ ਕਰਨ ਨਾਲ ਉਨ੍ਹਾਂ ਸਿੰਘਾਂ ਦੇ ਰੋਮਾਂ ਅਤੇ ਕਮਰੇ ਦੀਆਂ ਕੰਧਾਂ ਚੋਂ ਵਾਹਿਗੁਰੂ ਸਿਮਰਨ ਦੀ ਧੁਨੀ ਸੁਣਾਈ ਦੇਣ ਲਗ ਪਈ ਸੀ। ਇਹ ਅਵਸਥਾ ਸ੍ਵੈ ਯਤਨਾਂ ਨਾਲ ਪ੍ਰਾਪਤ ਨਹੀਂ ਹੁੰਦੀ, ਨਿਰੰਕਾਰ ਦੀ ਮੇਹਰ ਭਰੀ ਨਜਰ ਨਾਲ ਪ੍ਰਾਪਤ ਹੁੰਦੀ ਹੈ।

ਨਾਮ ਸਿਮਰਨ ਨਾਲ ਜੀਵਨ ਵਿਚ ਤਬਦੀਲੀ ਆਉਂਦੀ ਹੈ, ਕਾਮਾਦਿਕ ਬੁਰਿਆਈਆਂ ਮਨ ਵਿਚੋਂ ਖਤਮ ਹੋ ਜਾਂਦੀਆਂ ਹਨ। ਜਿਸ ਦਾ ਸਿਮਰਨ ਕਰਦੇ ਹਾਂ, ਉਸ ਦੇ ਗੁਣ ਸਿਮਰਨ ਕਰਨ ਵਾਲੇ ਵਿਚ ਆ ਜਾਂਦੇ ਹਨ। ਇਹੋ ਗੁਣ ਹੀ ਸਿਮਰਨ ਦੇ ਰਸਤੇ ਵਿਚ ਨਿਰੰਕਾਰ ਦੇ ਮਹਿਲ ਤਕ ਪੁੱਜਣ ਦੀਆਂ ਪੌੜੀਆਂ ਹਨ {ਵੀਹ ਇਕੀਹ ਉਲੰਘਿ ਕੇ, ਪਤਿ ਪਉੜੀ ਚੜ੍ਹਿ ਨਿਜ ਘਰਿ ਆਯਾ (ਭਾ. ਗੁ. ੨੬-੧੬)} । 'ਇਕੀਸ' ਦਾ ਅਰਥ ਵੀਹ ਤੋਂ ਉਪਰ ਇੱਕੀ ਸੰਖਿਆ ਵਾਲਾ ਹੈ, ਅਧਿਆਤਮ ਵਾਦੀ ਸੰਸਾਰ ਨੂੰ ਵੀਹ ਵਿਸਵੇ ਮੰਨ ਕੇ ਉਪਰਲੇ ਮੰਡਲ (ਸਚਖੰਡ) ਨੂੰ ਗਿਣਤੀ ਮਿਣਤੀ ਤੋਂ ਪਰੇ ਹੋਣ ਕਰਕੇ ਇੱਕੀ ਆਖਦੇ ਹਨ। ਸੰਸਾਰ ਦੀਆਂ ਵਾਸ਼ਨਾਵਾਂ ਤੋਂ ਉਪਰ ਉਠ ਕੇ ਨਿਰੰਕਾਰ ਨਾਲ ਮਿਲ ਜਾਣ ਨੂੰ ਇਕੀਸ ਕਿਹਾ ਹੈ। ਗੁਰਮਤਿ ਮਿਲੀਐ ਬੀਸ ਇਕੀਸ। (੯੩੩)

।ਅਬ ਤਉ ਜਾਇ ਚਢੇ ਸਿੰਘਾਸਨਿ, ਮਿਲੇ ਹੈ ਸਾਰਿੰਗਪਾਨੀ। ਰਾਮ ਕਬੀਰਾ ਏਕ ਭਏ ਹੈ, ਕੋਇ ਨ ਸਕੈ ਪਛਾਨੀ। (੯੬੯)

## ॥ ਤੇਤੀਵੀਂ ਪਉੜੀ ॥

ਉਥਾਨਕਾ = ਸਿੱਧਾਂ ਨੇ ਪੁਛਿਆ ਕਿ ਮਨੁੱਖ ਦੇ ਵਸ ਵਿਚ ਵੀ ਕੁਛ ਹੈ? ਮਨੁੱਖ ਐਵੇਂ ਹੀ ਜੋਰ ਕਰਕੇ ਆਖਦਾ ਰਹਿੰਦਾ ਹੈ ਕਿ ਮੈਂ ਇਹ ਕੀਤਾ, ਉਹ ਕੀਤਾ ਆਦਿ। ਉਤਰ ਵਿਚ ਗੁਰੂ ਜੀ ਉਚਾਰਣ ਕਰਦੇ ਹਨ =

ਆਖਣਿ ਜੋਰੁ ਚੁਪੈ ਨਹ ਜੋਰੁ ॥ ਨਾ ਬੋਲਣ ਵਿਚ (ਕਿਸੇ ਦਾ ਕੋਈ) ਜੋਰ ਹੈ ਅਤੇ ਨਾ ਹੀ ਚੁਪ ਰਹਿਣ ਵਿਚ ਜੋਰ ਹੈ (ਪ੍ਰਭੂ ਦੀ ਬਖਸ਼ੀ ਹੋਈ ਚੇਤਨ ਸੱਤਾ ਤੋਂ ਬਿਨਾ ਅਪਣੇ ਆਪ ਨਾ ਕੋਈ ਬੋਲ ਸਕਦਾ ਹੈ ਅਤੇ ਨ ਚੁਪ ਰਹਿ ਸਕਦਾ ਹੈ)।

ਆਖਣੁ ਵੇਖਣੁ ਬੋਲਣੁ ਚਲਣ, ਜੀਵਣੁ ਮਰਣਾ ਧਾਤੁ। ਹੁਕਮੁ ਸਾਜਿ ਹੁਕਮੈ ਵਿਚਿ ਰਖੈ, ਨਾਨਕ ਸਚਾ ਆਪਿ। (੧੪੫)

ਕਿਸਹੀ ਜੋਰੁ ਅਹੰਕਾਰ ਬੋਲਣ ਕਾ। ਕਿਸਹੀ ਜੋਰੁ ਦੀਬਾਨ ਮਾਇਆ ਕਾ। (੧੦੭੧)

ਜੋਰੁ ਨ ਮੰਗਣਿ, ਦੇਣਿ ਨ ਜੋਰੁ ॥ ਨਾ ਮੰਗਣ ਵਿਚ ਕਿਸੇ ਦਾ ਜੋਰ ਚਲਦਾ ਹੈ (ਅਪਣੇ ਜੋਰ ਨਾਲ ਕੁਛ ਵੀ ਮੰਗਿਆਂ ਨਹੀਂ ਮਿਲਦਾ, ਕਰਮਾਂ ਵਿਚ ਲਿਖਿਆ ਹੀ ਮਿਲਦਾ ਹੈ) ਅਤੇ ਨਾ (ਰੱਬ ਦੀ ਕ੍ਰਿਪਾ ਤੋਂ ਬਿਨਾ ਦੂਜਿਆਂ ਨੂੰ ਦਾਨ) ਦੇਣ ਵਿਚ ਅਪਣਾ ਜੋਰ (ਵਸ ਚਲਦਾ) ਹੈ।

ਜੋਰੁ ਨ ਜੀਵਣਿ, ਮਰਣਿ ਨਹ ਜੋਰੁ ॥ ਨਾ ਜਿਉਣ ਵਿਚ ਕਿਸੇ ਦਾ ਜੋਰ ਹੈ ਅਤੇ ਨਾ ਹੀ ਮਰਣ ਵਿਚ ਕਿਸੇ ਦਾ ਜੋਰ ਚਲਦਾ ਹੈ (ਅਪਣੇ ਜੋਰ ਨਾਲ ਨਾ ਕੋਈ ਜਿਉਂਦਾ ਰਹਿ ਸਕਦਾ ਹੈ ਅਤੇ ਨਾ ਅਪਣੇ ਜੋਰ ਨਾਲ ਮਰ ਸਕਦਾ ਹੈ) ਭਾਵ ਜੀਵਨ ਤੇ ਮੌਤ ਕਰਤਾਰ ਦੇ ਵਸ ਵਿਚ ਹੈ।

ਜੋਰੁ ਨ ਰਾਜਿ ਮਾਲਿ ਮਨਿ ਸੋਰੁ ॥ ਰਾਜ ਅਤੇ ਮਾਲ ਧਨ ਪ੍ਰਾਪਤ ਕਰਨ ਵਿਚ ਵੀ (ਕਿਸੇ ਦਾ ਅਪਣਾ) ਜੋਰ ਨਹੀ, ਜਿਸ ਨੂੰ (ਹਾਸਲ ਕਰਨ ਲਈ) ਮਨ ਵਿਚ ਰੌਲਾ ਰੱਪਾ ਰਹਿੰਦਾ ਹੈ (ਰਾਜ ਤੇ ਮਾਲ ਅਪਣੇ ਜੋਰ ਨਾਲ ਹਾਸਲ ਨਹੀ ਕੀਤੇ ਜਾ ਸਕਦੇ, ਜਿਨ੍ਹਾਂ ਨੂੰ ਪ੍ਰਾਪਤ ਕਰਨ ਲਈ ਮਨ ਵਿਚ ਸੰਕਲਪਾਂ ਵਿਕਲਪਾਂ ਦਾ ਸਦਾ ਸ਼ੋਰ ਮਚਿਆ ਰਹਿੰਦਾ ਹੈ)।

ਜੋਰੁ ਨ ਸੁਰਤੀ, ਗਿਆਨਿ ਵੀਚਾਰਿ ॥ (ਉਚੀ) ਸੁਰਤ, ਗਿਆਨ ਪ੍ਰਾਪਤ ਕਰਨ ਵਿਚ ਅਤੇ (ਸੱਤ ਅਸੱਤ ਦਾ) ਵਿਚਾਰ ਕਰਨ ਵਿਚ ਕਿਸੇ ਦਾ ਜੋਰ ਨਹੀਂ (ਅਪਣੇ ਜੋਰ ਨਾਲ ਉਚੀ ਸਮਝ, ਰੱਬੀ ਗਿਆਨ ਅਤੇ ਵਿਚਾਰ ਪ੍ਰਾਪਤ ਨਹੀਂ ਕੀਤੇ ਜਾ ਸਕਦੇ)।

ਜੋਰੁ ਨ ਜੁਗਤੀ, ਛੁਟੈ ਸੰਸਾਰੁ ॥ ਉਹ ਜੁਗਤੀ ਹਾਸਲ ਕਰਨ ਵਿਚ ਵੀ ਕਿਸੇ ਦਾ ਜੋਰ ਨਹੀ (ਚਲਦਾ, ਜਿਸ ਨਾਲ ਮਨੁੱਖ) ਸੰਸਾਰ (ਜਨਮ ਮਰਣ) ਤੋਂ ਛੁਟ (ਮੁਕਤ ਹੋ) ਜਾਂਦਾ ਹੈ। ਬਿਨੁ ਨਾਵੈ ਕੋ ਛੂਟੈ ਨਾਹੀ, ਸਭ ਬਾਧੀ ਜਮਕਾਲਿ। (੫੬੯)

ਜਿਸੁ ਹਥਿ ਜੋਰੁ, ਕਰਿ ਵੇਖੈ ਸੋਇ ॥ ਜਿਸ (ਪ੍ਰਭੂ) ਦੇ ਹੱਥ ਵਿਚ ਜੋਰ ਹੈ, ਉਹ ਰਚਨਾ ਰਚ ਕੇ ਇਸ ਦੀ ਸੰਭਾਲ ਵੀ ਕਰਦਾ ਹੈ।

ਨਾਨਕ, ਉਤਮੁ ਨੀਚੁ ਨ ਕੋਇ ॥੩੩॥ ਗੁਰੂ ਨਾਨਕ ਦੇਵ ਜੀ ਆਖਦੇ ਹਨ (ਕਿ ਅਪਣੇ ਜੋਰ ਨਾਲ) ਨਾ ਕੋਈ ਮਨੁੱਖ ਉੱਤਮ ਬਣ ਸਕਦਾ ਹੈ ਅਤੇ ਨਾ ਹੀ ਕੋਈ ਮਨੁੱਖ ਮੰਦਾ ਬਣ ਸਕਦਾ ਹੈ (ਸਮੁੰਦਰ ਦੇ ਪਾਣੀ ਦੀ ਇਕ ਲਹਿਰ ਉਚੀ ਚਲੇ ਜਾਂਦੀ ਹੈ, ਦੂਜੀ ਉਚੀ

ਨਹੀਂ ਜਾਂਦੀ, ਪਾਣੀ ਤਾਂ ਪਾਣੀ ਹੈ)।੩੩।

**ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥** ਜਿਸ ਮਨੁੱਖ ਦੇ ਹੱਥ ਵਿਚ ਜੋਰ ਹੈ (ਜਿਹੜਾ ਮਨੁੱਖ ਇਹ ਸਭ ਕੁਝ ਅਪਣੇ ਵਸ ਸਮਝਦਾ ਹੈ) ਉਹ ਜੋਰ ਕਰ (ਅਜਮਾ) ਕੇ ਦੇਖ ਲਵੇ (ਸੰ. ਸ.)।

**ਨਾਨਕ ਉਤਮੁ ਨੀਚੁ ਨ ਕੋਇ ॥** ਗੁਰੂ ਜੀ ਆਖਦੇ ਹਨ, ਸਭ ਕੋਈ ਅਪਣੇ ਆਪ ਨੂੰ ਉਤਮ ਕਹਿੰਦਾ ਹੈ, ਨੀਵਾਂ ਕੋਈ ਨਹੀ ਕਹਾਉਂਦਾ।੩੩।ਨਾ ਕੋ ਮੂਰਖੁ ਨਾ ਕੋ ਸਿਆਣਾ।ਵਰਤੈ ਸਭ ਕਿਛੁ ਤੇਰਾ ਭਾਣਾ।(੯੮)

ਪਦਾਰਥ = ਆਖਣਿ-ਬੋਲਣ ਵਿਚ।ਜੋਰੁ-ਤਾਕਤ; ਵਸ; ਅਪਣੇ ਮਨ ਦੀ ਮਰਜੀ।ਚੁਪੈ-ਚੁੱਪ ਰਹਿਣ ਵਿਚ।ਦੇਣਿ-(ਦਾਨ) ਦੇਣ ਵਿਚ ।ਰਾਜਿ ਮਾਲਿ-ਰਾਜ ਅਤੇ ਮਾਲ ਧਨ ਪ੍ਰਾਪਤ ਕਰਨ ਵਿਚ।ਸੋਰੁ-ਰੌਲਾ ਰੱਪਾ; ਪਾਗਲਪਨ; ਫੂੰ ਫਾਂ।ਸੁਰਤੀ-ਸਮਝ; ਸੂਝ ਬੂਝ। ਗਿਆਨਿ-ਗਿਆਨ ਪ੍ਰਾਪਤ ਕਰਨ ਵਿਚ।ਜੁਗਤੀ-ਤਰੀਕਾ; ਸਾਧਨ।ਛੁਟੈ-ਮੁਕਤ ਹੁੰਦਾ ਹੈ।ਸੰਸਾਰੁ-ਜਨਮ ਮਰਨ ਦੇ ਪ੍ਰਵਾਹ ਵਾਲੇ ਸੰਸਾਰ ਤੋਂ।ਹਥਿ-ਹਥ ਵਿਚ।ਕਰਿ ਵੇਖੈ-(ਰਚਨਾ) ਰਚ ਕੇ ਸੰਭਾਲਦਾ ਹੈ।ਸੋਇ-ਉਹ।੩੩।

ਵਿਆਖਿਆ = ਅਕਾਲ ਪੁਰਖ ਦੀ ਕਿਰਪਾ ਤੋਂ ਬਿਨਾ ਇਨਸਾਨ ਬੋਲ ਨਹੀਂ ਸਕਦਾ।ਕਈ ਵਾਰ ਕੋਈ ਵਾਕ ਬੋਲਣ ਦੀ ਕੋਸ਼ਿਸ ਕਰਨ ਦੇ ਬਾਵਜੂਦ ਵੀ ਬੋਲਿਆ ਨਹੀਂ ਜਾਂਦਾ ਜਾਂ ਜੀਭ ਥਥਲਾ ਜਾਂਦੀ ਹੈ।ਚੁਪ ਰਹਿਣ ਦੀ ਕੋਸ਼ਿਸ ਦੇ ਬਾਵਜੂਦ ਵੀ ਚੁਪ ਨਹੀਂ ਰਿਹਾ ਜਾਂਦਾ, ਜਿਸ ਮਨੁੱਖ ਨੂੰ ਬਹੁਤਾ ਬੋਲਣ ਦੀ ਆਦਤ ਪਈ ਹੁੰਦੀ ਹੈ ਜਾਂ ਕਿਸੇ ਬਿਮਾਰੀ ਦੇ ਕਾਰਣ ਡਾਕਟਰ ਬੋਲਣਾ ਬੰਦ ਕਰਦੇ ਹਨ ਤਾਂ ਵੀ ਉਹ ਚੁਪ ਨਹੀਂ ਰਹਿ ਸਕਦਾ।ਅਪਣੀ ਇੱਛਾ ਅਨੁਸਾਰ ਮੰਗਿਆ ਵੀ ਨਹੀਂ ਮਿਲਦਾ, ਮਨੁੱਖ ਤਾਂ ਚਾਹੁੰਦਾ ਹੈ ਕਿ ਮੈਂ ਅਰਬ ਪਤੀ ਬਣ ਜਾਂਵਾਂ।ਰੱਬ ਕੋਲੋਂ ਵੱਡਾ ਬਣਨ ਦੀ ਮੰਗ ਵੀ ਕਰਦਾ ਰਹਿੰਦਾ ਹੈ, ਪਰ ਮੰਗਿਆਂ ਮਿਲਦਾ ਉਹ ਹੀ ਹੈ, ਜੋ ਰੱਬ ਦੇਂਦਾ ਹੈ।ਇਸ ਕਰਕੇ ਮੰਗਣ ਵਿਚ ਵੀ ਅਪਣਾ ਜੋਰ ਨਹੀ।ਦਾਨੀ ਪੁਰਸ਼ਾਂ ਨੂੰ ਦੇਖ ਕੇ ਮਨ ਵਿਚ ਦੂਜਿਆਂ ਨੂੰ ਦੇਣ ਦੀ ਇੱਛਾ ਪੈਦਾ ਹੁੰਦੀ ਹੈ, ਪਰ ਗਰੀਬੀ ਦੇ ਕਾਰਣ ਜਾਂ ਘਰ ਵਾਲਿਆਂ ਦੇ ਮਨ੍ਹਾਂ ਕਰਨ ਕਰਕੇ ਕੁਛ ਦੇ ਨਹੀਂ ਹੁੰਦਾ।ਹਰ ਕੋਈ ਜੀਵ ਲੰਬਾ ਸਮਾਂ ਜਿਉਣਾ ਚਾਹੁੰਦਾ ਹੈ, ਪਰ ਲੰਬਾ ਸਮਾਂ ਜਿਉਣਾ ਵੀ ਅਪਣੇ ਵਸ ਨਹੀਂ ਹੈ।ਕੋਈ ਤੀਰਥਾਂ ਤੇ ਜਾ ਕੇ ਮਰਨਾ ਚਾਹੁੰਦਾ ਹੈ, ਕੋਈ ਸੂਰਮਾ ਲੜਾਈ ਵਿਚ ਮਰਨਾ ਲੋੜਦਾ ਹੈ, ਪਰ ਮੌਤ ਅਪਣੇ ਵਸ ਨਹੀ।ਪਤਾ ਨਹੀਂ ਕਿਸ ਜਗ੍ਹਾ ਕਿਹੜੇ ਵੇਲੇ ਅਤੇ ਕਿਸ ਕਾਰਣ ਕਰਕੇ ਮੌਤ ਹੋਣੀ ਹੈ।ਜਨਮ ਮਰਣ ਅਕਾਲ ਪੁਰਖ ਦੇ ਹੱਥ ਵਿਚ ਹੈ, ਜਨਮ ਮਰਣ ਤੋਂ ਮੁਕਤ ਹੋਣਾ ਅਪਣੇ ਵਸ ਵਿਚ ਨਹੀਂ।ਨਿਰੰਕਾਰ ਹੀ ਕਿਸੇ ਨੂੰ ਉਤਮ ਬਣਾ ਸਕਦਾ ਹੈ ਅਤੇ ਨੀਚ ਵੀ ਉਹ ਹੀ ਬਣਾਉਂਦਾ ਹੈ।

ਊਚਾ ਤੇ ਨੀਚਾ ਕਰੈ, ਨੀਚ ਖਿਨ ਮਹਿ ਥਾਪੈ।(੮੧੩)।ਨੀਚਹ ਊਚ ਕਰੈ ਮੇਰਾ ਗੋਬਿੰਦੁ, ਕਾਹੂ ਤੇ ਨ ਡਰੈ।(੧੧੦੬)।

ਕਹੁ ਮਾਨੁਖ ਤੇ ਕਿਆ ਹੋਇ ਆਵੈ।ਜੋ ਤਿਸੁ ਭਾਵੈ ਸੋਈ ਕਰਾਵੈ।

ਇਸ ਕੈ ਹਾਥਿ ਹੋਇ, ਤਾ ਸਭੁ ਕਿਛੁ ਲੇਇ।ਜੋ ਤਿਸੁ ਭਾਵੈ ਸੋਈ ਕਰੇਇ।(੨੭੭)

ਇਸ ਕਾ ਬਲੁ ਨਾਹੀ ਇਸੁ ਹਾਥ।ਕਰਨ ਕਰਾਵਨ ਸਰਬ ਕੋ ਨਾਥ।(੨੭੭)

## ॥ ਚੌਂਤੀਵੀਂ ਪਉੜੀ ॥

**ਰਾਤੀ ਰੁਤੀ ਥਿਤੀ ਵਾਰ ॥** (ਕਰਤਾਰ ਨੇ ਸੰਸਾਰ ਦਾ ਕੰਮ ਕਾਜ ਚਲਾਉਣ ਲਈ) ਰਾਤਾਂ, ਰੁੱਤਾਂ, ਤਿਥਾਂ (ਤਰੀਕਾਂ) ਅਤੇ ਦਿਨ (ਪੈਦਾ ਕੀਤੇ ਹਨ, ਇਹ ਸਾਰੇ ਕਾਲ ਬੋਧਕ ਪਦ ਹਨ)। ਵਰ੍ਹੇ ਮਾਹ ਵਾਰ ਥਿਤੀ ਕਰਿ, ਇਸੁ ਜਗ ਮਹਿ ਸੋਝੀ ਪਾਇਦਾ।(੧੦੬੬)

**ਪਵਣ ਪਾਣੀ ਅਗਨੀ ਪਾਤਾਲ ॥** ਹਵਾ, ਪਾਣੀ, ਅੱਗ ਤੇ ਪਤਾਲ (ਆਦਿ ਪੰਜ ਤੱਤ ਵੀ ਕਰਤਾਰ ਨੇ) ਰਚੇ ਹਨ (ਵਸਤੂ ਅਤੇ ਦੇਸ ਵਾਚਕ ਪਦ ਹਨ)।ਸਾਚੇ ਤੇ ਪਵਨਾ ਭਇਆ, ਪਵਨੈ ਤੇ ਜਲੁ ਹੋਇ।ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ।(੧੯) ਪਵਣੁ ਪਾਣੀ ਅਗਨਿ ਤਿਨਿ ਕੀਆ, ਬ੍ਰਹਮਾ ਬਿਸਨੁ ਮਹੇਸ ਅਕਾਰ। (੫੦੪)

**ਤਿਸੁ ਵਿਚਿ, ਧਰਤੀ ਥਾਪਿ ਰਖੀ ਧਰਮਸਾਲ ॥** ਉਸ (ਰਚੇ ਸਾਰੇ ਪਸਾਰੇ) ਵਿਚ (ਨਿਰੰਕਾਰ ਨੇ) ਧਰਮ ਕਮਾਉਣ ਦਾ ਘਰ ਧਰਤੀ ਕਾਇਮ ਕਰ ਰੱਖੀ ਹੈ। ਹੁਕਮੇ ਧਰਤੀ ਸਾਜੀਅਨੁ, ਸਚੀ ਧਰਮਸਾਲਾ।(੭੮੫); ਧਰਤਿ ਉਪਾਇ ਧਰੀ ਧਰਮ ਸਾਲਾ।(੧੦੩੩); ਜਾਣਹੁ ਧਰਤੀ ਧਰਮ ਕੀ, ਸਚੀ ਧਰਮ ਸਾਲਾ।(ਭਾ. ਗੁ. ੩੪-੧)}।

**ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥** ਇਸ (ਧਰਤੀ) ਵਿਚ ਕਈ ਰੰਗਾਂ ਦੇ ਜੀਵ (ਜੰਤ ਕਰਤਾਰ ਨੇ ਪੈਦਾ ਕੀਤੇ ਹਨ ਅਤੇ ਉਨ੍ਹਾਂ ਜੀਵਾਂ ਦੇ ਕਰਮ ਧਰਮ, ਰੀਤੀ ਰਸਮ ਰਿਵਾਜ, ਰਹਿਣ ਸਹਿਣ ਅਤੇ ਖਾਣ ਪੀਣ ਆਦਿ) ਕਈ ਪ੍ਰਕਾਰ ਦੇ ਹਨ।ਆਪੇ ਭਾਂਤਿ ਬਣਾਏ ਬਹੁ ਰੰਗੀ, ਸਿਸਟਿ ਉਪਾਇ ਪ੍ਰਭਿ ਖੇਲੁ ਕੀਆ। (੧੩੩੪)

**ਤਿਨ ਕੇ ਨਾਮ ਅਨੇਕ ਅਨੰਤ ॥** ਉਨ੍ਹਾਂ ਅਣਗਿਣਤ (ਪ੍ਰਕਾਰ ਦੇ ਜੀਵਾਂ) ਦੇ ਅਣਗਿਣਤ ਹੀ ਨਾਮ ਹਨ।

**ਕਰਮੀ ਕਰਮੀ ਹੋਇ ਵੀਚਾਰੁ ॥** ਹਰੇਕ ਜੀਵ ਦੇ ਕੀਤੇ ਕਰਮਾਂ ਅਨੁਸਾਰ (ਪ੍ਰਮਾਤਮਾ ਦੀ ਦਰਗਾਹ ਵਿਚ) ਵਿਚਾਰ (ਫੈਸਲਾ) ਹੁੰਦਾ ਹੈ ।ਹਰਿ ਜੇਵਡੁ ਨਾਹੀ ਕੋਈ, ਜਾਣੁ ਹਰਿ ਧਰਮੁ ਬੀਚਾਰਦਾ।(੯੦); ਹੁਕਮਿ ਚਲਾਏ ਅਪਣੈ, ਕਰਮੀ ਵਹੈ ਕਲਾਮ।(੧੨੪੧)।

ਸਚਾ ਆਪਿ ਸਚਾ ਦਰਬਾਰੁ ॥ (ਉਥੇ ਨਿਆਂ ਹੁੰਦਾ ਹੈ ਕਿਉਂਕਿ) ਨਿਰੰਕਾਰ ਆਪ ਸੱਚਾ ਹੈ ਅਤੇ ਉਸਦਾ ਦਰਬਾਰ ਵੀ ਸਚਾ ਹੈ। ਸਾਚਾ ਸਾਹਿਬੁ ਸਚੁ ਦਰਬਾਰੁ। ੬੭੭; ਸਦਾ ਧਰਮੁ ਜਾ ਕੈ ਦੀਬਾਣਿ। ੯੮੭; ਹੋਆ ਤਪਾਵਸੁ ਧਰਮ ਕਾ, ਨਾਨਕ ਦਰਿ ਸਚਾ। ੧੦੯੯

ਤਿਥੈ ਸੋਹਨਿ ਪੰਚ ਪਰਵਾਣੁ ॥ ਉਥੇ (ਸੱਚੇ ਦਰਬਾਰ ਵਿਚ) ਪ੍ਰਵਾਨ ਹੋਏ ਸੰਤ ਸੋਭਾ ਪਾਉਂਦੇ ਹਨ। ਪੰਚੇ ਸੋਹਹਿ ਦਰਿ ਰਾਜਾਨੁ। (੩)

ਨਦਰੀ ਕਰਮਿ ਪਵੈ ਨੀਸਾਣੁ ॥ (ਕਿਉਂਕਿ) ਮਿਹਰ ਦੀ ਦ੍ਰਿਸਟੀ ਕਰਨ ਵਾਲੇ ਨਿਰੰਕਾਰ ਦੀ ਬਖਸ਼ਿਸ਼ ਨਾਲ (ਉਨ੍ਹਾਂ ਧਰਮੀ ਪੁਰਸ਼ਾਂ ਦੇ ਮੱਥੇ ਉਤੇ) ਨਿਸ਼ਾਨ ਪੈ ਜਾਂਦਾ ਹੈ। ਸੰਤ ਜਨਾ ਮਸਤਕਿ ਨੀਸਾਣੁ। (੯੬੭); ਤੇਰੀ ਨਦਰੀ ਕਰਮਿ ਪਵੈ ਨੀਸਾਣੁ। (੧੩੨੭)

ਕਚ ਪਕਾਈ ਓਥੈ ਪਾਇ ॥ ਉਥੇ (ਨਿਰੰਕਾਰ ਦੇ ਦਰਬਾਰ ਵਿਚ) ਕੱਚਿਆਂ ਦੀ ਕਚਿਆਈ ਅਤੇ ਪੱਕਿਆਂ ਦੀ ਪਕਿਆਈ ਦਾ (ਚੰਗੀ ਤਰ੍ਹਾਂ) ਪਤਾ ਲਗ ਪੈਂਦਾ ਹੈ। ਖੋਟੇ ਖਰੇ ਸਭਿ ਪਰਖੀਅਨਿ, ਤਿਤੁ ਸਚੇ ਕੈ ਦਰਬਾਰਾ ਰਾਮ। (੫੭੦)

ਨਾਨਕ ਗਇਆ ਜਾਪੈ ਜਾਇ ॥੩੪॥ ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਨਿਰੰਕਾਰ ਦੇ ਦਰਬਾਰ ਵਿਚ ਗਿਆਂ ਹੀ ਜਾਣਿਆ ਜਾਂਦਾ ਹੈ (ਕਿ ਕੌਣ ਕੱਚਾ ਹੈ ਅਤੇ ਕੌਣ ਪੱਕਾ ਹੈ?)। ੩੪।

ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥ ਇਸ ਧਰਤੀ ਵਿਚ ਰਾਜਸੀ ਤਾਮਸੀ ਅਤੇ ਸਾਂਤਕੀ ਦੀਆਂ ਜੁਗਤੀਆਂ ਅਤੇ ਅਨੇਕ ਰੰਗਾਂ ਦੇ ਜੀਵ ਵਸਦੇ ਹਨ (ਟਕਸਾਲ ਦੀ ਟੇਪ)।

ਪਦਾਰਥ = ਰਾਤੀ-ਰਾਤਾਂ। ਰੁਤੀ-ਰੁੱਤਾਂ। ਥਿਤੀ-ਤਿੱਥਾਂ; (ਚੰਦ ਦੇ ਹਿਸਾਬ ਨਾਲ ਹਨ੍ਹੇਰ ਅਤੇ ਚਾਨਣ ਪੱਖ ਦੀਆਂ) ਤਰੀਕਾਂ। ਵਾਰ-ਦਿਨ। ਪਵਣ-(ਸਭ ਤਰ੍ਹਾਂ ਦੀ) ਹਵਾ। ਤਿਸੁ ਵਿਚਿ-ਉਸ (ਰਚੇ ਸਾਰੇ ਪਸਾਰੇ) ਵਿਚ। ਥਾਪਿ ਰਖੀ-ਰਚ ਕੇ ਟਿਕਾ ਦਿਤੀ; ਸਥਾਪਨ ਕਰ ਰਖਿਆ। ਧਰਮ ਸਾਲ-ਧਰਮ ਕਮਾਉਣ ਦਾ ਘਰ (ਸਥਾਨ)। ਤਿਸੁ ਵਿਚਿ-ਉਸ (ਧਰਤੀ) ਵਿਚ। ਜੀਅ-ਜੀਵ ਜੰਤ। ਜੁਗਤਿ-(ਕਈ) ਪ੍ਰਕਾਰ ਦੇ; ਜਿਉਣ ਦਾ ਢੰਗ। ਰੰਗ-ਰੰਗ (ਗੋਰਾ ਕਾਲਾ ਆਦਿ) ਵਰਣ; ਨਸਲ। ਤਿਨ ਕੇ-ਉਨ੍ਹਾਂ (ਜੀਵਾਂ) ਦੇ। ਅਨੰਤ-ਅਣਗਿਣਤ। ਕਰਮੀ-ਕਰਮ ਕਰਨ ਵਾਲਾ ਜੀਵ (ਸੰ. ਪੋ.)। ਕਰਮੀ-ਕੀਤੇ ਕਰਮਾਂ ਅਨੁਸਾਰ। ਵੀਚਾਰੁ-ਵਿਚਾਰ; ਫੈਸਲਾ। ਤਿਥੈ-ਉਥੇ (ਰੱਬੀ ਦਰਬਾਰ ਵਿਚ)। ਸੋਹਨਿ-ਸੋਭਦੇ ਹਨ। ਪੰਚ-ਸੰਤ ਜਨ; ਗੁਰਮੁਖ। ਪਰਵਾਣੁ-ਪ੍ਰਵਾਨ ਹੋਏ ਹੋਏ। ਨਦਰੀ-ਮੇਹਰ ਦੀ ਨਜਰ ਕਰਨ ਵਾਲਾ ਨਿਰੰਕਾਰ। ਕਰਮਿ-ਬਖਸ਼ਿਸ਼ ਨਾਲ। ਪਵੈ-ਪੈਂਦਾ ਹੈ। ਨੀਸਾਣੁ-ਨਿਸ਼ਾਨ; ਚਿੰਨ੍ਹ; ਟਿੱਕਾ। ਕਚ ਪਕਾਈ-ਕੱਚੇ ਪੱਕੇ (ਖੋਟੇ ਖਰੇ) ਦਾ। ਓਥੈ-ਉਥੇ (ਰੱਬ ਦੇ ਦਰਬਾਰ ਵਿਚ)। ਪਾਇ-ਪਤਾ ਲਗਦਾ ਹੈ; ਪਰਖ ਹੁੰਦੀ ਹੈ; ਪਾਈ ਜਾਂਦੀ ਹੈ। ਗਇਆ-ਜਾ ਕੇ; ਗਿਆਂ ਹੀ। ਜਾਪੈ ਜਾਇ-ਪਤਾ ਲਗਦਾ ਹੈ; ਜਾਣਿਆ ਜਾਂਦਾ ਹੈ। ੩੪।

ਵਿਆਖਿਆ = ਪਿਛਲੀਆਂ ਪਉੜੀਆਂ ਤੋਂ ਬਾਦ ਹੁਣ ਗੁਰੂ ਜੀ ਇਸ ੩੪ ਵੀਂ ਪਉੜੀ ਵਿਚ ਨਵਾਂ ਵਿਸ਼ਾ ਸ਼ੁਰੂ ਕਰਦੇ ਹਨ, ਜਿਸ ਦਾ ਵਿਸਥਾਰ ੩੭ ਵੀਂ ਪਉੜੀ ਤਕ ਵਰਨਣ ਹੈ। ਇਨ੍ਹਾਂ ਚਾਰ ਪਉੜੀਆਂ ਵਿਚ ਕਰਤਾਰ ਦੀ ਦਿਸਦੀ ਅਣਦਿਸਦੀ, ਸਥੂਲ ਤੇ ਸੂਖਮ ਰਚਨਾਂ ਦਾ ਵਰਨਣ ਹੈ। ਇਨ੍ਹਾਂ ਚਾਰ ਪਉੜੀਆਂ ਵਿਚ ਬਿਆਨ ਕੀਤੇ ਪੰਜ ਪੜਾਵਾਂ ਨੂੰ ਖੰਡ ਕਿਹਾ ਹੈ, ਜਿਨ੍ਹਾਂ ਉਤੇ ਕਰਮ ਵਾਰ ਚੜ੍ਹ ਕੇ ਜਗਿਆਸੂ ਜੀਵਨ ਕਾਲ ਵਿਚ ਹੀ ਸਚਖੰਡ ਜਾ ਪੁਜਦਾ ਹੈ।

੩੪ ਵੀਂ ਪਉੜੀ ਵਿਚ ਦਿਨ ਰਾਤ, ਛੇ ਰੁੱਤਾਂ (ਮੌਸਮ), ਚੰਦ ਨਾਲ ਸਬੰਧਤ ਤਰੀਕਾਂ ਸਭ ਕਾਲ (ਸਮੇਂ) ਦਾ ਜਿਕਰ ਹੈ। ਹਵਾ, ਪਾਣੀ ਤੇ ਅੱਗ ਆਦਿ ਪੰਜ ਤੱਤ ਹਨ। ਭਾਵੇਂ ਇਸ ਪੌੜੀ ਵਿਚ ਧਰਮ ਖੰਡ ਦਾ ਨਾਂ ਨਹੀਂ ਆਇਆ, ਪਰ ਪੈਂਤੀਵੀਂ ਪੌੜੀ ਦੀ ਪਹਿਲੀ ਤੁਕ ਤੋਂ ਸੂਚਨਾ ਮਿਲ ਜਾਂਦੀ ਹੈ ਕਿ ਚੌਂਤੀਵੀਂ ਪੌੜੀ ਵਿਚ ਧਰਤੀ ਨੂੰ ਧਰਮ ਕਮਾਉਣ ਦਾ ਟਿਕਾਣਾ ਬਿਆਨ ਕੀਤਾ ਹੈ। ਇਥੇ ਅਨੇਕ ਕਿਸਮਾਂ, ਨਸਲਾਂ, ਰੰਗਾਂ ਤੇ ਅਨੰਤ ਨਾਵਾਂ ਵਾਲੇ ਜੀਵ ਵਸਦੇ ਹਨ। ਉਨ੍ਹਾਂ ਦਾ ਖਾਣ ਪੀਣ, ਰਹਿਣ ਸਹਿਣ, ਰਸਮ ਰਿਵਾਜ, ਪਹਿਰਾਵਾ ਆਦਿ ਸਭ ਵਖੋ ਵਖਰਾ ਹੈ। ਸਚਖੰਡ ਨੂੰ ਜਾਣ ਦੇ ਰਸਤੇ ਵਿਚ ਧਰਮ ਖੰਡ ਪਹਿਲਾ ਪੜਾ ਭਾਵ ਕਰਮ ਭੂਮੀ ਹੈ। ਜਿਵੇਂ ਧਰਮਸ਼ਾਲ ਵਿਚ ਮੁਸਾਫਰ ਰਾਤ ਕੱਟ ਕੇ ਚਲੇ ਜਾਂਦੇ ਹਨ, ਇਸੇ ਤਰ੍ਹਾਂ ਜੀਵ ਜੀਵਨ ਰੂਪ ਰਾਤ ਕੱਟ ਕੇ ਧਰਤੀ ਰੂਪ ਧਰਮ ਸਾਲ ਤੋਂ ਚਲੇ ਜਾਂਦੇ ਹਨ। ਇਥੇ ਅਪਣੇ ਜੀਵਨ ਵਿਚ ਜੀਵ ਜੋ ਵੀ ਚੰਗਾ ਮਾੜਾ ਕਰਮ ਕਰਦਾ ਹੈ, ਉਸ ਦਾ ਫੈਸਲਾ ਸੱਚਾ ਪ੍ਰਮਾਤਮਾ ਅਪਣੇ ਸੱਚੇ ਦਰਬਾਰ ਵਿਚ ਕਰਦਾ ਹੈ। ਉਥੇ ਨਾ ਕਿਸੇ ਦੀ ਸਿਫਾਰਸ਼ ਮੰਨੀ ਜਾਂਦੀ ਹੈ ਅਤੇ ਨਾ ਹੀ ਵੱਢੀ ਦੇ ਕੇ ਅਪਣੇ ਪੱਖ ਦਾ ਫੈਸਲਾ ਕਰਵਾਇਆ ਜਾ ਸਕਦਾ ਹੈ {ਓਥੈ ਸਚੇ ਹੀ ਸਚਿ ਨਿਬੜੈ, ਚੁਣਿ ਵਖਿ ਕਢੇ ਜਜਮਾਲਿਆ। ਥਾਉਂ ਨ ਪਾਇਨਿ ਕੂੜਿਆਰ, ਮੁਹ ਕਾਲੈ ਦੋਜਕਿ ਚਾਲਿਆ ੪੬੩}। ਉਸਦੇ ਦਰਬਾਰ ਵਿਚ ਧਰਮੀ ਪੁਰਖ ਪ੍ਰਵਾਨ ਹੁੰਦੇ ਹਨ, ਕਿਉਂਕਿ ਨਾਮ ਸਿਮਰਨ ਦੇ ਕਾਰਣ ਉਨ੍ਹਾਂ ਦੇ ਮੱਥੇ ਤੇ ਕਰਤਾਰ ਦੀ ਮੇਹਰ ਦ੍ਰਿਸਟੀ ਦਾ ਨਿਸ਼ਾਨ ਪਿਆ ਹੁੰਦਾ ਹੈ। ਉਨ੍ਹਾਂ ਨੂੰ ਧਰਮ ਰਾਜਾ ਵੀ ਕੁਛ ਨਹੀ ਕਹਿ ਸਕਦਾ =

ਜੇਜੀਆ ਡੰਨੁ ਕੋ ਲਏ ਨ ਜਗਾਤਿ। ਸਤਿਗੁਰਿ ਕਰਿ ਦੀਨੀ ਧੁਰ ਕੀ ਛਾਪ।
ਵਖਰੁ ਨਾਮੁ ਲਦਿ ਖੇਪ ਚਲਾਵਹੁ। ਲੈ ਲਾਹਾ ਗੁਰਮੁਖਿ ਘਰਿ ਆਵਹੁ। (੪੩੦)।

ਸੰਸਾਰ ਵਿਚ ਹਰ ਕੋਈ ਅਪਣੇ ਆਪ ਨੂੰ ਚੰਗਾ ਕਹਾਉਣਾ ਪਸੰਦ ਕਰਦਾ ਹੈ। ਪਰ ਖੋਟੇ ਖਰੇ ਦੀ ਪਰਖ ਨਿਰੰਕਾਰ ਦੇ ਦਰਬਾਰ ਵਿਚ ਹੁੰਦੀ ਹੈ, ਉਥੇ ਗਿਆਂ ਪਤਾ ਲਗਦਾ ਹੈ ਕਿ ਕੌਣ ਸੱਚਾ ਹੈ ਅਤੇ ਕੌਣ ਝੂਠਾ? ਜਿਵੇਂ ਐਕਸਰੇ ਵਿਚ ਸਾਡੀਆਂ ਟੁੱਟੀਆਂ ਹੱਡੀਆਂ ਅਤੇ

ਅੰਦਰਲੇ ਹੋਰ ਨੁਕਸ ਦਿਸ ਪੈਂਦੇ ਹਨ, ਇਸੇ ਤਰ੍ਹਾਂ ਨਿਰੰਕਾਰ ਦੇ ਦਰਬਾਰ ਵਿਚ ਚੰਗਾ ਮੰਦਾ ਮਨ ਸਾਫ ਜਾਹਰ ਹੋ ਜਾਂਦਾ ਹੈ।

## ॥ ਪੈਂਤੀਵੀਂ ਪਉੜੀ ॥

ਧਰਮ ਖੰਡ ਕਾ ਏਹੋ ਧਰਮੁ ॥ ਧਰਮ ਖੰਡ ਦਾ ਏਹੋ ਹੀ (ਉਪਰ ਬਿਆਨ ਕੀਤਾ) ਧਰਮ ਹੈ (ਧਰਮ ਦੀ ਦੁਨੀਆਂ ਵਿਚ ਪ੍ਰਵੇਸ਼ ਕਰਨ ਦੀ ਇਹ ਪਹਿਲੀ ਮੰਜਲ ਹੈ)। ਸੁਕ੍ਰਿਤ ਕੀਤਾ ਰਹਸੀ ਮੇਰੇ ਜੀਅੜੇ, ਬਹੁੜਿ ਨ ਆਵੈ ਵਾਰੀ। (੧੫੪)

ਗਿਆਨ ਖੰਡ ਕਾ ਆਖਹੁ ਕਰਮੁ ॥ (ਸਿੱਧ ਪੁਛਦੇ ਹਨ ਕਿ ਹੁਣ) ਗਿਆਨ ਦੇ ਮੰਡਲ ਦਾ ਕਰਤੱਬ (ਵਰਤਾਰਾ) ਦਸੋ।

ਕੇਤੇ ਪਵਣ ਪਾਣੀ ਵੈਸੰਤਰ, ਕੇਤੇ ਕਾਨ ਮਹੇਸ ॥ (ਗੁਰੂ ਜੀ ਦਾ ਉਤਰ = ਗਿਆਨ ਅਵਸਥਾ ਵਿਚ ਪੁਜੇ ਹੋਏ ਸਾਧਕ ਦੀ ਦ੍ਰਿਸਟੀ ਵਿਚ) ਕਿਤਨੇ ਹੀ ਪ੍ਰਕਾਰ ਦੀਆਂ ਹਵਾਵਾਂ, (ਕਈ ਤਰ੍ਹਾਂ ਦੇ ਮਿੱਠੇ ਖਾਰੇ ਠੰਡੇ ਤੱਤੇ) ਪਾਣੀ ਅਤੇ (ਕਈ ਤਰ੍ਹਾਂ ਦੀਆਂ) ਅਗਨੀਆਂ (ਆਦਿ ਤੱਤ) ਹਨ {ਕਈ ਕੋਟਿ ਪਵਣ ਪਾਣੀ ਬੈਸੰਤਰ ੨੭੫; ਅਨਿਕ ਪਵਨ ਪਾਵਕ ਅਰੁ ਨੀਰ ੧੨੩੬}, ਕਿਤਨੇ ਹੀ ਕ੍ਰਿਸ਼ਨ ਅਤੇ (ਕਿਤਨੇ ਹੀ) ਸ਼ਿਵ ਜੀ ਹਨ।ਅਨਿਕ ਮਹੇਸ ਬੈਸਿ ਧਿਆਨ ਧਰਹਿ। (੧੨੩੫)

ਕੇਤੇ ਬਰਮੇ ਘਾੜਤਿ ਘੜੀਅਹਿ, ਰੂਪ ਰੰਗ ਕੇ ਵੇਸ ॥ (ਅਨੇਕਾਂ ਬ੍ਰਹਮੰਡਾਂ ਦੀ) ਘਾੜਤ ਘੜਨ ਵਾਲੇ ਕਿਤਨੇ ਹੀ ਬ੍ਰਹਮਾ ਹਨ, (ਜਿਨ੍ਹਾਂ ਵੱਲੋਂ) ਕਈ ਰੂਪਾਂ, ਰੰਗਾਂ ਅਤੇ ਵੇਸਾਂ ਦੇ ਜੀਵ ਘੜੇ (ਬਣਾਏ) ਜਾਂਦੇ ਹਨ। ਕੋਟਿ ਬ੍ਰਹਮੇ ਜਗੁ ਸਾਜਣ ਲਾਏ।(੧੧੫੬)

ਕੇਤੀਆ ਕਰਮ ਭੂਮੀ ਮੇਰ ਕੇਤੇ, ਕੇਤੇ ਧੂ ਉਪਦੇਸ ॥ ਕਿਤਨੀਆਂ ਹੀ ਕਰਮ ਕਮਾਉਣ ਲਈ ਧਰਤੀਆਂ ਹਨ, (ਉਨ੍ਹਾਂ ਧਰਤੀਆਂ ਉਤੇ) ਕਿਤਨੇ ਹੀ ਸੁਮੇਰ ਪਰਬਤ ਹਨ, ਕਿਤਨੇ ਹੀ ਧਰੂ ਭਗਤ ਹਨ ਤੇ ਕਿਤਨੇ ਹੀ (ਉਨ੍ਹਾਂ ਨੂੰ) ਉਪਦੇਸ (ਦੇਣ ਵਾਲੇ ਨਾਰਦ) ਹਨ।

ਕੇਤੇ ਇੰਦ ਚੰਦ ਸੂਰ ਕੇਤੇ, ਕੇਤੇ ਮੰਡਲ ਦੇਸ ॥ ਕਿਤਨੇ ਹੀ ਇੰਦ੍ਰ, ਕਿੰਨੇ ਹੀ ਚੰਦ ਅਤੇ ਸੂਰਜ ਹਨ, ਕਿਤਨੇ ਹੀ ਦੀਪ (islands) ਅਤੇ (ਕਿਤਨੇ ਹੀ) ਦੇਸ਼ ਹਨ।

ਕੇਤੇ ਸਿਧ ਬੁਧ ਨਾਥ ਕੇਤੇ, ਕੇਤੇ ਦੇਵੀ ਵੇਸ ॥ ਕਿਤਨੇ ਹੀ ਸਿਧ, ਬੁਧ ਅਤੇ ਨਾਥ (ਗੋਰਖ ਨਾਥ, ਮਛੰਦਰ ਨਾਥ ਜਾਂ ਚਰਪਟ ਨਾਥ ਆਦਿਕ) ਹਨ, ਕਿਤਨੇ ਹੀ ਦੇਵੀਆਂ (ਦੁਰਗਾ, ਚੰਡੀ, ਪਾਰਬਤੀ ਆਦਿ) ਦੇ ਰੂਪ ਹਨ।

ਕੇਤੇ ਦੇਵ ਦਾਨਵ ਮੁਨਿ ਕੇਤੇ, ਕੇਤੇ ਰਤਨ ਸਮੁੰਦ ॥ ਕਿਤਨੇ ਹੀ ਦੇਵਤੇ ਅਤੇ ਦੈਂਤ ਹਨ, ਕਿਤਨੇ ਹੀ ਰਿਸ਼ੀ ਮੁਨੀ ਹਨ, ਕਿਤਨੇ ਹੀ ਸਮੁੰਦ੍ਰ ਅਤੇ ਉਨ੍ਹਾਂ ਵਿਚੋਂ ਨਿਕਲਣ ਵਾਲੇ ਰਤਨ (ਵੀ ਕਿਤਨੇ ਹੀ) ਹਨ; ਕਿਤਨੇ ਹੀ ਰਤਨਾਂ ਦੇ ਭਰੇ ਸਮੁੰਦਰ ਹਨ।

ਕੇਤੀਆ ਖਾਣੀ ਕੇਤੀਆ ਬਾਣੀ, ਕੇਤੇ ਪਾਤ ਨਰਿੰਦ ॥ ਖਾਣੀਆਂ (ਵੀ ਚਾਰ ਨਹੀਂ) ਕਿਤਨੀਆਂ ਹੀ ਹਨ, (ਬੋਲਣ ਵਾਲੀਆਂ) ਬੋਲੀਆਂ ਵੀ (ਚਾਰ ਨਹੀਂ) ਕਿਤਨੀਆਂ ਹੀ ਹਨ, ਕਿਤਨੇ ਹੀ ਪਾਤਸ਼ਾਹ ਅਤੇ ਰਾਜੇ ਹਨ; ਅਨੇਕਾਂ ਹੀ ਰਾਜਿਆਂ ਦੇ ਖਾਨਦਾਨ ਹਨ ।

ਕੇਤੀਆ ਸੁਰਤੀ ਸੇਵਕ ਕੇਤੇ, ਨਾਨਕ ਅੰਤੁ ਨ ਅੰਤੁ ॥੩੫॥ ਕਿਤਨੇ ਹੀ ਗਿਆਨਵਾਨ ਹਨ ਅਤੇ ਕਿਤਨੇ ਹੀ (ਉਨ੍ਹਾਂ ਦੇ) ਸੇਵਕ ਹਨ ,ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਨਾਂ ਤਾਂ ਕਰਤਾਰ ਦਾ ਅੰਤ ਹੈ ਅਤੇ ਨ (ਉਪਰੋਕਤ ਕਥਿਤ) ਰਚਨਾ ਦਾ ਅੰਤ ਹੈ।੩੫।

ਗਿਆਨ ਖੰਡ ਕਾ ਆਖਹੁ ਕਰਮੁ ॥ (ਹੁਣ) ਗਿਆਨ ਅਵਸਥਾ ਦੀ ਮੰਜਲ ਦਾ ਕਰਤੱਬ ਆਖਦੇ ਹਾਂ।੩੫।

ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥ ਕਈ (ਪ੍ਰਕਾਰ ਦੇ) ਰੂਪਾਂ, ਰੰਗਾਂ ਅਤੇ ਵੇਸਾਂ ਦੇ ਕਿਤਨੇ ਹੀ ਬਰ੍ਹਮੇ (ਉਸ ਪ੍ਰਭੂ ਦੀ) ਘਾੜਤ ਵਿਚ ਘੜੇ (ਰਚਨਾ ਵਿਚ ਰਚੇ) ਜਾ ਰਹੇ ਹਨ।

ਪਦਾਰਥ = ਖੰਡ-ਆਤਮਕ ਅਵਸਥਾ ਦੀਆਂ ਮੰਜਲਾਂ।ਏਹੋ-ਇਹੋ ਹੀ।ਆਖਹੁ-ਸੁਣੋ; ਦਸੋ; ਆਖਦੇ ਹਾਂ।ਕਰਮੁ-ਕਰਤੱਬ; ਤਰਤੀਬ; ਪਦ; ਦਰਜਾ।ਕੇਤੇ-ਕਈ; ਬੇਅੰਤ।ਪਵਣ-ਹਵਾਵਾਂ।ਵੈਸੰਤਰ-ਅਗਨੀਆਂ।ਕਾਨ-ਕ੍ਰਿਸ਼ਨ।ਮਹੇਸ-ਸ਼ਿਵ।ਬਰਮੇ-ਬ੍ਰਹਮਾ।ਘਾੜਤਿ-ਰਚਨਾਂ; ਬਨਾਵਟਾਂ।ਘੜੀਅਹਿ-ਘੜੇ ਜਾਂਦੇ ਹਨ।ਕੇ ਵੇਸ-ਕਈ ਵੇਸਾਂ ਦੇ।ਕਰਮ ਭੂਮੀ-ਕਰਮ ਕਰਨ ਲਈ ਧਰਤੀਆਂ।ਮੇਰ-ਸੁਮੇਰ ਪਰਬਤ।ਧੂ-ਧਰੂ ਭਗਤ।ਇੰਦ-ਦੇਵਤਿਆਂ ਦਾ ਰਾਜਾ ਇੰਦਰ।ਸੂਰ-ਸੂਰਜ।ਮੰਡਲ-ਭਵਨ; ਤਾਰਾ ਮੰਡਲ; ਦੀਪ।ਸਿੱਧ-ਜੋਗ ਮੱਤ ਦੇ ਚੁਰਾਸੀ ਸਿੱਧ।ਬੁਧ-ਬੁਧੀਵਾਨ; ਬੁਧ ਅਵਤਾਰ।ਨਾਥ-ਜੋਗ ਮੱਤ ਦੇ ਨੌਂ ਨਾਥ (ਗੋਰਖ ਨਾਥ ਆਦਿਕ)।ਦੇਵੀ ਵੇਸ-ਦੇਵੀਆਂ ਦੇ ਰੂਪ। ਦੇਵ-ਦੇਵਤੇ।ਦਾਨਵ-ਦੈਂਤ।ਮੁਨਿ-ਰਿਸ਼ੀ ਮੁਨੀ; ਮੋਨੀ।ਖਾਣੀ-ਚਾਰ ਖਾਣੀਆਂ (ਅੰਡਜ, ਜੇਰਜ, ਸੇਤਜ ਤੇ ਉਤਭੁਜ)।ਬਾਣੀ-ਚਾਰ ਬਾਣੀਆਂ (ਪਰਾ, ਪਸੰਤੀ, ਮਧਮਾ ਤੇ ਬੈਖਰੀ)।ਪਾਤ-ਖਾਨਦਾਨ; ਪਾਤਸ਼ਾਹ; ਸ਼੍ਰੇਣੀਆਂ; ਪੀੜ੍ਹੀਆਂ।ਨਰਿੰਦ-ਰਾਜੇ।ਸੁਰਤੀ-ਗਿਆਨ ਵਾਨ; ਉਚੀ ਲਿਵ; ਗਿਆਨ ਦੀਆਂ ਪੁਸਤਕਾਂ; ਬੇਦ ਦਾ ਅਧਿਆਇ।੩੫।

ਵਿਆਖਿਆ = ਗਿਆਨ ਦੀ ਮੰਜਲ ਤੇ ਪੁਜ ਕੇ ਪਤਾ ਲਗਦਾ ਹੈ ਕਿ ਕਰਤਾਰ ਦੀ ਬਹੁ ਬ੍ਰਹਿਮੰਡੀ ਰਚਨਾ ਵਿਚ ਬੇਅੰਤ ਕਿਸਮ ਦੀਆਂ ਪੌਣਾਂ (ਔਕਸੀਜਨ, ਕਾਰਬਨ ਡਾਇਔਕਸਾਈਡ, ਹਾਈਡਰੋਜਨ ਆਦਿ) ਚਲਦੀਆਂ ਹਨ।ਬੇਅੰਤ ਤਰ੍ਹਾਂ ਦੇ ਠੰਢੇ ਤੱਤੇ ਮਿੱਠੇ ਖਾਰੇ ਆਦਿ ਪਾਣੀ ਅਤੇ ਅਨੇਕ ਤਰ੍ਹਾਂ ਦੀਆਂ ਅਗਨੀਆਂ ਆਦਿ ਤੱਤ ਹਨ {ਕਈ ਕੋਟਿ ਪਵਣ ਪਾਣੀ ਬੈਸੰਤਰ ੨੭੫; ਅਨਿਕ ਪਵਨ ਪਾਵਕ ਅਰੁ ਨੀਰ ੨੩੬}।ਕਰਤਾਰ ਦੀ ਪੈਦਾ ਕੀਤੀ ਅਨੰਤ ਰਚਨਾ ਵਿਚ ਅਣ ਗਿਣਤ ਕ੍ਰਿਸ਼ਨ ਅਤੇ ਸ਼ਿਵ ਹਨ।ਅਣਗਿਣਤ ਹੀ ਬ੍ਰਹਮਾ ਤਰ੍ਹਾਂ ਤਰ੍ਹਾਂ ਦੇ ਰੂਪ, ਗੋਰਾ ਕਾਲਾ ਆਦਿ ਅਨੇਕਾਂ ਰੰਗਾਂ ਅਤੇ ਅਨੇਕਾਂ ਭੇਖਾਂ ਦੀ ਘਾੜਤ ਘੜਨ ਵਿਚ ਲਗੇ ਹੋਏ ਹਨ {ਕੋਟਿ

ਬ੍ਰਹਮੇ ਜਗੁ ਸਾਜਣ ਲਾਏ ੧੧੫੬}।ਅਨੰਤ ਕਰਮ ਭੂਮੀਆਂ ਹਨ, ਜਿਥੇ ਪੈਦਾ ਹੋ ਕੇ ਜੀਵ ਤਰ੍ਹਾਂ ਤਰ੍ਹਾਂ ਦੇ ਮਾੜੇ ਚੰਗੇ ਕਰਮ ਕਮਾ ਰਹੇ ਹਨ {ਇਹੁ ਸਰੀਰੁ ਕਰਮ ਕੀ ਧਰਤੀ, ਗੁਰਮੁਖਿ ਮਥਿ ਮਥਿ ਤਤੁ ਕਢਈਆ ੮੩੪}।ਸਾਡੀ ਧਰਤੀ ਵਿਚ ਪ੍ਰਸਿਧ ਇਕ ਸੁਮੇਰ ਪਰਬਤ ਹੈ, ਅਣਗਿਣਤ ਧਰਤੀਆਂ ਦੇ ਅਨੇਕਾਂ ਹੀ ਸੁਮੇਰ ਪਰਬਤ ਹੋਣਗੇ {ਕਈ ਕੋਟਿ ਗਿਰੀ ਮੇਰ ਸੁਵਰਨ ਥੀਵੇ ੨੭੬}।ਸਾਡੀ ਸਮਝ ਵਿਚ ਤਾਂ ਚੁਰਾਸੀ ਸਿਧ ਹਨ, ਓਥੇ ਤਾਂ ਅਣਗਿਣਤ ਹੀ ਸਿੱਧ ਹਨ {ਕਈ ਕੋਟਿ ਸਿਧ ਜਤੀ ਜੋਗੀ ੨੭੫}, ਬੁਧੀਵਾਨ ਵਿਦਵਾਨ ਜਾਂ ਮਹਾਤਮਾ ਬੁਧ ਅਤੇ ਨੌਂ ਨਾਥਾਂ ਦੀ ਜਗ੍ਹਾ ਅਨੇਕਾਂ ਹੀ ਨਾਥ ਹਨ।ਧਰੂ ਵਰਗੇ ਭਗਤ ਵੀ ਪਤਾ ਨਹੀ ਕਿੰਨੇ ਕੁ ਹਨ, ਉਨ੍ਹਾਂ ਧਰੂ ਭਗਤਾਂ ਨੂੰ ਸਿਖਿਆ ਦੇਣ ਵਾਲੇ ਨਾਰਦ ਵਰਗੇ ਮੁਨੀ ਵੀ ਪਤਾ ਨਹੀ ਕਿੰਨੇ ਕੁ ਹੋਣੇ ਹਨ।ਕਰਤਾਰ ਦੀ ਰਚਨਾ ਵਿਚ ਭਾਰਤ ਵਰਗੇ ਅਣਗਿਣਤ ਦੀਪ ਹਨ, ਜਿਨ੍ਹਾਂ ਦੇ ਅਨੇਕਾਂ ਹੀ ਇੰਦ੍ਰ, ਸੂਰਜ ਅਤੇ ਚੰਦ੍ਰਮਾ ਹਨ {ਕਈ ਕੋਟਿ ਸਸੀਅਰ ਸੂਰ ਨਖੵਤ੍ਰ ੨੭੬; ਅਨਿਕ ਸੂਰ ਸਸੀਅਰ ਨਖਿਆਤਿ ੧੨੩੬}।ਅਣ ਗਿਣਤ ਦੇਵੀ ਦੇਵਤੇ ਰਿਸ਼ੀ ਮੁਨੀ ਅਤੇ ਉਨ੍ਹਾਂ ਦੇ ਤਰ੍ਹਾਂ ਤਰ੍ਹਾਂ ਦੇ ਰੂਪ ਹਨ {ਅਨਿਕ ਦੇਵੀ ਦੇਵਾ ਬਹੁ ਭਾਂਤਿ ੧੨੩੬}, ਗਿਣਤੀ ਦੇ ਚੌਦਾਂ ਰਤਨਾਂ ਦੀ ਜਗ੍ਹਾ ਪਤਾ ਨਹੀਂ ਕਿੰਨੇ ਕੁ ਰਤਨਾਂ ਦੇ ਭਰੇ ਸਮੁੰਦਰ ਹਨ {ਕਈ ਕੋਟਿ ਕੀਏ ਰਤਨ ਸਮੁਦ ੨੭੬}।ਅੰਡਜ ਜੇਰਜ ਸੇਤਜ ਉਤਭੁਜ ਵਰਗੀਆਂ ਅਨੰਤ ਹੀ ਖਾਣੀਆਂ {ਕਈ ਕੋਟਿ ਖਾਣੀ ਅਰੁ ਖੰਡ ੨੭੬} ਅਤੇ ਅਨੰਤ ਹੀ ਮਧਮਾ ਬੈਖਰੀ ਆਦਿ ਵਰਗੀਆਂ ਬਾਣੀਆਂ ਹਨ।ਰਾਜਿਆਂ ਦੇ ਖਾਨਦਾਨ ਅਤੇ ਉਨ੍ਹਾਂ ਦੀਆਂ ਸ਼੍ਰੇਣੀਆਂ ਵੀ ਅਨੇਕਾਂ ਹੀ ਹਨ।ਨਿਰੰਕਾਰ ਰੂਪ ਸਮੁੰਦਰ ਵਿਚ ਅਨੰਤ ਬ੍ਰਹਮੰਡ ਲਹਿਰਾਂ ਸਮਾਨ ਹਨ {ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ ਸਰਬ ਜੀਆ ਕਾ ਦਾਤਾ ਰੇ ੬੧੨}।ਜਿਵੇਂ ਸਮੁੰਦਰ ਦੀਆਂ ਲਹਿਰਾਂ, ਬੁਦਬੁਦੇ ਆਦਿ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ, ਇਸੇ ਤਰ੍ਹਾਂ ਕਰਤਾਰ ਦੀ ਰਚਨਾ ਦਾ ਵੀ ਅੰਤ ਨਹੀ। ਕਰਤੇ ਕੈ ਕਰਣੈ ਨਾਹੀ ਸੁਮਾਰੁ। ਅੰਗ ੩

## ॥ ਛੱਤੀਵੀਂ ਪਉੜੀ ॥

ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥ ਗਿਆਨ ਦੇ ਖੰਡ (ਗਿਆਨ ਦੀ ਅਵਸਥਾ) ਵਿਚ ਗਿਆਨ ਬਹੁਤ ਤੇਜ ਪ੍ਰਕਾਸ਼ (ਅਗਿਆਨਤਾ ਦੇ ਹਨ੍ਹੇਰੇ ਨੂੰ ਨਾਸ਼ ਕਰ ਦੇਣ) ਵਾਲਾ ਹੈ। ਕਰਿ ਪ੍ਰਗਾਸੁ ਪ੍ਰਚੰਡ ਪ੍ਰਗਟਿਓ, ਅੰਧਕਾਰ ਬਿਨਾਸ। (੧੦੧੮)

ਤਿਥੈ ਨਾਦ ਬਿਨੋਦ ਕੋਡ ਅਨੰਦੁ ॥ ਉਥੇ (ਗਿਆਨ ਖੰਡ ਵਿਚ ਸਾਧਕ) ਦੈਵੀ ਸੰਗੀਤ, (ਅਸਚਰਜ ਕਿਸਮ ਦੇ) ਤਮਾਸ਼ੇ ਅਤੇ ਕੌਤਕਾਂ ਦਾ ਅਨੰਦ ਮਾਣਦਾ ਹੈ। ਨਾਦ ਬਿਨੋਦ ਕੋਡ ਆਨੰਦਾ, ਸਹਜੇ ਸਹਜਿ ਸਮਾਇਓ। (੧੨੧੪)

ਅੱਗੇ ਸਰਮ ਖੰਡ ਦਾ ਵਰਨਣ ਹੈ =

ਸਰਮ ਖੰਡ ਕੀ ਬਾਣੀ ਰੂਪੁ ॥ ਸਰਮ ਖੰਡ (ਅਨੰਦ ਮਈ ਅਵਸਥਾ ਵਿਚ ਪੁਜੇ ਸਾਧਕਾਂ) ਦੀ ਬੋਲੀ ਸੁੰਦਰ ਰੂਪ ਵਾਲੀ (ਮਿੱਠੀ, ਸਾਫ ਸੁਥਰੀ, ਮਨ ਮੋਹਣੀ ਅਤੇ ਸੱਚੀ) ਹੁੰਦੀ ਹੈ ਭਾਵ ਅਸ਼ੁੱਭ ਜਾਂ ਕੌੜਾ ਬਚਨ ਨਹੀਂ ਬੋਲਦੇ। ਕੋਮਲ ਬਾਣੀ ਸਭ ਕਉ ਸੰਤੋਖੈ। (੨੯੯)

ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥ ਉਥੇ (ਸਰਮ ਖੰਡ ਵਾਸੀਆਂ ਦੇ ਆਤਮਕ ਸਰੂਪ ਦੀ) ਬਹੁਤ ਅਨੂਪਮ (ਸੁੰਦਰ) ਘਾੜਤ ਘੜੀ ਜਾਂਦੀ ਹੈ ਭਾਵ ਮਨ ਪਵਿਤਰ ਹੋ ਜਾਂਦਾ ਹੈ ਜਾਂ ਮਾਨਸਕ ਅਵਸਥਾ ਉਚੀ ਹੋ ਜਾਂਦੀ ਹੈ।

ਅੰਗ ੮ = ਤਾ ਕੀਆ ਗਲਾ ਕਥੀਆ ਨ ਜਾਹਿ ॥ ਉਸ (ਸਰਮ ਖੰਡ ਵਿਚ ਪੁਜੇ ਮਹਾਂ ਪੁਰਖਾਂ) ਦੀਆਂ ਗੱਲਾਂ ਕਥੀਆਂ ਨਹੀਂ ਜਾ ਸਕਦੀਆਂ।

ਜੇ ਕੋ ਕਹੈ ਪਿਛੈ ਪਛੁਤਾਇ ॥ ਜੇ ਕੋਈ ਜਣਾ (ਸਰਮ ਖੰਡ ਵਾਸੀ ਦੀਆਂ ਗੱਲਾਂ ਭਾਵ ਬਚਨਾਂ ਦੀ ਮਹਿਮਾਂ) ਕਹਿੰਦਾ ਹੈ ਤਾਂ ਉਹ ਬਾਦ ਵਿਚ ਪਛਤਾਉਂਦਾ ਹੈ ਕਿਉਂਕਿ ਮਨੁੱਖਾ ਬੋਲੀ ਵਿਚ ਵਰਨਣ ਹੋਣਾ ਅਸੰਭਵ ਹੈ।

ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥ ਉਥੇ (ਸਰਮ ਖੰਡ ਵਿਚ ਮਨੁੱਖ ਦੀ ਅੰਤ੍ਰੀਵੀ) ਸੂਝ ਬੂਝ, ਸੋਚ ਸਮਝ, ਮਨ ਅਤੇ ਸਿਆਣਪ (ਨਵੇਂ ਸਿਰਿਓਂ) ਘੜੇ ਜਾਂਦੇ ਹਨ।(ਉਚੀ ਸੁਰਤ, ਚੰਗੇ ਮੰਦੇ ਦੀ ਵਿਚਾਰ ਵਾਲੀ ਮੱਤ ਅਤੇ ਬਿਬੇਕ ਬੁਧੀ ਆਤਮਕ ਅਨੰਦ ਪੈਦਾ ਕਰਦੀਆਂ ਹਨ)।ਸੁਰਤਿ ਮਤਿ ਬੁਧਿ ਪਰਗਾਸੁ। (੮੮੯)

ਸੁਧਿ ਬੁਧਿ ਸੁਰਤਿ ਨਾਮਿ ਹਰਿ ਪਾਈਐ ਸਤ ਸੰਗਤਿ ਗੁਰ ਪਿਆਰ। (੧੨੫੬)।

ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥੩੬॥ ਉਥੇ (ਸਰਮ ਖੰਡ ਵਿਚ) ਦੇਵਤਿਆਂ ਅਤੇ ਸਿੱਧਾਂ (ਅਨੁਭਵੀ ਪੁਰਖਾਂ) ਵਾਲੀ ਸੋਝੀ ਘੜੀ ਜਾਂਦੀ ਹੈ (ਮਨੁੱਖ ਦੈਵੀ ਸੂਝ ਬੂਝ ਅਤੇ ਆਤਮਕ ਸ਼ਕਤੀ ਦਾ ਮਾਲਕ ਬਣ ਜਾਂਦਾ ਹੈ)।੩੬।

ਤਿਥੈ ਨਾਦ ਬਿਨੋਦ ਕੋਡ ਅਨੰਦੁ ॥ ਉਸ (ਗਿਆਨ ਅਵਸਥਾ) ਵਿਚ ਜੋਗੀਆਂ ਦੇ ਅਨਾਹਦ ਸ਼ਬਦ ਅਤੇ ਖੇਲ ਤਮਾਸ਼ਿਆਂ (ਦੇ ਅਨੰਦ) ਨਾਲੋਂ ਵੀ ਕ੍ਰੋੜਾਂ ਗੁਣਾਂ ਜਿਆਦਾ ਅਨੰਦ ਅਨੁਭਵ ਹੁੰਦਾ ਹੈ।

ਸਰਮ ਖੰਡ ਕੀ ਬਾਣੀ ਰੂਪੁ ॥ ਰੂਹਾਨੀ ਉਦਮ (ਨਾਮ ਬਾਣੀ ਦੇ ਅਭਿਆਸ) ਦੇ ਖੰਡ ਦੀ ਬਣਤਰ ਸੁੰਦਰ ਰੂਪ ਵਾਲੀ ਹੈ।

ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥ ਉਥੇ (ਸਰਮ ਖੰਡ) ਦੀ ਘਾੜਤ ਵਿਚ ਮਨ ਦਾ ਬਹੁਤ ਸੁੰਦਰ ਸਰੂਪ ਘੜਿਆ ਜਾਂਦਾ ਹੈ।

ਪਦਾਰਥ = ਮਹਿ–ਵਿਚ; ਅੰਦਰ।ਪਰਚੰਡੁ–ਤੇਜ ਪ੍ਰਕਾਸ਼; ਬਹੁਤ ਤਿੱਖਾ।ਤਿਥੈ–ਉਥੇ; ਉਸ (ਗਿਆਨ ਖੰਡ) ਵਿਚ।ਨਾਦ–ਰਾਗ; ਇਲਾਹੀ ਕੀਰਤਨ।ਬਿਨੋਦ–ਤਮਾਸ਼ੇ; ਖੁਸ਼ੀਆਂ।ਕੋਡ–ਕੌਤਕ; ਕਰੋੜਾਂ ਹੀ।ਸਰਮ ਖੰਡ–ਰੂਹਾਨੀ ਉਦਮ ਜਾਂ ਘਾਲ ਕਮਾਈ (ਨਾਮ ਅਭਿਆਸ) ਦਾ ਮੰਡਲ; ਆਤਮ ਅਨੰਦ ਦਾ ਮੰਡਲ (ਆਤਮਕ ਅਨੰਦ ਵਾਲੀ ਅਵਸਥਾ); ਵੈਰਾਗ ਵਾਲੀ ਅਵਸਥਾ।ਬਾਣੀ–ਬੋਲੀ; ਬਚਨ; ਬਣਤਰ; ਲੱਛਣ; ਵਸੀਲਾ; ਵਿਸ਼ੇਸ਼ਤਾ।ਰੂਪੁ–ਸੁੰਦਰ।ਤਿਥੈ–ਉਥੇ; ਉਸ (ਅਵਸਥਾ) ਵਿਚ।ਘਾੜਤਿ–ਰਚਨਾ; ਬਣਤਰ। ਘੜੀਐ–ਘੜੀ ਜਾਂਦੀ ਹੈ।ਅਨੂਪੁ–ਉਪਮਾ ਰਹਿਤ ਭਾਵ ਸੁੰਦਰ।ਤਾ ਕੀਆ–ਉਸ ਅਵਸਥਾ ਦੀਆਂ।ਗਲਾ–ਗੱਲਾਂ।ਜੇ ਕੋ–ਜੇ ਕੋਈ (ਮਨੁੱਖ)।ਪਿਛੈ–(ਕਹਿਣ ਤੋਂ) ਬਾਦ।ਸੁਰਤਿ–ਸੂਝ ਬੂਝ; ਧਿਆਨ; ਚਿਤ ਬਿਰਤੀ।ਮਤਿ–ਸਮਝਣ ਵਾਲੀ ਸ਼ਕਤੀ; ਸਮਝ।ਮਨਿ–ਮਨ ਵਿਚ; ਅੰਤਹਕਰਣ।ਬੁਧਿ–ਸੱਤ ਅਸੱਤ ਦਾ ਵਿਚਾਰ ਕਰਨ ਵਾਲੀ ਸ਼ਕਤੀ; ਸਿਆਣਪ।ਸੁਰਾ–ਦੇਵਤੇ (ਕਮਾਈ ਵਾਲੇ ਮਹਾਂ ਪੁਰਸ਼)। ਸਿਧਾ–ਕਰਨੀ ਵਾਲੇ ਅਨੁਭਵੀ ਪੁਰਖ।ਸੁਧਿ–ਆਤਮਕ ਸੋਝੀ; ਅਜੇਹੀ ਚੇਤਨਾ ਹੈ, ਜੋ ਹਰ ਥਾਂ ਦੈਵੀ ਪ੍ਰਕਾਸ਼ ਅਨੁਭਵ ਕਰਾਉਂਦੀ ਹੈ।ਮਤਿ ਦਾ ਅਰਥ ਮੰਨਨ ਸ਼ਕਤੀ (ਵਿਨੋਬਾ ਭਾਵੇ); ਸਮਝਣ ਵਾਲੀ ਸ਼ਕਤੀ (ਡਾ. ਜੋਧ ਸਿੰਘ); ਸਮਝ (ਮਤਿ ਦਾ ਅਰਥ ਉਪਦੇਸ਼ ਵੀ ਹੈ, ਪਰ ਸਰਮ ਖੰਡ ਵਾਲੇ ਮਤਿ ਸ਼ਬਦ ਦਾ ਉਪਦੇਸ਼ ਵਾਲੇ ਅਰਥਾਂ ਨਾਲ ਕੋਈ ਸਬੰਧ ਨਹੀ)।

ਵਿਆਖਿਆ = ਜਿਸ ਗਿਆਨ ਅਵਸਥਾ ਦਾ ਵਰਨਣ ੩੫ ਵੀਂ ਪਉੜੀ ਵਿਚ ਕੀਤਾ ਹੈ, ਉਹ ਗਿਆਨ ਬਹੁਤ ਬਲਵਾਨ ਪ੍ਰਕਾਸ਼ ਵਾਲਾ ਹੈ, ਅਗਿਆਨਤਾ ਦੇ ਘੁੱਪ ਹਨ੍ਹੇਰੇ ਨੂੰ ਨਾਸ਼ ਕਰ ਦੇਂਦਾ ਹੈ।ਇਥੇ ਗਿਆਨ ਵਾਨ ਮਨੁੱਖ ਦੈਵੀ ਸੰਗੀਤ ਅਤੇ ਕੁਦਰਤੀ ਨਜਾਰਿਆਂ ਦਾ ਕ੍ਰੋੜਾਂ ਗੁਣਾਂ ਜਿਆਦਾ ਅਨੰਦ ਮਾਣਦਾ ਹੈ।ਇਹ ਸਰੀਰਕ ਅਨੰਦ ਨਹੀਂ ਆਤਮਕ ਅਨੰਦ ਹੈ {ਆਨਦ ਰੰਗ ਬਿਨੋਦ ਹਮਾਰੈ ੧੩੦੨}।ਅਨੇਕਾਂ ਤਰ੍ਹਾਂ ਦੇ ਵਾਜਿਆਂ ਦਾ ਸੰਗੀਤ ਅੰਤਰ ਆਤਮੇ ਸੁਣਨ ਲਗ ਜਾਂਦਾ ਹੈ, ਜੋ ਕੰਨਾਂ ਦਾ ਵਿਸ਼ਾ ਨਹੀਂ {ਤਹ ਗੀਤ ਨਾਦ ਅਖਾਰੇ ਸੰਗਾ।ਊਹਾਂ ਸੰਤ ਕਰਹਿ ਹਰਿ ਰੰਗਾ ੭੩੯}।ਅਕਾਲ ਪੁਰਖ ਦੀ ਸਾਰੀ ਦਿਸਦੀ ਅਤੇ ਅਣ ਦਿਸਦੀ ਰਚਨਾ ਉਸਦਾ ਕੀਰਤਨ ਕਰਦੀ ਅਨੁਭਵ ਹੁੰਦੀ ਹੈ =

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ।ਸਤਿਗੁਰੁ ਤ ਪਾਇਆ ਸਹਜ ਸੇਤੀ, ਮਨਿ ਵਜੀਆ ਵਾਧਾਈਆ।
ਰਾਗ ਰਤਨ ਪਰਵਾਰ ਪਰੀਆ, ਸਬਦ ਗਾਵਣਿ ਆਈਆ।(੯੧੭)।

ਇਸ ਤੋਂ ਅੱਗੇ ਸਾਧਕ (ਸਰਮ ਖੰਡ) ਅਨੰਦ ਦੇ ਮੰਡਲ ਪ੍ਰਵੇਸ਼ ਕਰਦਾ ਹੈ।ਸੁੰਦਰਤਾ ਅਤੇ ਅਨੰਦ ਦਾ ਪ੍ਰਸਪਰ ਮੇਲ ਹੈ, ਪ੍ਰਮਾਤਮਾ ਦੇ ਪੈਦਾ ਕੀਤੇ ਸੁੰਦਰ ਦ੍ਰਿਸ਼ਾਂ ਨੂੰ ਦੇਖ ਕੇ ਸੁਤੇ ਹੀ ਅਨੰਦ ਮਿਲਦਾ ਹੈ।ਇਥੇ 'ਬਲਿਹਾਰੀ ਕੁਦਰਤਿ ਵਸਿਆ' ਦੇ ਖੁਲ੍ਹੇ ਦਰਸ਼ਨਾਂ ਦਾ ਅਨੁਭਵ ਹੁੰਦਾ ਹੈ।ਇਸ ਮੰਡਲ ਵਿਚ ਪੁਜੇ ਮਨੁੱਖ ਦੇ ਬਚਨਾਂ ਵਿਚ ਮਿਠਾਸ ਹੁੰਦੀ ਹੈ, ਉਹ ਝੂਠਾ, ਕੌੜਾ ਅਤੇ ਦੂਜੇ ਦਾ ਦਿਲ ਦੁਖਾਉਣ ਵਾਲਾ ਬਚਨ ਨਹੀਂ ਬੋਲਦਾ।ਉਸ ਦੇ ਬੋਲਾਂ ਵਿਚ ਸੱਤਿਆ ਹੁੰਦੀ ਹੈ, ਸੁਣਨ ਵਾਲਿਆਂ ਤੇ ਪ੍ਰਭਾਵ ਪਾਉਂਦੇ ਹਨ।ਇਸ ਅਵਸਥਾ ਵਿਚ ਮਨ ਦੀ ਬਹੁਤ ਸੁੰਦਰ ਰਚਨਾ ਹੁੰਦੀ ਹੈ, ਚੰਗੀ ਮੱਤ ਹਾਸਲ ਹੋ ਜਾਂਦੀ ਹੈ {ਊਤਮ ਮਤਿ ਮੇਰੈ ਰਿਦੈ ਤੂੰ ਆਉ ੩੭੭}, ਮਨ ਦੇ ਸਭ ਔਗੁਣ ਦੂਰ ਹੋ ਜਾਂਦੇ ਹਨ।ਇਸ ਮੰਡਲ ਵਿਚ ਪੁਜੇ ਸਾਧਕ ਦੀ ਬਿਰਤੀ ਸੰਸਾਰਕ ਝਮੇਲਿਆਂ ਵਿਚੋਂ ਨਿਕਲ ਕੇ ਅਕਾਲ ਪੁਰਖ ਨਾਲ ਜੁੜਦੀ ਹੈ।ਦੁਨਿਆਂਵੀ ਵਾਸ਼ਨਾਵਾਂ ਦਾ ਅਭਾਵ ਹੋ ਜਾਂਦਾ ਹੈ, ਮਨ ਵਿਚ ਪਵਿਤ੍ਰਤਾ ਆ ਜਾਂਦੀ ਹੈ, ਬੁਧੀ ਸੱਤ ਅਸੱਤ ਅਤੇ ਭਲੇ ਬੁਰੇ ਦਾ ਨਿਰਣਾ ਕਰਕੇ ਸੱਤ ਨੂੰ ਧਾਰਣ ਕਰਨ ਵਾਲੀ ਬਣ ਜਾਂਦੀ ਹੈ {ਪ੍ਰਭ ਕੈ ਸਿਮਰਨਿ, ਗਿਆਨੁ ਧਿਆਨ ਤਤੁ ਬੁਧਿ ੨੬੨}।ਸਾਧਕ ਦੇਵਤਿਆਂ ਵਾਲੀ ਉਚੀ ਪਦਵੀ ਅਤੇ ਸਿਧਾਂ ਵਾਲੀ ਕਰਾਮਾਤੀ ਤਾਕਤ ਸੁਤੇ ਸਿਧ ਪ੍ਰਾਪਤ ਕਰ ਲੈਂਦਾ ਹੈ =

ਨਰ ਤੇ ਸੁਰ ਹੋਇ ਜਾਤ ਨਿਮਖ ਮੈ, ਸਤਿਗੁਰ ਬੁਧਿ ਸਿਖਲਾਈ।
ਨਰ ਤੇ ਉਪਜਿ ਸੁਰਗ ਕਉ ਜੀਤਿਓ, ਸੋ ਅਵਖਧ ਮੈ ਪਾਈ।(੮੭੪)।

## ॥ ਸੈਂਤੀਵੀਂ ਪਉੜੀ ॥

ਕਰਮ ਖੰਡ ਕੀ ਬਾਣੀ ਜੋਰੁ ॥ ਬਖਸ਼ਿਸ਼ ਦੇ ਮੰਡਲ (ਵਿਚ ਪੁੱਜੇ ਮਨੁੱਖ) ਦੀ ਬਾਣੀ (ਬੋਲੀ ਬਹੁਤ) ਰੂਹਾਨੀ ਬਲ ਵਾਲੀ ਹੁੰਦੀ ਹੈ (ਉਨ੍ਹਾਂ ਦਾ ਬੋਲਿਆ ਬਿਰਥਾ ਨਹੀਂ ਜਾਂਦਾ ਭਾਵ ਜੋ ਵੀ ਬਚਨ ਕਰ ਦੇਣ, ਉਹ ਨਿਸਫਲ ਨਹੀਂ ਹੁੰਦਾ)।

ਤਿਥੈ ਹੋਰੁ ਨ ਕੋਈ ਹੋਰੁ ॥ ਉਥੇ (ਬਖਸ਼ਿਸ਼ ਦੇ ਮੰਡਲ ਵਿਚ ਉਪਰ ਬਿਆਨ ਕੀਤੇ ਆਤਮ ਬਲ ਵਾਲੇ ਸਾਧਕ ਤੋਂ ਬਿਨਾ) ਕੋਈ ਹੋਰ ਨਹੀਂ ਪਹੁੰਚ ਸਕਦਾ।(ਅੱਗੇ ਦਸਦੇ ਹਨ ਕਿ ਬਖਸ਼ਿਸ਼ ਦੇ ਮੰਡਲ ਵਿਚ ਕੌਣ ਕੌਣ ਹਨ ?)।

ਤਿਥੈ ਜੋਧ ਮਹਾ ਬਲ ਸੂਰ ॥ ਉਥੇ (ਭੁੱਖ ਪਿਆਸ ਅਤੇ ਦੁਖ ਸਹਿਣ ਕਰਨ ਵਾਲੇ) ਜੋਧੇ, (ਇੰਦ੍ਰੀਆਂ ਦੀਆਂ ਵਾਸ਼ਨਾਵਾਂ ਨੂੰ ਦਮਨ ਕਰਨ ਵਾਲੇ) ਮਹਾਨ ਬਲ ਵਾਲੇ ਅਤੇ (ਮਨ ਨੂੰ ਵਸ ਕਰਨ ਵਾਲੇ) ਸੂਰਮੇ ਹੀ ਪੁਜਦੇ ਹਨ।

ਤਿਨ ਮਹਿ ਰਾਮੁ ਰਹਿਆ ਭਰਪੂਰ ॥ ਉਨ੍ਹਾਂ ਦੇ ਮਨ ਵਿਚ ਸਰਬ ਵਿਆਪਕ ਪ੍ਰਮਾਤਮਾ ਨਕੋ ਨਕ ਭਰਿਆ ਹੋਇਆ (ਵਸ ਰਿਹਾ) ਹੁੰਦਾ ਹੈ ਭਾਵ ਸਭ ਵਿਚ ਪ੍ਰਮਾਤਮਾ ਨੂੰ ਰਮਿਆ ਦੇਖਦੇ ਹਨ।ਹਰਿ ਮਹਿ ਤਨੁ ਹੈ ਤਨ ਮਹਿ ਹਰਿ ਹੈ, ਸਰਬ ਨਿਰੰਤਰਿ ਸੋਇ ਰੇ।(੮੭੦)

ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥ ਉਥੇ (ਕਰਮ ਖੰਡ ਵਿਚ) ਸੀਤਾ ਵਰਗੀਆਂ ਸਤਵੰਤੀ ਸੁਹਾਗਣਾਂ ਭਾਵ ਇਕ ਪ੍ਰਭੂ ਨੂੰ ਮੰਨਣ ਵਾਲੇ ਭਗਤਾਂ ਦਾ ਮਨ ਸਰਬ ਵਿਆਪਕ ਰਾਮ ਦੀ ਮਹਿਮਾਂ ਵਿਚ ਸੀਤਾ (ਪ੍ਰੋਇਆ) ਰਹਿੰਦਾ ਹੈ।

ਮਨੁ ਧਨੁ ਜੀਉ ਪਿੰਡੁ ਸਭੁ ਤੁਮਰਾ, ਇਹੁ ਤਨੁ ਸੀਤੋ ਤੁਮਰੈ ਧਾਨ। (੧੨੧੬)।ਧਾਨ-ਧਿਆਨ ਵਿਚ।

ਤਾ ਕੇ ਰੂਪ ਨ ਕਥਨੇ ਜਾਹਿ ॥ ਉਨ੍ਹਾਂ (ਭਗਤਾਂ) ਦੇ ਆਤਮਕ ਸਰੂਪ ਕਥਨ ਨਹੀ ਕੀਤੇ ਜਾ ਸਕਦੇ।

ਨਾ ਓਹਿ ਮਰਹਿ ਨ ਠਾਗੇ ਜਾਹਿ ॥ ਉਹ (ਭਗਤ) ਨਾ ਮਰਦੇ ਹਨ ਅਤੇ ਨਾ ਹੀ (ਮਾਇਆ ਤੋਂ) ਠੱਗੇ ਜਾ ਸਕਦੇ ਹਨ।

ਜਿਨ ਕੈ ਰਾਮੁ ਵਸੈ ਮਨ ਮਾਹਿ ॥ ਜਿਨ੍ਹਾਂ (ਭਗਤਾਂ) ਦੇ ਮਨ ਵਿਚ ਵਾਹਿਗੁਰੂ ਵਸਦਾ ਹੈ (ਉਹ ਨਾ ਮਰਦੇ ਹਨ ਨਾ ਠੱਗੇ ਜਾਂਦੇ ਹਨ)।

ਤਿਥੈ ਭਗਤ ਵਸਹਿ ਕੇ ਲੋਅ ॥ ਉਥੇ (ਕਰਮ ਖੰਡ ਵਿਚ) ਅਨੇਕਾਂ ਪੁਰੀਆਂ (ਖੰਡਾਂ ਬ੍ਰਹਮੰਡਾਂ) ਦੇ ਭਗਤ ਵਸਦੇ ਹਨ।

ਕਰਹਿ ਅਨੰਦੁ ਸਚਾ ਮਨਿ ਸੋਇ ॥ ਉਹ (ਭਗਤ) ਅਨੰਦ ਮਾਣਦੇ ਹਨ, ਕਿਉਂਕਿ ਸੱਚਾ ਵਾਹਿਗੁਰੂ ਉਨ੍ਹਾਂ ਦੇ ਮਨ ਵਿਚ ਵਸਦਾ ਹੈ।

ਕਰਮ ਖੰਡ ਕੀ ਬਾਣੀ ਜੋਰੁ ॥ ੧. ਬਖਸ਼ਿਸ਼ ਦੇ ਮੰਡਲ ਦੀ ਬਣਤਰ ਜੋਰ ਵਾਲੀ ਹੈ ਭਾਵ ਇਸ ਮੰਡਲ ਵਿਚ ਪੁੱਜੇ ਮਨੁੱਖ ਅੰਦਰ ਆਤਮਕ ਬਲ ਹੁੰਦਾ ਹੈ, ਜਿਸ ਕਰਕੇ ਕਾਮਾਦਿਕ ਜੋਰ ਨਹੀਂ ਪਾ ਸਕਦੇ।

੨ ਕਰਮ ਖੰਡ ਵਿਚ ਪੁੱਜੇ ਸਾਧਕਾਂ ਦੀ ਬਾਣੀ (ਜਗਿਆਸੂਆਂ ਨੂੰ ਰੱਬ ਨਾਲ) ਜੋੜਨ ਵਾਲੀ ਹੈ (ਸੰ. ਸ.; ਟਕਸਾਲ; ਮੁਨੀ ਅਰਜਨ ਸਿੰਘ)।

ਤਿਥੈ ਹੋਰੁ ਨ ਕੋਈ ਹੋਰੁ ॥ ਉਥੇ (ਕਰਮ ਖੰਡ ਵਿਚ ਵਸਦੇ ਭਗਤ ਦੇ ਮਨ ਵਿਚ) ਪ੍ਰਭੂ ਤੋਂ ਬਿਨਾ ਕੋਈ ਹੋਰ ਨਹੀਂ ਹੁੰਦਾ।

ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥ ੧ ਉਥੇ (ਕਰਮ ਖੰਡ ਵਿਚ) ਰੱਬੀ ਮਹਿਮਾਂ ਵਿਚ ਜੁੜੀਆਂ ਅਨੇਕਾਂ ਸਤਵੰਤੀ ਸੀਤਾ ਹਨ।

੨. ਉਥੇ (ਕਰਮ ਖੰਡ ਵਿਚ) ਰੱਬੀ ਮਹਿਮਾਂ ਵਿਚ ਸੀਤਲਤਾ ਹੀ ਸੀਤਲਤਾ ਹੈ।

ਪਦਾਰਥ = ਕਰਮ ਖੰਡ-ਬਖਸ਼ਿਸ਼ ਦੀ ਮੰਜਲ; ਅਮਰਾ ਪਦ; ਸੰਤ ਮੰਡਲ (ਪ੍ਰਮਾਤਮਾ ਤੋਂ ਬਖਸ਼ੇ ਹੋਏ ਸਾਧਕਾਂ ਦੀ ਆਤਮ ਅਵਸਥਾ) ।ਬਾਣੀ-ਬੋਲ; ਬਚਨ; ਬਣਤਰ।ਜੋਰੁ-ਬਲ; ਤਾਕਤ।ਤਿਥੈ-ਉਥੇ (ਕਰਮ ਖੰਡ ਵਿਚ)।ਜੋਧ-ਜੋਧੇ।ਮਹਾ ਬਲ-ਵੱਡੇ ਬਲ ਵਾਲੇ।ਸੂਰ -ਸੂਰਮੇ।ਤਿਨ ਮਹਿ-ਉਨ੍ਹਾਂ ਵਿਚ।ਰਾਮ-ਪ੍ਰਮਾਤਮਾ।ਭਰਪੂਰ-ਨਕੋ ਨਕ ਭਰਿਆ ਹੋਇਆ ਹੈ; ਰੋਮ ਰੋਮ ਵਿਚ ਵਸਦਾ ਹੈ।ਸੀਤੋ-ਸੀਤਾ (ਪ੍ਰੋਇਆ; ਜੁੜਿਆ) ਹੋਇਆ।ਸੀਤਾ-ਸੀਤਾ ਵਰਗੀਆਂ ਸਤਵੰਤੀ ਸੁਹਾਗਣਾਂ (ਸੀਤਾ ਦਾ ਭਾਵ ਉਚੇ ਸੁੱਚੇ ਜੀਵਨ ਵਾਲੇ ਭਗਤਾਂ ਤੋਂ ਹੈ)।ਸੀਤੋ ਸੀਤਾ-ਸੀਤਲਤਾ ਹੀ ਸੀਤਲਤਾ; ਸੁੰਦਰਤਾ ਤੋਂ ਵਧ ਸੁੰਦਰਤਾ।ਮਹਿਮਾ ਮਾਹਿ-ਵਡਿਆਈ ਵਿਚ; ਮਹਿਮਾਂ ਤੋਂ ਵਧ ਮਹਿਮਾਂ ਵਿਚ।ਤਾ ਕੇ-ਉਨ੍ਹਾਂ ਦੇ।ਰੂਪ-ਆਤਮ ਸਰੂਪ।ਨ ਕਥਨੇ ਜਾਹਿ-ਦੱਸੇ ਨਹੀਂ ਜਾ ਸਕਦੇ।ਓਹਿ-ਉਹ (ਭਗਤ)।ਨ ਠਾਗੇ ਜਾਹਿ -ਠੱਗੇ ਨਹੀਂ ਜਾਂਦੇ।ਜਿਨ ਕੈ-ਜਿਨ੍ਹਾਂ ਦੇ।ਮਨ ਮਾਹਿ-ਮਨ ਵਿਚ।ਵਸਹਿ-ਵਸਦੇ ਹਨ।ਕੇ ਲੋਅ-ਕਈ (ਅਨੇਕ) ਭਵਣਾਂ (ਬ੍ਰਹਿਮੰਡਾਂ) ਦੇ।ਕਰਹਿ ਅਨੰਦ-ਅਨੰਦ ਮਾਣਦੇ ਹਨ।ਸਚਾ ਸੋਇ-ਉਹ ਸੱਚਾ ਵਾਹਿਗੁਰੂ।

## ਇਸ ਤੋਂ ਅੱਗੇ ਸੱਚਖੰਡ ਦਾ ਵਖਿਆਨ ਹੈ ਃ-

ਸਚ ਖੰਡਿ ਵਸੈ ਨਿਰੰਕਾਰੁ ॥ (ਕਰਮ ਖੰਡ ਦੀ ਮੰਜਲ ਤੋਂ ਅੱਗੇ) ਸੱਚ ਦੇ ਮੰਡਲ (ਸੱਚ ਦੀ ਅਵਸਥਾ) ਵਿਚ ਨਿਰੰਕਾਰ ਵਸਦਾ ਹੈ।

ਕਰਿ ਕਰਿ ਵੇਖੈ ਨਦਰਿ ਨਿਹਾਲ ॥ (ਨਿਰੰਕਾਰ ਅਪਣੀ ਰਚਨਾ ਨੂੰ) ਰਚ ਰਚ ਕੇ ਦੇਖਦਾ (ਸੰਭਾਲਦਾ) ਹੈ ਅਤੇ ਮੇਹਰ ਦੀ ਨਜਰ ਨਾਲ ਨਿਹਾਲ ਕਰਦਾ ਹੈ। ਸਭਨਾ ਉਪਰਿ ਨਦਰਿ ਪ੍ਰਭ ਤੇਰੀ।ਕਿਸੈ ਥੋੜੀ ਕਿਸੈ ਹੈ ਘਣੇਰੀ। (੧੧੯)

ਤਿਥੈ ਖੰਡ ਮੰਡਲ ਵਰਭੰਡ ॥ ਉਥੇ (ਸੱਚਖੰਡ ਵਿਚ ਰੱਬੀ ਰਚਨਾ ਦੇ ਅਨੇਕਾਂ) ਖੰਡ ਮੰਡਲ ਅਤੇ ਬ੍ਰਹਿਮੰਡ ਹਨ।ਕਈ ਕੋਟਿ ਦੇਸ ਭੂ ਮੰਡਲ।(੨੭੫); ਕਈ ਕੋਟਿ ਖਾਣੀ ਅਰੁ ਖੰਡ।ਕਈ ਕੋਟਿ ਅਕਾਸ ਬ੍ਰਹਮੰਡ। (੨੭੬) ਭਾਵ ਸੱਚਖੰਡ ਇਤਨਾ ਵਿਸ਼ਾਲ ਹੈ ਕਿ ਉਸ ਵਿਚ ਰੱਬੀ ਰਚਨਾ ਦੇ ਅਣਗਿਣਤ ਹੀ ਬ੍ਰਹਿਮੰਡ ਹਨ, (ਸਾਰਾ ਵਿਸ਼ਵ ਸੱਚਖੰਡ ਦਾ ਇਕ ਨਿੱਕਾ ਜਿਹਾ ਹਿੱਸਾ ਹੈ)।

ਜੇ ਕੋ ਕਥੈ, ਤ ਅੰਤ ਨ ਅੰਤ ॥ ਜੇ ਕੋਈ (ਮਨੁੱਖ ਕਰਤਾਰ ਦੇ ਰਚੇ ਇਨ੍ਹਾਂ ਖੰਡਾਂ ਬ੍ਰਹਿਮੰਡਾਂ ਦੀ ਗਿਣਤੀ) ਦਸਣ ਲਗੇ ਤਾਂ ਇਨ੍ਹਾਂ ਦੇ ਅੰਤ ਦਾ ਕੋਈ ਅੰਤ (ਹੱਦ) ਨਹੀਂ।(ਇਤਨੀ ਵਿਸ਼ਾਲ ਰਚਨਾ ਦਾ ਅੰਤ ਨਹੀ ਆ ਸਕਦਾ, ਅੰਤ ਲੈਣ ਵਾਲੇ ਦਾ ਹੀ ਅੰਤ ਹੋ ਜਾਂਦਾ ਹੈ ਜਾਂ ਗਿਣਤੀ ਕਰਦਿਆਂ ਕਰਦਿਆਂ ਗਿਣਤੀ ਦਾ ਹੀ ਅੰਤ ਹੋ ਜਾਂਦਾ ਹੈ)। ਤਾ ਕਾ ਅੰਤੁ ਨ ਜਾਨੈ ਕੋਇ। (੨੭੬)

ਤਿਥੈ ਲੋਅ ਲੋਅ ਆਕਾਰ ॥ ਉਥੇ (ਸੱਚਖੰਡ ਵਿਚ) ਅਨੇਕਾਂ ਹੀ ਬ੍ਰਹਿਮੰਡਾਂ ਦੇ ਅਕਾਰ ਹਨ।

ਜਿਵ ਜਿਵ ਹੁਕਮੁ ,ਤਿਵੈ ਤਿਵ ਕਾਰ ॥ ਜਿਵੇਂ ਜਿਵੇਂ ਪ੍ਰਭੂ ਦਾ ਹੁਕਮ ਹੁੰਦਾ ਹੈ, ਤਿਵੇਂ ਤਿਵੇਂ (ਸਭ ਬ੍ਰਹਿਮੰਡਾਂ ਦਾ) ਕੰਮ ਚਲਦਾ ਹੈ।

ਵੇਖੈ ਵਿਗਸੈ ਕਰਿ ਵੀਚਾਰੁ ॥ (ਨਿਰੰਕਾਰ ਅਪਣੀ ਰਚਨਾ ਨੂੰ) ਦੇਖਦਾ ਹੈ ਅਤੇ (ਇਸ ਦੀ) ਵਿਚਾਰ ਕਰ ਕੇ ਖੁਸ਼ ਹੁੰਦਾ ਹੈ।

ਨਾਨਕ ਕਥਨਾ ਕਰੜਾ ਸਾਰੁ ॥੩੭॥ ਗੁਰੂ ਨਾਨਕ ਦੇਵ ਜੀ ਆਖਦੇ ਹਨ (ਸੱਚਖੰਡ ਦੀ ਮੰਜਲ ਦਾ) ਵਰਨਣ ਕਰਨਾ ਲੋਹੇ ਵਾਂਙ ਕਰੜਾ (ਬਹੁਤ ਕਠਨ) ਹੈ।੩੭।

ਸਚਖੰਡਿ ਵਸੈ ਨਿਰੰਕਾਰੁ ॥ ਸੱਚ ਨੂੰ ਧਾਰਣ ਕਰਨ ਵਾਲੇ ਭਗਤਾਂ ਦੇ ਹਿਰਦੇ ਵਿਚ ਅਕਾਰ ਰਹਿਤ ਪ੍ਰਮਾਤਮਾ ਵਸਦਾ ਹੈ (ਹਿੰਦੀ ਟੀਕਾ

,ਮੁਨੀ ਅਰਜਨ ਸਿੰਘ)।

**ਤਿਥੈ ਖੰਡ ਮੰਡਲ ਵਰਭੰਡ ॥** ਉਥੇ ਨਿਰੰਕਾਰ ਵਿਚ ਸਾਰੇ ਖੰਡ ਮੰਡਲ ਅਤੇ ਬ੍ਰਹਿਮੰਡ ਸੂਖਮ ਰੂਪ ਵਿਚ ਸਥਿਤ ਹਨ।

ਬਟਕ ਬੀਜ ਮਹਿ ਰਵਿ ਰਹਿਓ, ਜਾ ਕੋ ਤੀਨਿ ਲੋਕ ਬਿਸਥਾਰ। (੩੪੦)

**ਤਿਥੈ ਲੋਅ ਲੋਅ ਆਕਾਰ ॥** ਉਥੇ ਪ੍ਰਕਾਸ਼ ਹੀ ਪ੍ਰਕਾਸ਼ ਵਾਲੇ ਅਕਾਰ ਹਨ (ਸਥੂਲ ਅਕਾਰ ਨਹੀ ਹਨ)।

**ਪਦਾਰਥ** = ਸਚ ਖੰਡ-ਸੱਚ ਦੇ ਮੰਡਲ ਵਿਚ; ਸਹਿਜ ਮੰਡਲ; ਨਿਰੰਕਾਰ ਦਾ ਦੇਸ਼; ਪ੍ਰਮਾਤਮਾ ਨਾਲ ਇਕ ਮਿਕ ਹੋਈ ਅਵਸਥਾ ਵਿਚ।ਕਰਿ ਕਰਿ-(ਰਚਨਾਂ ਨੂੰ) ਰਚ ਰਚ ਕੇ।ਨਦਰਿ ਨਿਹਾਲ-ਮੇਹਰ ਦੀ ਨਜਰ ਨਾਲ ਨਿਹਾਲ ਕਰਦਾ ਹੈ।ਤਿਥੈ-ਉਥੇ (ਸੱਚਖੰਡ ਵਿਚ)। ਖੰਡ-ਮਹਾਂ ਦੀਪ।ਮੰਡਲ-ਤਾਰਾ ਮੰਡਲ; ਭਵਨ।ਵਰਭੰਡ-ਬ੍ਰਹਿਮੰਡ।ਜੇ ਕੋ-ਜੇ ਕੋਈ (ਮਨੁੱਖ)।ਕਥੈ-ਦਸਣ ਲਗੇ।ਲੋਅ ਲੋਅ-(ਅਨੇਕਾਂ) ਲੋਕਾਂ (ਭਵਨਾਂ) ਦੇ; ਪ੍ਰਕਾਸ਼ ਹੀ ਪ੍ਰਕਾਸ਼।ਜਿਵ ਜਿਵ-ਜਿਵੇਂ ਜਿਵੇਂ।ਤਿਵੈ ਤਿਵ-ਤਿਵੇਂ ਤਿਵੇਂ।ਕਾਰ-ਕੰਮ।ਵੇਖੈ-ਦੇਖਦਾ ਹੈ; ਸੰਭਾਲਦਾ ਹੈ।ਵਿਗਸੈ-ਖੁਸ਼ ਹੁੰਦਾ ਹੈ।ਕਥਨਾ-ਵਰਨਣ ਕਰਨਾ।ਕਰੜਾ-ਕਠਨ।ਸਾਰੁ-ਲੋਹਾ।੩੭।

**ਵਿਆਖਿਆ** = ਇਸ ਇਕੋ ਪੌੜੀ ਵਿਚ ਕਰਮ ਖੰਡ ਅਤੇ ਸਚ ਖੰਡ ਦਾ ਵਰਨਣ ਕੀਤਾ ਗਿਆ ਹੈ।

## ॥ ਪੰਜ ਖੰਡਾਂ ਦੀ ਵਿਚਾਰ ॥

**ਖੰਡ ਦੇ ਅਰਥ** = ਟੁਕੜਾ = ਖੰਡ ਖੰਡ ਕਰਿ ਭੋਜਨੁ ਕੀਨੋ...੬੫੮, ਹਿਸਾ = ਨਉ ਖੰਡ ਪ੍ਰਿਥਮੀ ਫਿਰੈ ਚਿਰੁ ਜੀਵੈ ੨੬੫, ਦੇਸ਼, ਘਾਟਾ, ਕਮੀ, ਅਸਥਾਨ, ਕਾਂਡ, ਭੂਮਕਾ, ਦਰਜਾ, ਮੰਜਲ, ਅਵਸਥਾ ਅਤੇ ਪੜਾ ਆਦਿ।ਗੁਰੂ ਨਾਨਕ ਦੇਵ ਜੀ ਨੇ 'ਖੰਡ' ਸ਼ਬਦ ਕਿਸੇ ਅਸਥਾਨ ਜਾਂ ਟਿਕਾਣੇ ਦੇ ਸਬੰਧ ਵਿਚ ਵਰਤਿਆ ਹੈ।ਇਸ ਦੀ ਪ੍ਰੋੜ੍ਹਤਾ ਖੰਡਾਂ ਦੀਆਂ ਪਉੜੀਆਂ ਵਿਚ ਵਰਤੇ ਸਥਾਨ ਵਾਚੀ ਕ੍ਰਿਆ ਵਿਸ਼ੇਸ਼ਣ ਅਤੇ ਕ੍ਰਿਆਵਾਂ ਤੋਂ ਹੁੰਦੀ ਹੈ, ਜਿਵੇਂ ਤਿਥੈ, ਓਥੈ, ਵਸੈ ਆਦਿ।ਕਰੀਬ ਕਰੀਬ ਸਭ ਵਿਦਵਾਨਾਂ ਨੇ ਇਨ੍ਹਾਂ ਖੰਡਾਂ ਦੇ ਅਰਥ ਕਰਨ ਲੱਗਿਆਂ ਸਥਾਨ ਵਾਚੀ ਸ਼ਬਦਾਂ ਦੀ ਹੀ ਵਰਤੋਂ ਕੀਤੀ ਹੈ।ਪਰ ਇਹ ਅਸਥਾਨ ਸੂਖਮ ਜਾਂ ਅਦ੍ਰਿਸਟ ਮੰਡਲ ਦੇ ਹਨ, ਜੋ ਲੋਕਾਂ ਦੀ ਸਮਝਣ ਵਾਲੀ ਬੋਲੀ ਵਿਚ ਇਕ ਅਸਥਾਨ ਦੇ ਰੂਪ ਵਿਚ ਹੀ ਵਰਨਣ ਕੀਤੇ ਹੋਏ ਹਨ।ਭਾਈ ਸਾਹਿਬ ਰਣਧੀਰ ਸਿੰਘ ਜੀ ਅਤੇ ਕੁਝ ਹੋਰ ਮਹਾਂ ਪੁਰਖਾਂ ਨੇ ਇਨ੍ਹਾਂ ਖੰਡਾਂ ਨੂੰ ਵਾਸਤਵਿਕ ਅਸਥਾਨ ਮੰਨਿਆ ਹੈ, ਪਰ ਉਨ੍ਹਾਂ ਨੇ ਇਹ ਅਸਥਾਨ ਦਿਬ ਦੇਸ ਵਿਚ ਮੰਨੇ ਹਨ, ਭੌਤਿਕ ਦੇਸ ਵਿਚ ਨਹੀਂ।ਨਾਮ ਸਿਮਰਨ ਦੀ ਕਮਾਈ ਕਰਨ ਵਾਲੇ ਉਚੇ ਸੁੱਚੇ ਜੀਵਨ ਵਾਲੇ ਮਹਾਂ ਪੁਰਖ ਅਪਣੇ ਜੀਵਨ ਕਾਲ ਵਿਚ ਵੀ ਇਨ੍ਹਾਂ ਅਸਥਾਨਾਂ ਦੇ ਦਰਸ਼ਨ ਕਰ ਸਕਦੇ ਹਨ ਅਤੇ ਮਰਣ ਪਿਛੋਂ ਵੀ ਉਹ ਉਥੇ ਪਹੁੰਚਦੇ ਹਨ।ਉਨ੍ਹਾਂ ਨੇ ਇਹ ਪੰਜੇ ਖੰਡ ਸੱਚਖੰਡ ਦੇ ਅੰਤਰਗਤਿ ਹੀ ਮੰਨੇ ਹਨ।ਕਈ ਵਿਦਾਂਤ ਦੇ ਪ੍ਰਭਾਵ ਵਾਲੇ ਟੀਕਾਕਾਰਾਂ ਨੇ ਖੰਡ ਦੇ ਅਰਥ ਕਾਂਡ (ਵਿਭਾਗ ਜਾਂ ਅਧਿਆਇ) ਕੀਤੇ ਹਨ।ਐਸੇ ਟੀਕਾਕਾਰ ਖੰਡਾਂ ਨੂੰ ਉਪਾਸ਼ਨਾ ਕਾਂਡ, ਕਰਮ ਕਾਂਡ, ਗਿਆਨ ਕਾਂਡ ਕਰਕੇ ਲਿਖਦੇ ਹਨ।ਕਈ ਟੀਕਾ ਕਾਰਾਂ ਨੇ ਇਨ੍ਹਾਂ ਖੰਡਾਂ ਨੂੰ ਤਿੰਨ ਲੋਕ (ਮਾਤ ਲੋਕ, ਪਤਾਲ ਲੋਕ ਅਤੇ ਅਕਾਸ਼ ਜਾਂ ਪਰਲੋਕ), ਪੁਰਾਣਾਂ ਵਿਚ ਲਿਖੇ ਸੱਤ ਲੋਕ ਅਤੇ ਅੱਠ ਲੋਕ (ਚੰਦ੍ਰ ਲੋਕ, ਦੇਵਯਾਨ, ਅਗਨੀ ਲੋਕ, ਵਾਯੂ ਲੋਕ, ਵਰਣ ਲੋਕ, ਇੰਦ੍ਰ ਲੋਕ, ਪ੍ਰਜਾ ਪਤੀ ਲੋਕ ਅਤੇ ਬ੍ਰਹਮ ਲੋਕ) ਦੇ ਭਾਵਾਂ ਵਿਚ ਬਿਆਨਿਆ ਹੈ।ਵਾਸਤਵ ਵਿਚ ਇਹ ਖੰਡ ਸਾਧਕ ਦੀ ਚੇਤਨਾ ਦੇ ਵਿਕਾਸ ਦੀਆਂ ਮੰਜਲਾਂ ਹਨ।ਮਨੁੱਖੀ ਚੇਤਨਾ ਵਿਕਾਸ ਕਰਦੀ ਹੋਈ ਅੰਦਰੋਂ ਸਧਾਰਣ ਪੱਧਰ ਤੋਂ ਉਚੀ ਉਠ ਕੇ ਆਤਮਕ ਪੱਧਰ ਤੇ ਪਹੁੰਚਦੀ ਹੈ।ਬਾਹਰੋਂ ਦਿਸਦੇ ਸੰਸਾਰ ਦੀ ਸੋਝੀ ਤੋਂ ਅੱਗੇ ਵਧ ਕੇ ਅਕਾਲ ਪੁਰਖ ਨਾਲ ਇਕ ਮਿਕ ਹੋ ਜਾਂਦੀ ਹੈ।ਇਸ ਵਿਕਾਸ ਦੇ ਦੌਰਾਨ ਸਾਧਕ ਨੂੰ ਨਿਰੰਕਾਰ ਦੇ ਗੁਣਾਂ ਦਾ ਅਨੁਭਵ ਹੁੰਦਾ ਹੈ ਅਤੇ ਜੀਵਨ ਦਾ ਵਰਤਾਓ ਵੀ ਬਦਲਦਾ ਹੈ।ਇਹ ਅੰਦਰਲਾ ਅਤੇ ਬਾਹਰਲਾ ਪ੍ਰੀਵਰਤਨ ਉਸ ਦੇ ਆਚਰਣ, ਸੁਭਾਉ, ਕਰਮਾਂ ਅਤੇ ਦੂਜੇ ਮਨੁੱਖਾਂ ਨਾਲ ਸਬੰਧਾਂ ਨੂੰ ਵੀ ਪ੍ਰਭਾਵਤ ਕਰਦਾ ਹੈ =

ਕਬੀਰ ਗੁਰੁ ਲਾਗਾ ਤਬ ਜਾਨੀਐ, ਮਿਟੈ ਮੋਹੁ ਤਨ ਤਾਪ।ਹਰਖ ਸੋਗ ਦਾਝੈ ਨਹੀ, ਤਬ ਹਰਿ ਆਪਹਿ ਆਪ। (੧੩੭੪)

**ਧਰਮ ਖੰਡ** = ਇਨ੍ਹਾਂ ਪੰਜਾਂ ਖੰਡਾਂ ਵਿਚੋਂ ਪਹਿਲਾ ਧਰਮ ਖੰਡ ਹੈ, ਜਿਸ ਵਿਚ ਮਨੁੱਖ ਬੁਰੇ ਕੰਮਾਂ ਤੋਂ ਬਚ ਕੇ ਚੰਗੇ ਕੰਮ ਕਰਨ ਲਗਦਾ ਹੈ।ਬੁਰੇ ਕੰਮਾਂ ਦਾ ਫਲ ਨਰਕ, ਜਮਰਾਜ ਦੀਆਂ ਸਜਾਵਾਂ ਅਤੇ ਵਾਰ ਵਾਰ ਜਨਮ ਮਰਨ ਤੋਂ ਬਚਣ ਲਈ ਉਹ ਗੁਰੂ ਦੀ ਸ਼ਰਣ ਵਿਚ ਆਉਣ ਲਗਦਾ ਹੈ।ਗੁਰੂ ਦਾ ਉਪਦੇਸ਼ ਸੁਣਦਾ ਹੈ, ਉਸ ਨੂੰ ਮਨ ਵਿਚ ਵਸਾਉਂਦਾ ਹੈ ਅਤੇ ਫਿਰ ਉਸ ਤੇ ਅਮਲ ਕਰ ਕੇ ਅਪਣੇ ਜੀਵਨ ਨੂੰ ਗੁਰ ਉਪਦੇਸ਼ ਅਨੁਸਾਰ ਢਾਲਦਾ ਹੈ {ਓਨ੍ਹੀ ਮੰਦੈ ਪੈਰੁ ਨ ਰਖਿਓ, ਕਰਿ ਸੁਕ੍ਰਿਤੁ ਧਰਮੁ ਕਮਾਇਆ ੪੬੭}।ਧਰਮ ਖੰਡ ਕਰਮ ਕਰਨ ਅਤੇ ਅਪਣੇ ਜੀਵਨ ਨੂੰ ਸਮਝਣ ਦਾ ਸਥੂਲ ਖੰਡ ਹੈ, ਜਿਥੇ ਕੀਤੇ ਕਰਮਾਂ ਦਾ ਫੈਸਲਾ ਨਿਆਂ ਪੂਰਬਕ ਰੱਬੀ ਦਰਬਾਰ ਵਿਚ ਹੋਣਾ ਹੈ।ਧਰਮ ਖੰਡ ਆਤਮਕ ਜੀਵਨ ਨੂੰ ਉਚਾ ਲਿਜਾਣ ਦੀ ਪਹਿਲੀ ਮੰਜਲ ਹੈ।ਜੈ ਮੁਨੀ ਰਿਸ਼ੀ ਅਨੁਸਾਰ 'ਓਦਯ ਨੇਹ ਸ਼੍ਰੇਯਸੁ ਸਿਧੀਃ ਸਾ ਧਰਮਃ' ਅਰਥਾਤ ਜਿਸ ਤੋਂ ਮੋਖ ਦੀ ਸਿਧੀ ਪ੍ਰਗਟ ਹੋਵੇ, ਉਹ ਧਰਮ ਹੈ।ਕੋਸ਼ਾਂ ਵਿਚ ਧਰਮ ਦੇ ਹੋਰ ਵੀ ਬਹੁਤ ਅਰਥ ਲਿਖੇ ਹੋਏ ਹਨ, ਜਿਵੇਂ ਨਿਆਂ, ਸਚਾਈ, ਫਰਜ, ਕਰਤੱਵ, ਮਰਿਆਦਾ, ਪੁੰਨ ਅਤੇ ਧਰਮਰਾਜ ਆਦਿ।ਧਰਮ ਦਾ ਸਬੰਧ ਆਤਮਾ

ਨਾਲ ਹੈ, ਧਰਮ ਐਸੇ ਸ਼ੁੱਭ ਗੁਣਾਂ ਅਤੇ ਕਰਮਾਂ ਦਾ ਨਾਮ ਹੈ, ਜੋ ਜੀਵਨ ਨੂੰ ਸੁਚੱਜਾ ਬਣਾਉਂਦਾ ਹੈ ਅਤੇ ਪ੍ਰਮਾਤਮਾ ਨਾਲ ਮਿਲਾ ਦੇਂਦਾ ਹੈ {ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ, ਪਾਪਿ ਕਮਾਣੈ ਪਾਪੀ ਜਾਣੀਐ ੧੩੮}।ਧਰਤੀ ਅਸਮਾਨ ਆਦਿ ਸਾਰਾ ਵਿਸ਼ਵ ਧਰਮ ਦੇ ਆਸਰੇ ਹੀ ਕਾਇਮ ਹੈ।

ਪੰਜਾਂ ਖੰਡਾਂ ਵਿਚ ਜਿਸ ਆਤਮਕ ਵਿਕਾਸ ਦਾ ਦਰਜੇ ਵਾਰ ਵਰਨਣ ਹੈ, ਉਸਦੀ ਸਰਬੋਤਮ ਜੁਗਤੀ ਨਾਮ ਸਿਮਰਨ ਹੈ।ਪੰਜਾਂ ਖੰਡਾਂ ਵਿਚ ਮਨੁੱਖੀ ਆਤਮਾ ਦੀ ਪਹੁੰਚ ਨਾਮ ਸਿਮਰਨ ਦਾ ਹੀ ਫਲ ਹੈ।ਬੱਤੀਵੀਂ ਪਉੜੀ ਵਿਚ ਆਈ ਤੁਕ 'ਏਤੁ ਰਾਹਿ ਪਤਿ ਪਵੜੀਆ, ਚੜੀਐ ਹੋਇ ਇਕੀਸ' ਵੀ ਪੰਜਾਂ ਖੰਡਾਂ ਦੀ ਯਾਤਰਾ ਦੀ ਹੀ ਸੂਚਕ ਹੈ।ਨਾਮ ਜਪਦਾ ਹੋਇਆ ਆਤਮਕ ਵਿਕਾਸ ਦੇ ਮਾਰਗ ਉਤੇ ਚੜ੍ਹਦਾ ਸਾਧਕ ਸਚਖੰਡ ਵਿਚ ਵਸਦੇ ਅਕਾਲ ਪੁਰਖ ਨਾਲ ਅਭੇਦ ਹੋ ਜਾਂਦਾ ਹੈ, ਜੋ ਕਿ ਪੰਜਾਂ ਖੰਡਾਂ ਵਿਚੋਂ ਸਭ ਤੋਂ ਸਿਖਰਲੀ ਮੰਜਲ ਹੈ।ਪਹਿਲਾਂ ਨਾਮ ਦੀ ਕਮਾਈ ਸਾਧਕ ਨੂੰ ਉਹ ਸੋਝੀ ਬਖਸ਼ਦੀ ਹੈ, ਜਿਸਦਾ ਵਰਨਣ ਗੁਰੂ ਨਾਨਕ ਦੇਵ ਜੀ ਨੇ ਧਰਮ ਖੰਡ ਦੀ ਪੌੜੀ ਵਿਚ ਕੀਤਾ ਹੈ।ਸਿਮਰਨ ਅਤੇ ਧਰਮ ਦਾ ਸਬੰਧ ਇਸ ਧਰਮ ਖੰਡ ਵਾਲੀ ਪਉੜੀ ਦਾ ਵਿਸ਼ਾ ਹੈ।ਧਰਮ ਦੇ ਮਾਰਗ ਤੇ ਉਹ ਹੀ ਚਲਦਾ ਹੈ, ਜਿਸ ਦੇ ਅੰਦਰ ਧਰਮ ਦੇ ਮਾਰਗ ਤੇ ਚਲਣ ਦੀ ਤਾਂਘ ਜਾਗਦੀ ਹੈ।ਤਾਂਘ ਦਾ ਜਾਗਣਾ ਵੀ ਭਾਗਾਂ ਤੇ ਨਿਰਭਰ ਕਰਦਾ ਹੈ {ਸੰਤ ਕਾ ਮਾਰਗੁ ਧਰਮ ਕੀ ਪਉੜੀ, ਕੋ ਵਡਭਾਗੀ ਪਾਏ ੬੨੨}।ਭਾਗ, ਪ੍ਰਮਾਤਮਾ ਦੀ ਕਿਰਪਾ ਦ੍ਰਿਸਟੀ ਅਤੇ ਨਾਮ ਸਿਮਰਨ ਦਾ ਅਭਿਆਸ, ਇਹ ਤਿੰਨੇ ਧਰਮ ਦੇ ਰਸਤੇ ਤੇ ਅੱਗੇ ਵਧਣ ਵਿਚ ਸਹਾਈ ਹੁੰਦੇ ਹਨ {ਨਦਰਿ ਕਰੇ ਤਾ ਸਿਮਰਿਆ ਜਾਇ ੬੬੧}।ਧਰਮ ਖੰਡ ਵਾਲੀ ਪਉੜੀ ਵਿਚ ਗੁਰੂ ਜੀ ਨੇ ਦੈਵੀ ਦਰਬਾਰ ਦਾ ਵੀ ਜਿਕਰ ਕੀਤਾ ਹੈ, ਜਿਸ ਵਿਚ ਹਰ ਇਕ ਮਨੁੱਖ ਦੇ ਸੰਸਾਰ ਵਿਚ ਕੀਤੇ ਕਰਮਾਂ ਦੀ ਵਿਚਾਰ ਹੁੰਦੀ ਹੈ।ਜਿਹੜਾ ਮਨੁੱਖ ਰੱਬੀ ਦਰਬਾਰ ਵਿਚ ਹੋ ਰਹੇ ਕਰਮਾਂ ਦੀ ਵਿਚਾਰ ਨੂੰ ਅਪਣੇ ਦਿਮਾਗ ਵਿਚ ਟਿਕਾ ਲੈਂਦਾ ਹੈ, ਉਹ ਜਰੂਰ ਬੁਰੇ ਕਰਮਾਂ ਤੋਂ ਭੈ ਭੀਤ ਹੋਵੇਗਾ ਅਤੇ ਅੱਗੋਂ ਤੋਂ ਚੰਗੇ ਕਰਮ ਕਰੇਗਾ।ਨੇਕ ਕਰਮ ਕਰਨ ਵਾਲਾ ਮਨੁੱਖ ਆਸਵੰਦ ਹੁੰਦਾ ਹੈ ਕਿ ਪ੍ਰਮਾਤਮਾ ਦੇ ਦਰਬਾਰ ਵਿਚ ਮੈਨੂੰ ਸਨਮਾਨ ਮਿਲੇਗਾ, ਇਸ ਖਿਆਲ ਨਾਲ ਉਹ ਧਰਮ ਦੇ ਮਾਰਗ ਤੇ ਹੋਰ ਦ੍ਰਿੜਤਾ ਨਾਲ ਅੱਗੇ ਵਧਣ ਦੀ ਕੋਸ਼ਿਸ਼ ਕਰਦਾ ਹੈ।ਨਾਮ ਸਿਮਰਨ ਅਤੇ ਚੰਗੇ ਕਰਮਾਂ ਦਾ ਫਲ ਰੱਬੀ ਨੇੜਤਾ ਦੇ ਅਨੰਦ ਅਤੇ ਮੰਦੇ ਕਰਮਾਂ ਦਾ ਫਲ ਰੱਬ ਤੋਂ ਦੂਰੀ ਦੇ ਦੁਖ ਵਿਚ ਮਿਲਦਾ ਹੈ।ਗੁਰਬਾਣੀ ਵਿਚ ਰੱਬੀ ਨੇੜਤਾ ਨੂੰ ਸੰਜੋਗ ਅਤੇ ਦੂਰੀ ਨੂੰ ਵਿਜੋਗ ਸ਼ਬਦਾਂ ਰਾਹੀਂ ਬਿਆਨਿਆ ਹੈ।ਗੁਰਬਾਣੀ ਵਿਚ ਇਸ ਸਬੰਧੀ ਅਨੇਕਾਂ ਪ੍ਰਮਾਣ ਹਨ, ਜਿਨ੍ਹਾਂ ਰਾਹੀਂ ਮਨੁੱਖ ਨੂੰ ਰੱਬੀ ਦਰਬਾਰ ਵਿਚ ਹੁੰਦੇ ਕਰਮਾਂ ਦੀ ਵਿਚਾਰ ਤੋਂ ਜਾਣੂ ਕਰਾਇਆ ਗਿਆ ਹੈ =

> ਆਪੀਨੈ ਭੋਗ ਭੋਗਿ ਕੈ, ਹੋਇ ਭਸਮੜਿ ਭਉਰੁ ਸਿਧਾਇਆ।ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ।
> ਅਗੈ ਕਰਣੀ ਕੀਰਤਿ ਵਾਚੀਐ, ਬਹਿ ਲੇਖਾ ਕਰਿ ਸਮਝਾਇਆ।ਥਾਉ ਨ ਹੋਵੀ ਪਉਦੀਈ, ਹੁਣਿ ਸੁਣੀਐ ਕਿਆ
> ਰੂਆਇਆ।ਮਨਿ ਅੰਧੈ ਜਨਮੁ ਗਵਾਇਆ (੪੬੪)।

ਭਾਵ ਮਨੁੱਖ ਨੇ ਆਪ ਹੀ ਪਦਾਰਥਾਂ ਦੇ ਭੋਗ ਭੋਗੇ, ਜਦ ਮਰ ਗਿਆ ਤਾਂ ਸੁਆਹ ਦੀ ਢੇਰੀ ਹੋ ਗਿਆ, ਜੀਵ ਆਤਮਾ ਭੌਰੇ ਵਾਂਙ ਉਡ ਗਿਆ।ਇਹ ਦੁਨੀਆਂਦਾਰ ਮਨੁੱਖ ਵੱਡਾ ਹੋਇਆ ਫਿਰਦਾ ਸੀ, ਮਰਣ ਤੋਂ ਬਾਦ ਜਮਾਂ ਨੇ ਗਲ ਵਿਚ ਸੰਗਲ ਪਾ ਕੇ ਅੱਗੇ ਤੋਰ ਲਿਆ।ਅੱਗੇ ਰੱਬੀ ਦਰਬਾਰ ਵਿਚ ਉਸ ਦੇ ਕੀਤੇ ਕਰਮਾਂ ਦਾ ਹਿਸਾਬ ਹੁੰਦਾ ਹੈ ਅਤੇ ਸਾਰਾ ਹਿਸਾਬ ਉਸ ਨੂੰ ਸਮਝਾ ਦਿਤਾ ਜਾਂਦਾ ਹੈ।ਫਿਰ ਜੁਤੀਆਂ ਦੀ ਮਾਰ ਪੈਂਦਿਆਂ ਉਸ ਨੂੰ ਲੁਕਣ ਨੂੰ ਥਾਂ ਨਹੀਂ ਮਿਲਦੀ ਅਤੇ ਰੋਣ ਕੁਰਲਾਣ ਦੀ ਸੁਣਾਈ ਵੀ ਨਹੀਂ ਹੁੰਦੀ।ਮਨ ਦੇ ਅੰਧੇ (ਮੂਰਖ) ਨੇ ਬਿਅਰਥ ਜਨਮ ਗਵਾ ਲਿਆ (ਆਸਾ ਦੀ ਵਾਰ, ਤੀਜੀ ਪੌੜੀ) ।ਪਰ ਨਾਮ ਸਿਮਰਨ ਵਾਲੇ ਜੀਵਨ ਬਾਜੀ ਜਿਤ ਕੇ ਜਾਂਦੇ ਦਸੇ ਹਨ {ਤੇਰੇ ਨਾਇ ਰਤੇ ਸੇ ਜਿਣਿ ਗਏ ੪੬੩} ਅਤੇ ਰੱਬੀ ਦਰਬਾਰ ਵਿਚ ਸੋਭਾ ਪਾਉਂਦੇ ਦਸੇ ਹਨ {ਤਿਥੈ ਸੋਹਨਿ ਪੰਚ ਪਰਵਾਣੁ ੭}।

**ਗਿਆਨ ਖੰਡ** = ਕੋਸ਼ਾਂ ਵਿਚ ਗਿਆਨ ਦੇ ਅਰਥ ਃ-

ਉਚੇਰੀ ਜਾਣਕਾਰੀ, ਬੁੱਧੀ ਦਾ ਇਕ ਵਿਕਾਸ ਫਲ, ਚੇਤਨਾ ਦੀ ਇਕ ਉਚੇਰੀ ਅਵਸਥਾ, ਸਮਝ, ਵਿਦਿਆ ਆਦਿ।ਜਪੁ ਜੀ ਸਾਹਿਬ ਵਿਚ ਵਰਨਣ ਕੀਤੇ ਪੰਜਾਂ ਖੰਡਾਂ ਵਿਚੋਂ ਗਿਆਨ ਖੰਡ ਦੂਜਾ ਪੜਾ ਹੈ।ਧਰਮ ਖੰਡ ਦਾ ਇਹੋ ਜੋ ਧਰਮ ਹੈ, ਉਸ ਦਾ ਕਰਤੱਬ ਹੁਣ ਗਿਆਨ ਖੰਡ ਵਿਚ ਵਰਨਣ ਹੋਣ ਲਗਾ ਹੈ।ਗਿਆਨ ਖੰਡ ਵਿਚ ਵਾਹਿਗੁਰੂ ਦੇ ਪੈਦਾ ਕੀਤੇ ਬੇਅੰਤ ਤੱਤ ਪੌਣ, ਪਾਣੀ, ਅਗਨੀ ਆਦਿ ਉਸਦੇ ਹੁਕਮ ਅਧੀਨ ਅਪਣਾ ਅਪਣਾ ਧਰਮ (ਫਰਜ) ਨਿਭਾ ਰਹੇ ਦਸੇ ਹਨ।ਚੌਂਤੀਵੀਂ ਪਉੜੀ ਵਿਚ ਜਿਹੜਾ ਧਰਮ ਧਰਤੀ ਦੇ ਪ੍ਰਕਿਰਤੀ ਅਤੇ ਮਨੁੱਖਾਂ ਵਿਚ ਵਰਤਦਾ ਦਸਿਆ ਹੈ, ਪੈਂਤੀਵੀਂ ਪਉੜੀ ਵਿਚ ਉਹੀ ਧਰਮ ਸਾਰੇ ਵਿਸ਼ਵ ਵਿਚ ਵਿਆਪਕ ਵਰਤਦਾ ਦਸਿਆ ਹੈ।ਵਿਸ਼ਵ ਵਿਚ ਧਰਤੀ ਦੇ ਜੀਵ ਅਤੇ ਨਿਰਜੀਵ ਭਾਗ ਸਭ ਸ਼ਾਮਲ ਹਨ, ਇਸ ਤੋਂ ਬਿਨਾ ਹੋਰ ਬਹੁਤ ਕੁਝ ਹੈ, ਜੋ ਧਰਤੀ ਦੇ ਜੀਵਾਂ ਵਾਂਙ ਧਰਮ ਦੇ ਅਧੀਨ ਹਨ।੩੫ ਵੀਂ ਪਉੜੀ ਵਿਚ ਜਿਨ੍ਹਾਂ ਦਾ ਜਿਕਰ ਹੈ, ਉਹ ਸਾਰੇ ਧਰਤੀ ਤੇ ਵਸਣ ਵਾਲੇ ਜੀਵਾਂ ਵਾਂਙ ਸਰੀਰ ਧਾਰੀ ਨਹੀਂ ਹਨ।ਜਿਵੇਂ ਮਨੁੱਖਾਂ ਤੋਂ ਹੇਠਾਂ ਦੇ ਪੱਧਰ ਦੀਆਂ ਜੂਨੀਆਂ ਪਸ਼ੂਆਂ, ਪੰਛੀਆਂ ਅਤੇ ਬਨਸਪਤੀ ਦੀਆਂ ਹਨ, ਇਸੇ ਤਰ੍ਹਾਂ ਮਨੁੱਖ ਤੋਂ ਉਪਰ ਸਰੀਰ ਰਹਿਤ ਦੇਵਤਿਆਂ ਆਦਿ ਦੀਆਂ ਅਦ੍ਰਿਸਟ ਰੂਹਾਂ ਵੀ ਹਨ।ਦੇਵਤਿਆਂ ਤੋਂ ਉਚੀਆਂ ਸੰਤਾਂ ਭਗਤਾਂ ਅਤੇ

ਅਵਤਾਰਾਂ ਦੀਆਂ ਸ੍ਰੇਣੀਆਂ ਹਨ, ਇਨ੍ਹਾਂ ਤੋਂ ਇਲਾਵਾ ਗੁਰੂ ਜੀ ਨੇ ਗਿਆਨ ਦੇ ਮੰਡਲ ਵਿਚ ਵਾਹਿਗੁਰੂ ਦੀ ਰਚਨਾ ਦੇ ਹੋਰ ਅਨੇਕਾਂ ਦਿਸਦੇ ਅਤੇ ਅਣਦਿਸਦੇ ਰੂਪਾਂ ਦਾ ਵਰਨਣ ਕੀਤਾ ਹੈ। ਇਹੋ ਜਿਹਾ ਹੀ ਕਥਨ ਮਲਾਰ ਦੀ ਵਾਰ ਦੀ ਤੀਜੀ ਪਉੜੀ ਵਿਚ ਵੀ ਮਿਲਦਾ ਹੈ ःー

ਬ੍ਰਹਮਾ ਬਿਸਨੁ ਮਹੇਸੁ, ਦੇਵ ਉਪਾਇਆ। ਬ੍ਰਹਮੇ ਦਿਤੇ ਬੇਦ, ਪੂਜਾ ਲਾਇਆ।
ਦਸ ਅਵਤਾਰੀ ਰਾਮੁ, ਰਾਜਾ ਆਇਆ। ਦੈਤਾ ਮਾਰੇ ਧਾਇ, ਹੁਕਮਿ ਸਬਾਇਆ।
ਈਸ ਮਹੇਸੁਰੁ ਸੇਵ, ਤਿਨੀ ਅੰਤੁ ਨ ਪਾਇਆ। ਸਚੀ ਕੀਮਤਿ ਪਾਇ, ਤਖਤੁ ਰਚਾਇਆ।
ਦੁਨੀਆ ਧੰਧੈ ਲਾਇ, ਆਪੁ ਛਪਾਇਆ। ਧਰਮੁ ਕਰਾਏ ਕਰਮ, ਧੁਰਹੁ ਫੁਰਮਾਇਆ (੧੨੭੯)।

ਧਰਮ ਖੰਡ ਵਿਚ ਧਰਤੀ ਦੇ ਤੱਤਾਂ ਅਤੇ ਧਰਤੀ ਤੇ ਵਸਣ ਵਾਲੇ ਜੀਆਂ ਦੇ ਕਰਮਾਂ ਦਾ ਵਿਸ਼ਾ ਹੈ, ਪਰ ਗਿਆਨ ਖੰਡ ਵਿਚ ਕਰਤਾਰੀ ਰਚਨਾ ਦੀ ਬੇਅੰਤਤਾ ਦਾ ਚਿਤਰ ਉਲੀਕਿਆ ਹੈ। ਗਿਆਨ ਦੇ ਮੰਡਲ ਵਿਚ ਪੁੱਜਾ ਸਾਧਕ ਗਿਆਨ ਦੇ ਪ੍ਰਚੰਡ ਪ੍ਰਕਾਸ਼ ਨਾਲ ਸਾਡੀ ਇਕ ਧਰਤੀ ਤੋਂ ਬਿਨਾ ਅਨੇਕਾਂ ਕਰਮ ਭੂਮੀਆਂ ਅਤੇ ਇਕ ਪੌਣ ਪਾਣੀ ਅਗਨੀ ਦੀ ਥਾਂ ਅਨੇਕਾਂ ਤੱਤਾਂ ਦਾ ਅਨੁਭਵ ਕਰਦਾ ਹੈ। ਸ਼ੁੱਧ ਗਿਆਨ ਦੀ ਸੂਝ ਸਾਧਕ ਦੀ ਸੁਰਤ ਨੂੰ ਦਿਸਦੇ ਜਗਤ ਤੋਂ ਉਚਾ ਚੁਕ ਕੇ ਬੇਅੰਤਤਾ ਵਿਚ ਲੈ ਜਾਂਦੀ ਹੈ। ਭੂਮੀ, ਮੇਰ, ਸੂਰਜ, ਚੰਦ, ਸਿੱਧ, ਬੁੱਧ, ਦੇਵ, ਦਾਨਵ, ਸਮੁੰਦਰ, ਰਤਨ, ਖਾਣੀ ਅਤੇ ਬਾਣੀ ਸਭ ਕੁਛ ਦੇ ਅਨੰਤ ਰੂਪ ਅਨੁਭਵ ਕਰਦਾ ਹੈ। ਇਸ ਅਵਸਥਾ ਵਿਚ ਸਾਧਕ ਕਰਤਾਰ ਦੀ ਰਚਨਾ ਦੀ ਵਿਸ਼ਾਲਤਾ ਦੇ ਅਲੌਕਿਕ ਕੌਤਕਾਂ ਦਾ ਬਹੁਤ ਅਨੰਦ ਮਾਣਦਾ ਹੈ ਅਤੇ ਅਨੇਕਤਾ ਵਿਚ ਏਕਤਾ ਤੇ ਏਕਤਾ ਵਿਚ ਅਨੇਕਤਾ ਅਨੁਭਵ ਕਰਦਾ ਹੈ। ਗਿਆਨ ਖੰਡ ਵਿਚ ਸਾਧਕ ਦਿਸਦੇ ਸੰਸਾਰ ਅੰਦਰ ਵਿਆਪ ਰਹੇ ਰੱਬੀ ਹੁਕਮ ਅਤੇ ਗੁਣਾਂ ਦੀ ਸੋਝੀ ਪ੍ਰਾਪਤ ਕਰਦਾ ਹੈ। ਗਿਆਨ ਖੰਡ ਵਿਚ ਨਿਰੰਕਾਰ ਦੇ ਅਨੰਤ ਗੁਣਾਂ ਵਿਚੋਂ ਸਭ ਤੋਂ ਵਧ ਉਸ ਦੀ ਸ਼ਕਤੀ ਦਾ ਗੁਣ ਪ੍ਰਗਟ ਹੁੰਦਾ ਹੈ। ਕਾਨ੍ਹ, ਮਹੇਸ਼, ਬਰ੍ਹਮੇ, ਸੂਰਜ, ਚੰਦ ਆਦਿ ਸਭ ਵਿਚ ਨਿਰੰਕਾਰ ਦੀ ਸ਼ਕਤੀ ਕੰਮ ਕਰਦੀ ਹੈ ਅਤੇ ਇਹ ਸ਼ਕਤੀ ਅਨੇਕਾਂ ਰੂਪਾਂ ਵਿਚ ਪ੍ਰਕਾਸ਼ਵਾਨ ਹੈ। 'ਕੇਤੇ ਪਾਤ ਨਰਿੰਦ' ਵਿਚ ਰਾਜਸੀ ਸ਼ਕਤੀ, 'ਕੇਤੇ ਰਤਨ ਸਮੁੰਦ' ਵਿਚ ਮਾਇਕ ਸ਼ਕਤੀ, 'ਕੇਤੇ ਸਿਧ ਬੁਧ ਨਾਥ ਕੇਤੇ' ਵਿਚ ਰਿਧੀਆਂ ਸਿਧੀਆਂ ਦੇ ਰੂਪ ਵਿਚ ਮਾਨਸਕ ਸ਼ਕਤੀ ਅਤੇ 'ਕੇਤੀਆ ਸੁਰਤੀ ਸੇਵਕ ਕੇਤੇ' ਵਿਚ ਗਿਆਨ ਸ਼ਕਤੀ ਆਦਿ ਸਭ ਨਿਰੰਕਾਰੀ ਸ਼ਕਤੀ ਦੇ ਹੀ ਚਿੰਨ੍ਹ ਹਨ।

'ਤਿਥੈ ਨਾਦ ਬਿਨੋਦ ਕੋਡ ਅਨੰਦ' ਵਾਲੀ ਤੁਕ ਵਿਚ ਨਾਦ ਦਾ ਅਰਥ ਦੈਵੀ ਸੰਗੀਤ ਹੈ, ਦਸਮ ਦੁਆਰ ਵਿਚ ਪੁਜਿਆ ਜੋਗੀ ਅਨਹਦ ਨਾਦ ਸੁਣਦਾ ਹੈ। ਗੁਰੂ ਨਾਨਕ ਦੇਵ ਜੀ ਨੇ ਸਤਾਈਵੀਂ ਪਉੜੀ ਵਿਚ ਸਾਰਾ ਦਿਸਦਾ ਅਣਦਿਸਦਾ ਸੰਸਾਰ ਵਾਹਿਗੁਰੂ ਦੇ ਗੁਣ ਗਾਉਂਦਾ ਕਥਨ ਕੀਤਾ ਹੈ। ਗਿਆਨ ਮੰਡਲ ਵਿਚ ਪੁਜਿਆ ਸਾਧਕ ਨਾਮ ਸਿਮਰਨ ਦੇ ਆਸਰੇ ਇਸ ਰੱਬੀ ਕੀਰਤਨ (ਸੰਗੀਤ) ਦਾ ਅਨੰਦ ਮਾਣਦਾ ਹੈ। ਜਦ ਸਾਧਕ ਰੱਬੀ ਰਚਨਾ ਦੀ ਵਿਸ਼ਾਲਤਾ ਅਤੇ ਬੇਅੰਤਤਾ ਨੂੰ ਅਨੁਭਵ ਕਰਦਾ ਹੈ ਤਾਂ ਸੁਭਾਵਕ ਹੀ ਉਸ ਨੂੰ ਅਨੰਦ ਆਉਂਦਾ ਹੈ। ਕਈ ਵਾਰੀ ਨਿੱਕੀਆਂ ਕੀੜੀਆਂ ਦੀ ਫੁਰਤੀ, ਦ੍ਰਿੜਤਾ ਅਤੇ ਸਿਆਣਪ ਦੇਖ ਕੇ ਮਨ ਵਿਚ ਹੈਰਾਨੀ ਹੁੰਦੀ ਹੈ। ਰਾਬਰਟ ਬਰੂਸ ਮੱਕੜੀ ਦਾ ਅਣਥੱਕ ਜਤਨ ਦੇਖ ਕੇ ਬੜਾ ਹੈਰਾਨ ਹੋਇਆ ਸੀ। ਸਮੁੰਦਰ, ਪਹਾੜਾਂ ਅਤੇ ਝਰਨਿਆਂ ਦੇ ਦ੍ਰਿਸ਼ ਮਨ ਵਿਚ ਅਨੰਦ ਪੈਦਾ ਕਰਦੇ ਹਨ। ਗੁਰੂ ਨਾਨਕ ਦੇਵ ਜੀ ਵਿਸਮਾਦ ਵਿਚ ਆ ਕੇ ਨਿਰੰਕਾਰ ਦੇ ਵਿਸ਼ਾਲ ਦ੍ਰਿਸ਼ਾਂ ਅਤੇ ਬੇਅੰਤ ਰਚਨਾ ਦਾ ਆਸਾ ਦੀ ਵਾਰ ਵਿਚ ਵਰਨਣ ਕਰਦੇ ਹਨ = {ਵਿਸਮਾਦੁ ਨਾਦ ਵਿਸਮਾਦੁ ਵੇਦ। ਵਿਸਮਾਦੁ ਜੀਅ ਵਿਸਮਾਦੁ ਭੇਦ। ...੪੬੩}। ਵਿਸਮਾਦ ਦੇ ਅਨੁਭਵ ਵਿਚ ਸਾਧਕ ਅੱਗੇ ਨਾਲੋਂ ਅਪਣੇ ਆਪ ਨੂੰ ਛੋਟਾ ਮਹਿਸੂਸ ਕਰਦਾ ਹੈ, ਇਸਦੇ ਅਸਰ ਨਾਲ ਨਿਮ੍ਰਤਾ ਪੈਦਾ ਹੁੰਦੀ ਹੈ ਅਤੇ ਨਿਰੰਕਾਰ ਦੀ ਮਹਾਨਤਾ ਦਾ ਗਿਆਨ ਹੁੰਦਾ ਹੈ। ਇਸ ਗਿਆਨ ਦੀ ਅਵਸਥਾ ਵਿਚ ਸਾਧਕ ਰੱਬੀ ਰਚਨਾ ਦੇ ਦ੍ਰਿਸ਼ਾਂ ਨੂੰ ਦੇਖਦਾ ਉਸ ਵਿਚ ਆਪਾ ਗਵਾਉਂਦਾ ਹੋਇਆ ਖੁਮਾਰੀ ਮਹਿਸੂਸ ਕਰਦਾ ਹੈ। ਇਸ ਖੁਮਾਰੀ ਵਿਚ ਉਹ ਨਿਰੰਕਾਰ ਨਾਲ ਲਿਵ ਜੋੜ ਕੇ ਅਨੰਦ ਮਾਣਦਾ ਹੈ। ਗਿਆਨ ਖੰਡ ਦੀ ਪਉੜੀ ਵਿਚ ਰੱਬੀ ਰਚਨਾ ਦੀ ਬੇਅੰਤਤਾ ਅਤੇ ਉਸ ਤੋਂ ਪ੍ਰਾਪਤ ਹੋਣ ਵਾਲੇ ਅਨੰਦ ਦਾ ਵਰਨਣ ਹੈ। ਗੁਰੂ ਨਾਨਕ ਦੇਵ ਜੀ ਬੇਅੰਤ ਵਿਸ਼ਵ ਰਚਨਾ ਨੂੰ ਰੱਬੀ ਜਲਵੇ ਦੇ ਰੂਪ ਵਿਚ ਦੇਖਦੇ ਹਨ ਅਤੇ ਉਨ੍ਹਾਂ ਨੂੰ ਇਹ ਰਚਨਾ ਰੱਬ ਦੀ ਇਕ ਮਹਾਨ ਲੀਲਾ ਜਾਂ ਨਾਟਕ ਨਜਰ ਆਉਂਦਾ ਹੈ, ਜਿਸ ਵਿਚ ਅਨੇਕ ਤਰ੍ਹਾਂ ਦੇ ਕੌਤਕ ਹੋ ਰਹੇ ਹਨ। 'ਜਪੁ ਜੀ ਦੇ ਪੰਜ ਖੰਡਾਂ ਦਾ ਬਹੁ ਪੱਖੀ ਅਧਿਐਨ' ਵਿਚ ਡਾ. ਰਾਮ ਸਿੰਘ ਜੀ ਮਿਹਰ ਬਾਬਾ ਜੀ ਦੀ ਲਿਖਤ ਦਾ ਹਵਾਲਾ ਦੇਂਦੇ ਹੋਏ ਲਿਖਦੇ ਹਨ ਕਿ ਅਣਗਿਣਤ ਸੂਰਜਾਂ, ਗ੍ਰੈਹਾਂ ਤੇ ਸਾਡੀ ਧਰਤੀ ਵਾਲਾ ਸਥੂਲ ਜਗਤ ਸੂਖਮ ਜਗਤ ਦੇ ਮੁਕਾਬਲੇ ਉਤੇ ਇਕ ਕਿਣਕਾ ਮਾਤ੍ਰ ਹੈ। ਸੂਖਮ ਜਗਤ ਨਾ ਕੇਵਲ ਸਥੂਲ ਜਗਤ ਤੋਂ ਬਹੁਤ ਵੱਡਾ ਹੈ, ਸੱਗੋਂ ਇਸ ਨੂੰ ਅਪਣੇ ਅੰਦਰ ਸਮੇਟਦਾ ਭੀ ਹੈ। ਸੂਖਮ ਜਗਤ ਸਾਰੇ ਸਥੂਲ ਜਗਤ ਵਿਚ ਪ੍ਰਵੇਸ਼ ਕਰਕੇ ਫਿਰ ਇਸ ਤੋਂ ਬਾਹਰ ਭੀ ਪਸਰਿਆ ਹੋਇਆ ਹੈ, ਇਸ ਦਾ ਪਸਾਰ ਬੇਹੱਦ ਵਿਸ਼ਾਲ ਹੈ। ਮਿਹਰ ਬਾਬਾ ਜੀ ਦਾ ਸੂਖਮ ਜਗਤ ਦਾ ਇਸ ਤਰ੍ਹਾਂ ਦਾ ਚਿਤਰ ਗਿਆਨ ਖੰਡ ਨਾਲ ਬਹੁਤ ਸਾਂਝ ਰਖਦਾ ਹੈ। ਗਿਆਨ ਖੰਡ ਵਿਚ ਹਉਮੈ ਤੇ ਖੁਦਗਰਜੀ ਦੀ ਨਵਿਰਤੀ ਹੋ ਜਾਂਦੀ ਹੈ, ਜਿਸ ਕਰਕੇ ਕੂੜ ਦੀ ਕੰਧ ਨਾਸ ਹੋ ਕੇ ਨਿਰੰਕਾਰ ਨਾਲ ਨੇੜਤਾ ਵਧਦੀ ਹੈ।

ਸੁਆਰਥੀ ਮਨੁੱਖ ਦੂਜਿਆਂ ਦਾ ਧਨ, ਜਾਇਦਾਦ, ਤਾਕਤ, ਇੱਜਤ ਆਦਿ ਖੋਹ ਕੇ ਅਪਣੇ ਜੀਵਨ ਨੂੰ ਸੁਖੀ ਕਰਨਾ ਲੋੜਦਾ ਹੈ ਪਰ ਉਹ ਸੁਖੀ ਫਿਰ ਵੀ ਨਹੀ ਹੁੰਦਾ।ਇਹ ਚੀਜਾਂ ਸੁਖ ਦਾ ਛਲਾਵਾ ਦਿੰਦੀਆਂ ਹਨ, ਅਸਲੀ ਤੇ ਸਦੀਵੀ ਸੁਖ ਨਹੀਂ ਦੇ ਸਕਦੀਆਂ। ਜਿਸ ਮਨੁੱਖ ਦੇ ਅੰਦਰ ਪ੍ਰਚੰਡ ਗਿਆਨ ਦੁਆਰਾ ਅਨੰਦ ਦਾ ਫੁਹਾਰਾ ਫੁਟ ਪਿਆ ਹੈ, ਉਹ ਕਿਸੇ ਕੋਲੋਂ ਕਿਉ ਕੁਛ ਖੋਹਣ ਦਾ ਜਤਨ ਕਰੇਗਾ? ਉਸ ਨੂੰ ਨਾ ਤਾਂ ਇਨ੍ਹਾਂ ਛਿਨ ਭੰਗਰ ਸੰਸਾਰੀ ਸੁਖਾਂ ਦੀ ਭੁੱਖ ਹੈ ਅਤੇ ਨਾ ਭੁਲੇਖਾ ਕਿ ਕਿਸੇ ਕੋਲੋਂ ਜੋਰ ਨਾਲ ਹਾਸਲ ਕੀਤੀਆਂ ਵਸਤਾਂ ਅਨੰਦ ਦਾ ਸੋਮਾ ਹਨ।ਉਹ ਨਿਰੰਕਾਰ ਤੇ ਭਰੋਸਾ ਰਖਦਾ ਹੈ ਅਤੇ ਅਪਣੇ ਭਾਗਾਂ ਅਨੁਸਾਰ ਮਿਲੇ ਪਦਾਰਥਾਂ ਵਿਚ ਸੰਤੁਸ਼ਟ ਰਹਿ ਕੇ ਅਨੰਦ ਮਾਣਦਾ ਹੈ।ਉਹ ਕਿਸੇ ਮਨੁੱਖ ਦੇ ਔਗੁਣ ਨਹੀਂ ਚਿਤਾਰਦਾ, ਉਸ ਦੇ ਸਾਰੇ ਮਨੁੱਖੀ ਰਿਸ਼ਤੇ ਹਮਦਰਦੀ, ਖਿਮਾ, ਪ੍ਰੇਮ, ਸਹਿਨਸ਼ੀਲਤਾ ਅਤੇ ਦਇਆ ਤੇ ਅਧਾਰਤ ਹੁੰਦੇ ਹਨ।ਅਜੇਹਾ ਮਨੁੱਖ ਜਾਤ ਪਾਤ ਦੇ ਖਿਆਲ ਤੋਂ ਮੁਕਤ ਹੋ ਕੇ ਸਮੂਹ ਮਾਨਵ ਜਾਤੀ ਦੀ ਸੇਵਾ ਕਰਨਾ ਅਪਣਾ ਧਰਮ ਸਮਝਦਾ ਹੈ।ਗਿਆਨ ਖੰਡ ਦਾ ਵਾਸੀ ਅਪਣੇ ਅੰਦਰ ਦੈਵੀ ਸ਼ਕਤੀਆਂ ਦਾ ਸੰਚਾਰ ਹੁੰਦਾ ਪ੍ਰਤੀਤ ਕਰਦਾ ਹੈ, ਪਰ ਇਨ੍ਹਾਂ ਦਾ ਦੁਰ ਉਪਯੋਗ ਨਹੀਂ ਕਰਦਾ।ਐਸਾ ਸਾਧਕ ਇਨ੍ਹਾਂ ਦੈਵੀ ਸ਼ਕਤੀਆਂ ਦਾ ਸੋਮਾ ਨਿਰੰਕਾਰ ਨੂੰ ਸਮਝਦਾ ਹੈ ਅਤੇ ਸਰਬ ਸ਼ਕਤੀਮਾਨ ਨਿਰੰਕਾਰ ਦਾ ਸਿਮਰਨ ਕਰਦਾ ਹੋਇਆ ਨਿਰਭਉ ਨਿਰਵੈਰ ਬਣ ਜਾਂਦਾ ਹੈ।ਉਸਦੇ ਅੰਦਰ ਕ੍ਰੋੜਾਂ ਸੂਰਜਾਂ ਜਿੰਨਾ ਪ੍ਰਕਾਸ਼ ਹੋ ਜਾਂਦਾ ਹੈ {ਕੋਟਿ ਸੂਰ ਜਾ ਕੈ ਪਰਗਾਸ ੧੧੬੨}।ਪ੍ਰਚੰਡ ਗਿਆਨ ਦੀ ਹਨ੍ਹੇਰੀ ਆਈ ਤਾਂ ਭਰਮ ਦੇ ਸਾਰੇ ਪੜਦੇ ਅਤੇ ਮਾਇਆ ਦੇ ਬੰਧਨ ਟੁੱਟ ਗਏ।ਦੁਚਿੱਤੇਪਣ ਦੀਆਂ ਥੰਮੀਆਂ ਗਿਰ ਗਈਆਂ, ਮੋਹ ਦਾ ਸ਼ਤੀਰ ਵੀ ਟੁੱਟ ਗਿਆ।ਤ੍ਰਿਸ਼ਨਾ ਦੀ ਛੰਨ ਧਰਤੀ ਤੇ ਡਿਗ ਗਈ ਅਤੇ ਦੁਰਮੱਤ ਦਾ ਭਾਂਡਾ ਫੁੱਟ ਗਿਆ।ਗਿਆਨ ਦੀ ਹਨੇਰੀ ਪਿੱਛੋਂ ਅੰਮ੍ਰਿਤ ਵਰਖਾ ਹੋਈ, ਜਿਸ ਨਾਲ ਸੇਵਕ ਦਾ ਮਨ ਭਿੱਜ (ਰਸਦਾਇਕ ਹੋ) ਗਿਆ।ਜਦ ਗਿਆਨ ਦਾ ਸੂਰਜ ਚੜ੍ਹਿਆ ਪਛਾਣਿਆ ਤਾਂ ਮਨ ਵਿਚ (ਜੋਤ ਦਾ) ਪ੍ਰਕਾਸ਼ ਹੋ ਗਿਆ =

ਦੇਖੌ ਭਾਈ ਗ੍ਹਾਨ ਕੀ ਆਈ ਆਂਧੀ।ਸਭੈ ਉਡਾਨੀ ਭ੍ਰਮ ਕੀ ਟਾਟੀ, ਰਹੈ ਨ ਮਾਇਆ ਬਾਂਧੀ।ਰਹਾਉ।੧।<br>
ਦੁਚਿਤੇ ਕੀ ਦੁਇ ਥੂਨਿ ਗਿਰਾਨੀ, ਮੋਹ ਬਲੇਡਾ ਟੂਟਾ।ਤਿਸਨਾ ਛਾਨਿ ਪਰੀ ਧਰ ਊਪਰਿ, ਦੁਰਮਤਿ ਭਾਂਡਾ ਫੂਟਾ।<br>
ਆਂਧੀ ਪਾਛੇ ਜੋ ਜਲੁ ਬਰਖੈ, ਤਿਹਿ ਤੇਰਾ ਜਨੁ ਭੀਨਾ।ਕਹਿ ਕਬੀਰ ਮਨਿ ਭਇਆ ਪ੍ਰਗਾਸਾ,<br>
ਉਦੈ ਭਾਨੁ ਜਬ ਚੀਨਾ।(ਅੰਗ ੩੩੨)।

**ਸਰਮ ਖੰਡ** = ਸਰਮ ਦੇ ਅਰਥ = ਉਦਮ, ਮਿਹਨਤ, ਤਪੱਸਿਆ, ਸਾਧਨਾ, ਅਨਿੰਨ ਭਗਤੀ, ਵੈਰਾਗ, ਅਭਿਆਸ, ਲੱਜਿਆ, ਨਿਮ੍ਰਤਾ, ਅਨੰਦ, ਖੁਸ਼ੀ, ਸੁੱਖ ਆਦਿ ਹਨ।ਸਰਮ ਖੰਡ ਵਿਚ ਸਾਧਕ ਅਪਣੇ ਅੰਤਹਕਰਣ ਦੇ ਅੰਗਾਂ ਨੂੰ ਸੁੰਦਰ ਬਣਾਉਣ ਲਈ ਸਭ ਤੋਂ ਵੱਧ ਅਭਿਆਸ ਕਰਨ ਦਾ ਉਦਮ ਕਰਦਾ ਹੈ।ਇਥੇ ਸਰਮ ਦਾ ਅਰਥ ਅਭਿਆਸ ਜਾਂ ਉਦਮ ਹੈ ਅਤੇ ਰੂਪ ਦਾ ਅਰਥ ਸੁੰਦਰਤਾ ਹੈ, ਇਸ ਸੁੰਦਰਤਾ ਦਾ ਸਬੰਧ ਸਾਧਕ ਦੇ ਅੰਤਹਕਰਣ ਨਾਲ ਹੈ।ਮਨੁੱਖ ਭੈੜੀਆਂ ਆਦਤਾਂ ਛੇਤੀ ਅਪਣਾ ਲੈਂਦਾ ਹੈ, ਬੁਰਿਆਈਆਂ ਲਈ ਮਿਹਨਤ ਵੀ ਬਹੁਤੀ ਨਹੀਂ ਕਰਨੀ ਪੈਂਦੀ।ਕੁਦਰਤ ਦਾ ਅਸੂਲ ਹੈ, ਕੋਈ ਵੀ ਚੰਗੀ ਚੀਜ ਜਾਂ ਚੰਗੇ ਗੁਣ ਬਿਨਾ ਕਠਨ ਮਿਹਨਤ ਕੀਤਿਆਂ ਹਾਸਲ ਨਹੀਂ ਹੁੰਦੇ।ਇਕ ਚੰਗਾ ਗੁਣਵਾਨ ਇਨਸਾਨ ਬਣਨ ਲਈ ਵੀ ਬੜੀ ਕਠਨ ਘਾਲਣਾ ਦੀ ਜਰੂਰਤ ਹੈ, ਬੁਰਿਆਈਆਂ, ਪੁਰਾਣੇ ਸੰਸਕਾਰਾਂ ਦਾ ਤਿਆਗ ਅਤੇ ਸ਼ੁੱਭ ਗੁਣਾਂ ਦਾ ਧਾਰਨੀ ਬਣਨਾ ਵੀ ਇਕ ਤਪ ਹੈ।ਇਸ ਅਵਸਥਾ ਵਿਚ ਸਾਧਕ ਨੇ ਅਪਣਾ ਆਪ ਮਿਟਾ ਕੇ ਤਿਆਗ ਅਤੇ ਕੁਰਬਾਨੀ ਦੇ ਰਸਤੇ ਤੇ ਚਲਣਾ ਹੁੰਦਾ ਹੈ।ਇਸ ਮੰਡਲ ਵਿਚ ਮਨੁੱਖ ਦੇ ਵਿਚਾਰ ਬਦਲ ਜਾਂਦੇ ਹਨ, ਪਹਿਲਾਂ ਮਨੁੱਖ ਅਪਣੀ ਮੱਤ ਅਨੁਸਾਰ ਚਲਦਾ ਸੀ, ਪਰ ਹੁਣ ਉਹ ਗੁਰੂ ਦੀ ਮੱਤ ਅਨੁਸਾਰ ਚਲਦਾ ਹੈ।ਇਥੇ ਸੱਚਾਈ ਦੀ ਉਚੇਰੀ ਸੂਝ ਪ੍ਰਾਪਤ ਹੁੰਦੀ ਹੈ, ਭਾਵ ਸਾਧਕ ਦੀ ਸਧਾਰਨ ਸੁੱਧ ਬੁੱਧ ਨਵੇਂ ਸਿਰਿਓਂ ਘੜ ਕੇ ਰਿਸ਼ੀਆਂ ਤੇ ਸਿੱਧਾਂ ਦੀ ਸੂਝ ਬੂਝ ਵਿਚ ਪਲਟ ਜਾਂਦੀ ਹੈ।ਇਸ ਮੰਡਲ ਵਿਚ ਬਣਿਆ ਆਤਮਾ ਦਾ ਸੁੰਦਰ ਰੂਪ ਬਿਆਨ ਨਹੀ ਕੀਤਾ ਜਾ ਸਕਦਾ।ਬਾਣੀ ਦੇ ਅਰਥ ਡਾ. ਜੋਧ ਸਿੰਘ ਜੀ ਨੇ ਬੋਲ ਕੀਤੇ ਹਨ, ਉਨ੍ਹਾਂ ਅਨੁਸਾਰ ਸਰਮ ਖੰਡ ਵਿਚ ਸਾਧਕ ਦੇ ਚਿਤ ਦੇ ਭਾਵ ਬੋਲ ਕੇ ਨਹੀਂ, ਰੂਪ ਦੁਆਰਾ ਪ੍ਰਗਟ ਕੀਤੇ ਜਾਂਦੇ ਹਨ। ਆਮ ਹਾਲਤ ਵਿਚ ਚਿਤ ਦੇ ਭਾਵ ਬੋਲ ਕੇ ਦਸੇ ਜਾਂਦੇ ਹਨ, ਪਰ ਸਰਮ ਖੰਡ ਦੀ ਬਾਣੀ ਰੂਪ ਹੈ।ਆਤਮਕ ਜੀਵਨ ਵਿਚ ਉਨਤ ਹੋ ਚੁਕੇ ਮਹਾਂ ਪੁਰਖਾਂ ਨੂੰ ਅਪਣੇ ਭਾਵ ਦੂਜਿਆਂ ਤਕ ਪਹੁੰਚਾਉਣ ਲਈ ਬੋਲੀ ਵਰਤਣ ਦੀ ਲੋੜ ਨਹੀਂ ਪੈਂਦੀ, ਉਨ੍ਹਾਂ ਦੇ ਪ੍ਰਭਾਵਸ਼ਾਲੀ ਦਰਸ਼ਨ ਹੀ ਸਾਧਕ ਨੂੰ ਖਿੱਚ ਪਾਉਂਦੇ ਹਨ।ਬਹੁਤੇ ਟੀਕਾਕਾਰਾਂ ਨੇ ਰੂਪ ਦਾ ਅਰਥ ਦੈਵੀ ਸੁੰਦਰਤਾ ਹੀ ਕੀਤਾ ਹੈ।ਸਰਮ, ਬਾਣੀ ਅਤੇ ਰੂਪ ਲਫਜਾਂ ਦਾ ਸਬੰਧ ਸਾਧਕ ਦੇ ਅੰਦਰਲੇ ਜੀਵਨ ਦੇ ਨਵ ਨਿਰਮਾਣ ਦੇ ਗੁਣਾਂ ਨਾਲ ਹੈ।ਮਾਨਸਕ ਸੁੰਦਰਤਾ ਦਾ ਨਿਰਮਾਣ ਕਰਨ ਲਈ ਸਾਧਕ ਨੂੰ ਨਾਮ ਸਿਮਰਨ ਦੇ ਅਭਿਆਸ ਰੂਪ ਉਦਮ ਦੀ ਕਾਫੀ ਘਾਲ ਘਾਲਣੀ ਪੈਂਦੀ ਹੈ।ਇਸੇ ਕਰਕੇ ਟੀਕਾਕਾਰਾਂ ਨੇ ਸਰਮ ਖੰਡ ਨੂੰ ਤਪੱਸਿਆ ਜਾਂ ਮੁਸ਼ੱਕਤ ਦਾ ਮੰਡਲ ਵੀ ਕਿਹਾ ਹੈ, ਜਿਸ ਵਿਚ ਸਾਧਕ ਉਚੀ ਮਾਨਸਕ ਅਵਸਥਾ ਪ੍ਰਾਪਤ ਕਰਦਾ ਹੈ।ਇਥੇ ਪੁਜ ਕੇ ਸਾਧਕ ਅਪਣੇ ਆਪੇ ਦੀ ਪਛਾਣ ਕਰਦਾ ਹੈ, ਅਪੂਰਨਤਾ ਦਾ ਗਿਆਨ ਪੂਰਨਤਾ ਪ੍ਰਾਪਤ ਕਰਨ ਦੀ ਤਾਂਘ ਪੈਦਾ ਕਰਦਾ ਹੈ। ਆਤਮਕ ਉਨਤੀ ਵਿਚ ਰੁਕਿਆ ਸਾਧਕ ਅਪਣੇ ਅੰਦਰ ਨਵੇਂ ਗੁਣਾਂ ਦਾ ਪ੍ਰਸਾਰ ਕਰਦਾ ਹੈ {ਵਿਣੁ ਗੁਣ ਕੀਤੇ ਭਗਤਿ ਨ ਹੋਇ ੪}।

ਹੁਣ ਉਸ ਦੇ ਮਨ ਅੰਦਰ ਗੁਣੀ ਨਿਧਾਨ ਵਾਹਿਗੁਰੂ ਦੇ ਦਰਸ਼ਨਾਂ ਲਈ ਤੜਪ ਪੈਦਾ ਹੁੰਦੀ ਹੈ, ਉਹ ਬਿਰਹਾ ਦੇ ਅਣਿਆਲੇ ਤੀਰਾਂ ਨਾਲ ਬੁਰੀ ਤਰ੍ਹਾਂ ਵਿਨ੍ਹਿਆ ਜਾਂਦਾ ਹੈ। ਉਹ ਵਿਯੋਗ ਦੇ ਕਸ਼ਟਾਂ ਦੀ ਜ਼ਿੰਮੇਵਾਰੀ ਅਪਣੇ ਸਿਰ ਲੈਂਦਾ ਹੈ ਅਤੇ ਇਨ੍ਹਾਂ ਕਸ਼ਟਾਂ ਨੂੰ ਦੂਰ ਕਰਨ ਦੀ ਬੇਬਸੀ ਨੂੰ ਵੀ ਡੂੰਘੀ ਤਰ੍ਹਾਂ ਮਹਿਸੂਸ ਕਰਦਾ ਹੈ। ਜੇ ਉਸਨੂੰ ਦੁਖ ਮਿਲ ਰਿਹਾ ਹੈ ਤਾਂ ਉਹ ਮੰਨਦਾ ਹੈ ਕਿ ਉਹ ਸੁੱਖਾਂ ਦੇ ਯੋਗ ਨਹੀ ਸੀ। ਹੁਣ ਉਹ ਦੁੱਖਾਂ ਨੂੰ ਚੁਪ ਚਾਪ ਸਹਿੰਦਾ ਹੈ ਅਤੇ ਅਪਣੇ ਪ੍ਰੀਤਮ ਅੱਗੇ ਅਰਦਾਸ ਕਰਦਾ ਹੈ ਕਿ ਉਸ ਨੂੰ ਭਾਣਾ ਮਿੱਠਾ ਕਰ ਕੇ ਮੰਨਣ ਦਾ ਬਲ ਪ੍ਰਾਪਤ ਹੋਵੇ। ਇਸ ਮੰਡਲ ਵਿਚ ਸਾਧਕ ਰਿਧੀਆਂ ਸਿਧੀਆਂ ਪ੍ਰਾਪਤ ਕਰਕੇ ਵੀ ਉਨ੍ਹਾਂ ਦਾ ਦੁਰ ਉਪਯੋਗ ਨਹੀਂ ਕਰਦਾ।

ਕੁਝ ਵਿਦਵਾਨ ਸਰਮ ਦਾ ਅਰਥ ਲੱਜਿਆ (ਸ਼ਰਮ) ਕਰਦੇ ਹਨ। ਇਕ ਤਾਂ ਲੋਕ ਲਾਜ ਹੁੰਦੀ ਹੈ ਕਿ ਜੇ ਮੈਂ ਬੁਰੇ ਕਰਮ ਕਰਾਂਗਾ ਤਾਂ ਲੋਕਾਂ ਵਿਚ ਲਾਹਣਤਾਂ ਮਿਲਣਗੀਆਂ, ਇਸ ਗਲ ਦੀ ਸ਼ਰਮ ਕਰਨੀ। ਦੂਜੇ ਅਪਣੇ ਧਾਰਮਕ ਪਹਿਰਾਵੇ ਦੀ ਸ਼ਰਮ ਰਖ ਕੇ ਮਨ ਵਿਚ ਡਰ ਰਖਣਾ। ਤੀਜੇ ਧਰਮਰਾਇ ਦੀ ਕਚਹਿਰੀ ਵਿਚ ਲੇਖਾ ਦੇਣ ਸਮੇਂ ਖੋਟੇ ਕਰਮਾਂ ਕਰਕੇ ਕੀ ਮੂੰਹ ਦਿਖਾਵਾਂਗਾ {ਧਰਮ ਰਾਇ ਜਬ ਲੇਖਾ ਮਾਂਗੈ, ਕਿਆ ਮੁਖੁ ਲੈ ਕੇ ਜਾਹਿਗਾ ੧੧੦੬}?। ਸ਼ਰਮ ਤੇ ਇੱਜਤ ਦਾ ਆਪਸ ਵਿਚ ਗੂੜ੍ਹਾ ਸਬੰਧ ਹੈ, ਜੇ ਕਿਸੇ ਦੀ ਸ਼ਰਮ ਉਠ ਜਾਵੇ ਅਤੇ ਬੁਰੇ ਕਰਮ ਕਰੀ ਜਾਵੇ ਤਾਂ ਉਸਦੀ ਇਜਤ ਵੀ ਨਹੀਂ ਰਹਿੰਦੀ {ਸਰਮੁ ਗਇਆ ਘਰਿ ਆਪਣੈ, ਪਤਿ ਉਠਿ ਚਲੀ ਨਾਲਿ ੧੨੪੩}। ਕੋਰੇ ਅਤੇ ਕਠੋਰ ਮਨ ਨੂੰ ਭਗਤੀ ਦਾ ਰੰਗ ਚਾੜ੍ਹਨ ਲਈ ਵਾਹਿਗੁਰੂ ਦੇ ਭੈ ਵਿਚ ਮਨ ਨੂੰ ਖੁੰਬ ਚਾੜ੍ਹੀਏ ਅਤੇ ਸ਼ਰਮ ਦੀ ਪਾਹ ਮਨ ਨੂੰ ਦੇਈਏ, ਤਾਂ ਮਨ ਉਤੇ ਕੂੜ ਦਾ ਦਾਗ ਨਹੀ ਰਹਿੰਦਾ {ਭੈ ਵਿਚਿ ਖੁੰਬਿ ਚੜਾਈਐ, ਸਰਮੁ ਪਾਹੁ ਤਨਿ ਹੋਇ। ਨਾਨਕ ਭਗਤੀ ਜੇ ਰਪੈ, ਕੂੜੈ ਸੋਇ ਨ ਕੋਇ ੪੬੮}। ਸਰਮ ਖੰਡ ਵਾਲੀ ਪਉੜੀ ਵਿਚ ਵਰਤੇ ਸੁਰਤਿ, ਮਤਿ, ਮਨਿ, ਬੁਧਿ ਅਤੇ ਸੁਧਿ ਦਾ ਸਬੰਧ ਸਾਧਕ ਦੇ ਅੰਦਰਲੇ ਜੀਵਨ ਨਾਲ ਹੈ। ਮਨ ਦਾ ਕੰਮ ਹੈ ਆਤਮਾ ਅਤੇ ਸਰੀਰ ਦੇ ਵਿਚਕਾਰ ਆ ਕੇ ਦੋਹਾਂ ਦਾ ਸਬੰਧ ਜੋੜਨਾ। ਮਨ ਦੇ ਦੋ ਰੂਪ ਹਨ (੧) ਇਨ ਮਨ = ਔਗੁਣਾਂ ਨਾਲ ਭਰਿਆ ਬੁਰਾ ਮਨ, (੨) ਉਨ ਮਨ = ਸ਼ੁੱਭ ਗੁਣਾਂ ਵਾਲਾ ਰਬ ਨਾਲ ਜੁੜਿਆ ਮਨ। ਸਰਮ ਖੰਡ ਵਿਚ ਸਾਧਕ ਅਪਣੇ ਮਨ ਦੇ ਔਗੁਣਾਂ ਨੂੰ ਦੂਰ ਕਰਕੇ ਗਿਆਨ ਵਾਲੀ ਅਵਸਥਾ ਪ੍ਰਾਪਤ ਕਰਦਾ ਹੈ। ਇਹੁ ਮਨੁ ਲੇ ਜਉ ਉਨਮਨਿ ਰਹੈ। ਤਉ ਤੀਨਿ ਲੋਕ ਕੀ ਬਾਤੈ ਕਹੈ। (੩੪੨)

ਤਾ ਕੀਆ ਗਲਾ ਕਥੀਆ ਨ ਜਾਹਿ। ਜੇ ਕੋ ਕਹੈ ਪਿਛੈ ਪਛੁਤਾਇ। (੩੬ ਵੀਂ ਪਉੜੀ ਦੀਆਂ) ਇਹ ਦੋਵੇਂ ਤੁਕਾਂ =

ਮੰਨੇ ਕੀ ਗਤਿ ਕਹੀ ਨ ਜਾਇ। ਜੇ ਕੋ ਕਹੈ ਪਿਛੈ ਪਛੁਤਾਇ। (੧੨ ਵੀਂ ਪਉੜੀ ਦੀਆਂ) ਤੁਕਾਂ ਨਾਲ ਮਿਲਦੀਆਂ ਹਨ।

ਇਸੇ ਤਰ੍ਹਾਂ ਹੇਠ ਲਿਖੀਆਂ ਤੁਕਾਂ ਵੀ ਆਪਸ ਵਿਚ ਬਹੁਤ ਮਿਲਦੀਆਂ ਹਨ =

੧. ਮੰਨੈ ਸੁਰਤਿ ਹੋਵੈ ਮਨਿ ਬੁਧਿ। ਮੰਨੈ ਸਗਲ ਭਵਨ ਕੀ ਸੁਧਿ। (੧੩ ਵੀਂ ਪਉੜੀ)।

੨. ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ। ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ। (੩੬ ਵੀਂ ਪਉੜੀ)। ਇਹ ਮੇਲ ਕੋਈ ਇਤਫਾਕੀਆ ਨਹੀਂ, ਇਨ੍ਹਾਂ ਤੁਕਾਂ ਦੇ ਵਿਸ਼ੇ ਵਿਚ ਆਪਸੀ ਸਾਂਝ ਹੈ। ਸਰਮ ਖੰਡ ਵਿਚ ਸਾਧਕ ਨੂੰ ਜੋ ਉਚੀ ਆਤਮਕ ਅਵਸਥਾ ਪ੍ਰਾਪਤੀ ਹੋਈ ਹੈ, ਉਹ ਵਾਹਿਗੁਰੂ ਦਾ ਨਾਮ ਜਾਂ ਗੁਰੂ ਦਾ ਉਪਦੇਸ਼ ਮੰਨਣ ਕਰਕੇ ਹੀ ਹੋਈ ਹੈ। ਇਸ ਉਚੀ ਆਤਮਕ ਅਵਸਥਾ ਵਿਚ ਸਾਧਕ ਦੇ ਸੁਰਤਿ, ਮਤਿ, ਮਨ ਅਤੇ ਬੁਧਿ ਆਮ ਸਧਾਰਣ ਲੋਕਾਂ ਵਰਗੇ ਨਹੀਂ ਹੁੰਦੇ। ਉਨ੍ਹਾਂ ਦਾ ਰਹਿਣ ਸਹਿਣ, ਸੋਚਣ ਸਮਝਣ, ਮਹਿਸੂਸ ਕਰਨ ਜਾਂ ਨਿਰਣੈ ਕਰਨ ਦਾ ਢੰਗ ਨਿਵੇਕਲਾ ਹੁੰਦਾ ਹੈ। ੧੩ ਵੀਂ ਪਉੜੀ ਵਿਚ ਮੰਨਣ ਵਾਲੇ ਨਾਮ ਅਭਿਆਸੀ ਨੂੰ 'ਸਗਲ ਭਵਨ ਕੀ ਸੁਧਿ' ਹੋ ਜਾਂਦੀ ਦਸੀ ਹੈ, ਇਹ ਸੁਧਿ ਉਸ ਤਰ੍ਹਾਂ ਦੀ ਨਹੀਂ, ਜਿਸ ਤਰ੍ਹਾਂ ਦੀ ਵਿਗਿਆਨੀ ਹਾਸਲ ਕਰਦੇ ਹਨ। ਇਹ ਸੁਧਿ ਆਤਮਕ ਰੰਗਤ ਵਾਲੀ ਹੁੰਦੀ ਹੈ, ਉਨ੍ਹਾਂ ਨੂੰ 'ਪਾਤਾਲਾ ਪਾਤਾਲ ਲਖ ਆਗਾਸਾ ਆਗਾਸ' ਵਿਚ ਹਰ ਥਾਂ ਵਾਹਿਗੁਰੂ ਵਿਆਪਕ ਅਨੁਭਵ ਹੁੰਦਾ ਹੈ। ਨਾਮ ਸਿਮਰਨ ਦੇ ਅਭਿਆਸ ਸਦਕੇ ਸਾਧਕ ਦੇ ਮਨ ਵਿਚ ਬਿਬੇਕ ਬੁਧੀ, ਉਚੀ ਮੱਤ ਪ੍ਰਾਪਤ ਹੋ ਜਾਂਦੀ ਹੈ ਅਤੇ ਸੁਰਤ ਉਚੀ ਹੋ ਜਾਂਦੀ ਹੈ। ਇਤਨੀ ਉਚੀ ਆਤਮਕ ਅਵਸਥਾ ਦਾ ਮਾਲਕ ਬਣ ਕੇ ਵੀ ਅਜੇ ਸਾਧਕ ਅਧੂਰਾ (ਅਪੂਰਨ) ਹੈ, ਉਹ ਕਰਮ ਖੰਡ ਵਾਲੀ ਬਖਸਿਸ਼ ਦੁਆਰਾ ਸੱਚਖੰਡ ਵਿਚ ਪੁਜ ਕੇ ਪੂਰਨਤਾ ਹਾਸਲ ਕਰਦਾ ਹੈ।

**ਕਰਮ ਖੰਡ** = ਕਰਮ ਦੇ ਅਰਥ = ਕਿਰਪਾ, ਬਖਸਿਸ਼, ਕੰਮ, ਡਿੰਘ (ਕਦਮ), ਅਮਲ, ਕਰਣੀ, ਕਿਸਮਤ (ਭਾਗ), ਮਿਹਨਤ, ਧਾਰਮਕ ਕਰਮ, ਪਰਾਲਬਧ, ਫਰਜ਼ ਆਦਿ ਹਨ। ਕਰਮ ਖੰਡ ਵਿਚ 'ਕਰਮ' ਦਾ ਅਰਥ ਬਖਸਿਸ਼ ਹੈ, ਆਤਮਾ ਦੀ ਇਸ ਉਚੀ ਅਵਸਥਾ ਵਿਚ ਸਾਧਕ ਨਿਰੰਕਾਰ ਦੀ ਬਖਸਿਸ਼ ਦਾ ਪਾਤਰ ਬਣਦਾ ਹੈ। ਕਰਮ ਖੰਡ ਨਿਰੰਕਾਰ ਦੇ ਉਚੇ ਮਹਿਲ ਸੱਚਖੰਡ ਦਾ ਦਰਵਾਜਾ ਹੈ, ਜਿਸ ਨੂੰ ਗੁਰੂ ਜੀ ਨੇ 'ਸੋ ਦਰ' ਵੀ ਕਿਹਾ ਹੈ। ਗੁਰੂ ਨਾਨਕ ਦੇਵ ਜੀ ਨੇ ਕਰਮ ਖੰਡ ਵਿਚ ਸਾਧਕ ਦੇ ਮਨ ਵਿਚ ਰਾਮੁ ਜਾਂ ਸੱਚਾ (ਅਕਾਲ ਪੁਰਖ) ਵਸ ਜਾਣ ਦਾ ਜਿਕਰ ਤਿੰਨ ਵਾਰ ਕੀਤਾ ਹੈ। ਇਸ ਖੰਡ ਵਿਚ ਸਾਧਕ ਦੇ ਅੰਦਰ ਅਕਾਲ ਪੁਰਖ ਪ੍ਰਗਟ ਹੋ ਜਾਣ ਦਾ ਉਲੇਖ ਕੀਤਾ ਹੈ। ਬਾਕੀ ਜੋ ਕੁਝ ਦਸਿਆ ਹੈ, ਉਹ ਨਿਰੰਕਾਰ ਦੀ ਬਖਸਿਸ਼ ਤੋਂ ਪੈਦਾ ਹੋਣ ਦਾ ਫਲ ਅਤੇ ਨਤੀਜਾ ਹਨ। ਕਰਮ ਖੰਡੀ ਸਾਧਕ ਦੇ ਬਚਨਾਂ ਵਿਚ ਰੁਹਾਨੀ ਬਲ ਹੁੰਦਾ ਹੈ, ਉਹ ਜੋ ਕੁਝ ਬੋਲਦਾ ਹੈ, ਪੂਰਾ ਹੋ ਜਾਂਦਾ ਹੈ {ਭਗਤ ਮੁਖੈ ਤੇ ਬੋਲਦੇ, ਸੇ ਬਚਨ ਹੋਵੰਦੇ ੩੧੬}। ਭਗਤਾਂ ਵਿਚ ਇਹ ਰੁਹਾਨੀ ਬਲ ਵਾਹਿਗੂਰੂ ਦੇ ਸਿਮਰਨ ਕਰਕੇ ਪੈਦਾ ਹੁੰਦਾ ਹੈ। ਕਰਮ ਖੰਡ ਵਿਚ ਜਿਥੇ ਸਾਧਕ ਉਚ

ਕੋਟੀ ਦਾ ਭਗਤ ਬਣ ਜਾਂਦਾ ਹੈ, ਉਥੇ ਉਹ ਅਪਣੇ ਅੰਦਰਲੇ ਸੂਰਬੀਰ ਕਾਮਾਦਿਕਾਂ ਨੂੰ ਮਾਰਦਾ ਹੈ ਅਤੇ ਬਾਹਰਲੇ ਦੁਸ਼ਮਣਾਂ ਨਾਲ ਵੀ ਲੜਦਾ ਹੈ =

ਜਿਨਿ ਮਿਲਿ ਮਾਰੇ ਪੰਚ ਸੂਰਬੀਰ, ਐਸੋ ਕਉਨੁ ਬਲੀ ਰੇ। ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ, ਸੋ ਪੂਰਾ ਇਹ ਕਲੀ ਰੇ ੪੦੪। ਨਾਨਕ ਸੋ ਸੂਰਾ ਵਰੀਆਮੁ, ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ ੮੬। ਜੋ ਜਨ ਲੂਝਹਿ ਮਨੈ ਸਿਉ, ਸੇ ਸੂਰੇ ਪਰਧਾਨਾ ੧੦੮੯।

ਇਸ ਖੰਡ ਦਾ ਵਾਸੀ ਗੁਰੂ ਦੇ ਗਿਆਨ ਰੂਪ ਖੰਡੇ ਨਾਲ ਜਮਦੂਤਾਂ ਨੂੰ ਵੀ ਮਾਰ ਦੇਂਦਾ ਹੈ {ਗੁਰ ਗਿਆਨੁ ਖੜਗੁ ਹਥਿ ਧਾਰਿਆ, ਜਮੁ ਮਾਰਿਅੜਾ ਜਮ ਕਾਲਿ ੨੩੫}। ਐਸਾ ਮਨੁੱਖ ਦੇਹ ਤਿਆਗ ਕੇ ਹੀ ਕਰਮ ਖੰਡ ਦਾ ਵਾਸੀ ਨਹੀਂ ਬਣਦਾ, ਸੱਗੋਂ ਉਹ ਜਿਉਂਦਿਆਂ ਹੀ ਆਤਮਕ ਵਿਕਾਸ ਕਰ ਕੇ ਕਰਮ ਖੰਡ ਵਿਚ ਪੁਜ ਜਾਂਦਾ ਹੈ। ਨੇਕ ਪੁਰਸ਼ਾਂ, ਗਰੀਬਾਂ, ਮਜ਼ਲੂਮਾਂ, ਨਿਤਾਣਿਆਂ ਨੂੰ ਦੁਖ ਦੇਣ ਵਾਲਿਆਂ ਨਾਲ ਲੜਨਾ ਵੀ ਉਹ ਅਪਣਾ ਧਰਮ ਸਮਝਦਾ ਹੈ। ਦੁਨੀਆਂ ਦੇ ਅਨੇਕਾਂ ਧਰਮਾਂ ਵਿਚ ਅਜੇਹੇ ਬੇਅੰਤ ਲੋਕ ਹੋਏ ਹਨ, ਜਿਹੜੇ ਅਪਣੇ ਧਰਮ ਲਈ ਜਾਲਮਾਂ ਨਾਲ ਲੜਦੇ ਸ਼ਹੀਦ ਹੋ ਗਏ, ਉਹ ਅਮਰ ਹਨ। ਦੂਜਿਆਂ ਲਈ ਆਪਾ ਵਾਰਨ ਵਾਲੇ ਸਿੰਘ ਸੂਰਮਿਆਂ ਨੂੰ ਹਰ ਰੋਜ ਅਰਦਾਸ ਵਿਚ ਯਾਦ ਕੀਤਾ ਜਾਂਦਾ ਹੈ। ਕਰਮ ਖੰਡ ਵਾਸੀ ਅਪਣੇ ਅੰਦਰ ਵਾਹਿਗੁਰੂ ਦੀ ਸ਼ਕਤੀ ਦਾ ਪ੍ਰਕਾਸ਼ ਹੋ ਰਿਹਾ ਅਨੁਭਵ ਕਰਦਾ ਹੈ। ਇਹ ਬਖਸਿਸ਼ (ਰੱਬੀ ਮੇਹਰ) ਦਾ ਖੰਡ ਹੈ, ਮੇਹਰ ਦਾ ਅਨੁਭਵ ਉਦੋਂ ਹੁੰਦਾ ਹੈ, ਜਦ ਹਉਮੈ ਮੁੱਕ ਜਾਂਦੀ ਹੈ {ਜਾ ਹਰਿ ਪ੍ਰਭਿ ਕਿਰਪਾ ਧਾਰੀ। ਤਾ ਹਉਮੈ ਵਿਚਹੁ ਮਾਰੀ ੮੭੯}। ਇਸ ਖੰਡ ਵਿਚ ਪੁਜੇ ਸਾਧਕ ਦੀ ਆਤਮਾ ਪ੍ਰਮਾਤਮਾ ਨਾਲ ਇਕ ਮਿਕ ਹੋ ਜਾਂਦੀ ਹੈ {ਰਾਮ ਕਬੀਰਾ ਏਕ ਭਏ ਹੈ, ਕੋਇ ਨ ਸਕੈ ਪਛਾਨੀ ੯੬੯}। ਇਥੇ ਦੁਈ ਮਿਟ ਗਈ, ਆਪਾ ਭਾਵ ਮਿਟ ਗਿਆ, ਅੰਦਰ ਵਾਹਿਗੁਰੂ ਭਰਪੂਰ ਹੋ ਗਿਆ, ਉਸਦੀ ਅਵਸਥਾ 'ਆਖਾ ਜੀਵਾ, ਵਿਸਰੈ ਮਰਿ ਜਾਉ' ਵਾਲੀ ਬਣ ਜਾਂਦੀ ਹੈ। ਸਾਧਕ ਮਹਿਸੂਸ ਕਰਦਾ ਹੈ ਕਿ ਹੁਣ ਉਹ ਪ੍ਰਮਾਤਮਾ ਦੇ ਕਾਰਣ ਜਿਉਂਦਾ ਹੈ, ਉਸ ਨੂੰ ਭੁਲਾ ਕੇ ਆਤਮਕ ਮੌਤ ਹੈ, ਉਹ ਮਨੁੱਖ ਤੋਂ ਦੈਵੀ ਹਸਤੀ ਬਣ ਚੁਕਾ ਹੁੰਦਾ ਹੈ। ਕਰਮ ਖੰਡ ਵਿਚ ਮਨੁੱਖ ਜਦ ਦੈਵੀ ਗੁਣਾਂ ਵਿਚ ਰੰਗਿਆ ਜਾਂਦਾ ਹੈ, ਤਾਂ ਮਨੁੱਖੀ ਪੂਰਨਤਾ ਪ੍ਰਾਪਤ ਕਰਦਾ ਹੈ, ਦੈਵੀ ਪੂਰਨਤਾ ਨਹੀਂ। ਪ੍ਰਮਾਤਮਾ ਬੇਅੰਤ ਹੈ ਅਤੇ ਉਸ ਦੇ ਗੁਣ ਵੀ ਬੇਅੰਤ ਹਨ। ਜਦ ਅਸੀਂ ਸਾਧਕ ਨੂੰ ਪ੍ਰਮਾਤਮਾ ਦਾ ਰੂਪ ਕਹਿੰਦੇ ਹਾਂ, ਤਾਂ ਇਸਦਾ ਭਾਵ ਇਹ ਹੈ ਕਿ ਹੁਣ ਕੋਈ ਵੀ ਗੁਣ ਉਸਦਾ ਅਪਣਾ ਨਹੀਂ, ਸਭ ਗੁਣ ਪ੍ਰਮਾਤਮਾ ਦੇ ਹਨ {ਸਭਿ ਗੁਣ ਤੇਰੇ ਮੈਂ ਨਾਹੀ ਕੋਇ ੪} ਪਰ ਉਸਦੇ ਅੰਦਰ ਪ੍ਰਮਾਤਮਾ ਦੇ ਕੁਝ ਗੁਣ ਹੀ ਆਏ ਹਨ, ਸਾਰੇ ਨਹੀਂ। ਉਹ ਰੱਬ ਦੇ ਨੇੜੇ ਹੋ ਕੇ ਹੋਰ ਗੁਣ ਹਾਸਲ ਕਰਨ ਦੀ ਕੋਸ਼ਿਸ਼ ਕਰਦਾ ਹੈ। ਕਰਮ ਖੰਡ ਵਿਚ ਪੁਜੇ ਸਾਧਕ ਅੰਦਰ ਜੋ ਪ੍ਰਮਾਤਮਾ ਭਰਪੂਰ ਹੈ, ਉਹ ਸਾਰੀ ਸ੍ਰਿਸਟੀ ਵਿਚ ਵੀ ਭਰਪੂਰ ਹੈ, ਪਰ ਸਭ ਜਗ੍ਹਾ ਅਤੇ ਸਭ ਦੇ ਅੰਦਰ ਉਹ ਇਕੋ ਜਿਹਾ ਨਹੀਂ। ਜਿਵੇਂ ਅੱਗ ਤਾਂ ਸਾਰੀਆਂ ਲੱਕੜਾਂ ਵਿਚ ਹੁੰਦੀ ਹੈ, ਪਰ ਕਿਸੇ ਲੱਕੜੀ ਵਿਚ ਅੱਗ ਦਾ ਤੇਜ ਵੱਧ ਅਤੇ ਕਿਸੇ ਵਿਚ ਘੱਟ ਹੁੰਦਾ ਹੈ। ਨਾਮ ਸਿਮਰਨ, ਕੀਰਤਨ ਵਾਲੀ ਜਗ੍ਹਾ ਵਿਚ ਅਤੇ ਸੰਤਾਂ, ਭਗਤਾਂ, ਗੁਰਮੁਖਾਂ ਦੇ ਅੰਦਰ ਪ੍ਰਮਾਤਮਾ ਦੇ ਪਰਕਾਸ਼ ਦਾ ਤੇਜ ਵਧੇਰੇ ਹੈ। ਕਰਮ ਖੰਡ ਵਿਚ ਸਾਧਕ ਨੂੰ ਕਈ ਲੋਕਾਂ (Planets) ਦੇ ਭਗਤ ਪ੍ਰਮਾਤਮਾ ਨਾਲ ਇਕ ਮਿਕ ਹੋਏ ਵਸਦੇ ਅਨੁਭਵ ਹੁੰਦੇ ਹਨ। ਕਰਮ ਖੰਡ ਦੀ ਤੀਜੀ ਤੁਕ ਵਿਚ ਇਨ੍ਹਾਂ ਭਗਤਾਂ ਨੂੰ ਹੀ 'ਜੋਧ ਮਹਾਬਲ ਸੂਰ' ਆਖਿਆ ਹੈ। ਕਰਮ ਖੰਡ ਵਿਚ ਵਸਣ ਵਾਲੇ ਇਹ ਸੰਤ ਸਿਪਾਹੀ ਹਨ, ਜਿਹੜੇ ਭਗਤ ਵੀ ਹਨ ਅਤੇ ਸੂਰਮੇ ਵੀ। ਇਹ ਪੰਜੇ ਖੰਡ ਮਨੁੱਖੀ ਆਤਮਾ ਦੇ ਵਿਕਾਸ ਦੀਆਂ ਮੰਜਲਾਂ ਹਨ, ਮਨੁੱਖ ਨਾਮ ਸਿਮਰਨ ਅਤੇ ਰੱਬੀ ਗੁਣ ਧਾਰਨ ਕਰਕੇ ਇਨ੍ਹਾਂ ਮੰਜਲਾਂ ਵਿਚੋਂ ਗੁਜਰਦਾ ਹੈ। ਧਰਮ ਖੰਡ ਵਿਚ ਉਸਨੂੰ ਅਨੇਕਾਂ ਨਾਵਾਂ, ਰੰਗਾਂ ਤੇ ਜੁਗਤਾਂ ਦੇ ਜੀਵ ਦਿਸਦੇ ਹਨ, ਜਿਨ੍ਹਾਂ ਦੇ ਕਰਮਾਂ ਦੀ ਰੱਬੀ ਦਰਬਾਰ ਵਿਚ ਵਿਚਾਰ ਹੋ ਰਹੀ ਹੈ। ਗਿਆਨ ਖੰਡ ਵਿਚ ਉਸ ਨੂੰ ਸ੍ਰਿਸਟੀ ਦੇ ਬੇਅੰਤ ਅੰਗ ਸਿਧਾਂ, ਬੁੱਧਾਂ, ਨਾਥਾਂ ਅਤੇ ਰਾਜਿਆਂ ਸਣੇ ਦਿਸਦੇ ਹਨ।

ਸੀਤੋ ਸੀਤਾ ਮਹਿਮਾ ਮਾਹਿ = ਗੁਰੂ ਨਾਨਕ ਦੇਵ ਜੀ ਨੇ ਅਪਣੀ ਬਾਣੀ ਵਿਚ ਕਈ ਜਗ੍ਹਾ ਮਨੁੱਖ ਅਤੇ ਰੱਬ ਦੇ ਰਿਸ਼ਤੇ ਨੂੰ ਪਤੀ ਪਤਨੀ ਦੇ ਰੂਪ ਵਿਚ ਉਚਾਰਿਆ ਹੈ। ਸਾਰੇ ਮਨੁੱਖੀ ਰਿਸ਼ਤਿਆਂ ਵਿਚੋਂ ਪਤੀ ਪਤਨੀ ਦਾ ਰਿਸ਼ਤਾ ਬਹੁਤ ਨੇੜੇ ਦਾ ਹੈ, ਸੁਹਾਗਣ (ਪਤੀਬ੍ਰਤਾ ਪਤਨੀ) ਪਿਆਰ ਵਿਚ ਪਤੀ ਨਾਲ ਮਿਲ ਕੇ ਉਸਦਾ ਹੀ ਰੂਪ ਹੋ ਜਾਂਦੀ ਹੈ {ਏਕ ਜੋਤ ਦੁਇ ਮੂਰਤੀ, ਧਨ ਪਿਰੁ ਕਹੀਐ ਸੋਇ ੭੮੮}। ਭਾਵੇਂ ਜਪੁ ਜੀ ਸਾਹਿਬ ਵਿਚ ਇਸ ਰਿਸ਼ਤੇ ਦਾ ਕੋਈ ਉਲੇਖ ਨਹੀਂ ਮਿਲਦਾ, ਪਰ ੩੭ ਵੀਂ ਪਉੜੀ ਵਿਚ ਰਾਮ ਨੂੰ ਪ੍ਰਮਾਤਮਾ ਦੇ ਭਾਵਾਂ ਵਿਚ ਅਤੇ ਸੀਤਾ ਨੂੰ ਭਗਤ ਦੇ ਭਾਵਾਂ ਵਿਚ ਪ੍ਰਗਟ ਕੀਤਾ ਗਿਆ ਹੈ। ਕਰਮ ਖੰਡ ਦੇ ਮੰਡਲ ਵਿਚ ਪੁਜਿਆ ਭਗਤ ਪ੍ਰਮਾਤਮਾ ਦੀ ਮਹਿਮਾ ਵਿਚ ਪੂਰੀ ਤਰ੍ਹਾਂ ਜੁੜਿਆ (ਸੀਤਾ ਪ੍ਰੋਤਾ) ਰਹਿੰਦਾ ਹੈ (ਪਤੀਬ੍ਰਤਾ ਜਾਂ ਸੁਹਾਗਣ ਦਾ ਮਨ ਪਤੀ ਪ੍ਰਮਾਤਮਾ ਦੀ ਮਹਿਮਾਂ ਵਿਖੇ ਸੀਤਾ ਭਾਵ ਪ੍ਰੋਤਾ ਹੋਇਆ ਹੈ) {ਬਿਨੁ ਤਾਗੇ ਬਿਨੁ ਸੂਈ ਆਨੀ, ਮਨੁ ਹਰਿ ਭਗਤੀ ਸੰਗਿ ਸੀਵਨਾ ੧੦੧੯}। ਇਸ ਅਵਸਥਾ ਵਿਚ ਪ੍ਰਮਾਤਮਾ ਅਤੇ ਭਗਤ ਦੋ ਰੂਪ ਤੋਂ ਇਕ ਰੂਪ ਬਣ ਜਾਂਦੇ ਹਨ, ਜਿਵੇਂ ਨਦੀ ਸਮੁੰਦਰ ਵਿਚ ਪੈ ਕੇ ਸਮੁੰਦਰ ਦਾ ਹੀ ਰੂਪ ਹੋ ਜਾਂਦੀ ਹੈ {ਦ੍ਵੈ ਤੇ ਏਕ ਰੂਪ ਹ੍ਵੈ ਗਯੋ (ਬਚਿਤ੍ਰ ਨਾਟਕ ੭੩)}। ਕੁਝ ਟੀਕਾਕਾਰਾਂ ਨੇ 'ਸੀਤੋ ਸੀਤਾ' ਦਾ ਹੇਠ ਲਿਖਿਆ ਅਰਥ ਵੀ ਕੀਤਾ ਹੈ =

ਇਥੇ ਸਾਡੀ ਧਰਤੀ ਤੇ ਤਾਂ ਇਕ ਸੀਤਾ ਹੈ, ਪਰ ਕਰਮ ਖੰਡ ਵਿਚ ਤਾਂ (ਅਨੇਕਾਂ ਮੰਡਲਾਂ ਵਿਚੋਂ ਆਈਆਂ) ਸੀਤਾ ਹੀ ਸੀਤਾ ਬੈਠੀਆਂ

ਹਨ, ਜੋ ਰਾਮ (ਸਰਬ ਵਿਆਪਕ ਪ੍ਰਮਾਤਮਾ) ਦੀ ਵਡਿਆਈ ਵਿਚ ਲੀਨ ਰਹਿੰਦੀਆਂ ਹਨ। ਇਥੇ 'ਸੀਤੋ ਸੀਤਾ' ਦਾ ਅਰਥ ਸੀਤਾ ਹੀ ਸੀਤਾ (ਅਣ ਗਿਣਤ ਸਤਵੰਤੀ ਸੀਤਾ) ਕੀਤਾ ਹੈ, ਜਿਵੇਂ, ਅਨਦੋ ਅਨਦ ਘਣਾ (੪੫੨), ਨਾਮੋ ਨਾਮ ਮਿਲੀ (੬੯੦), ਨਾਨਕ ਲਾਲੋ ਲਾਲ ਹੈ (੧੦੮੯) ਆਦਿ। ਇਸ ਤਰ੍ਹਾਂ ਦੇ ਸ਼ਬਦ ਕਿਸੇ ਭਾਵ ਦੀ ਅਧਿਕਤਾ ਦਰਸਾਉਣ ਲਈ ਵਰਤੇ ਜਾਂਦੇ ਹਨ। ਗੁਰੂ ਨਾਨਕ ਦੇਵ ਜੀ ਕਰਮ ਖੰਡ ਵਿਚ ਅਨੁਭਵ ਹੋਣ ਵਾਲੇ ਮਹਾਂ ਪੁਰਖਾਂ ਨੂੰ 'ਜੋਧ ਮਹਾਬਲਿ ਸੂਰ' ਵੀ ਕਹਿੰਦੇ ਹਨ 'ਭਗਤ' ਵੀ ਅਤੇ 'ਸੀਤੋ ਸੀਤਾ' ਵੀ। ਪ੍ਰਮਾਤਮਾ ਦੇ ਨਾਮ ਰੰਗ ਵਿਚ ਰੱਤੇ ਮਹਾਂ ਪੁਰਖਾਂ ਨੂੰ ਉਨ੍ਹਾਂ ਦੇ ਵੱਖ ਵੱਖ ਗੁਣਾਂ ਰਾਹੀਂ ਵਰਨਣ ਕੀਤਾ ਹੈ। ਉਨ੍ਹਾਂ ਅੰਦਰ ਸੂਰਮਗਤੀ ਵਾਲਾ ਗੁਣ ਵੀ ਹੈ, ਪਤੀ ਪਤਨੀ ਦੇ ਪਿਆਰ ਵਾਲਾ ਅਤੇ ਭਗਤੀ ਭਾਵ ਵਾਲਾ ਗੁਣ ਵੀ ਹੈ।

**ਸੱਚਖੰਡ** = ਸਚਖੰਡ ਉਹ ਮੰਜਲ ਹੈ, ਜਿਥੇ ਮਨੁੱਖ ਦੀ ਆਤਮਾ ਵਿਕਾਸ ਕਰਦੀ ਹੋਈ ਨਿਰੰਕਾਰ ਵਿਚ ਲੀਨ ਹੋ ਜਾਂਦੀ ਹੈ। ਗਿਆਨ ਖੰਡ ਵਾਂਙ ਸੱਚਖੰਡ ਵਿਚ ਸ੍ਰਿਸਟੀ ਰਚਨਾ ਦਾ ਸੰਖੇਪ ਜਿਕਰ ਆਇਆ ਹੈ, ਜਿਸ ਵਿਚ ਅਣਗਿਣਤ ਖੰਡ, ਮੰਡਲ, ਬ੍ਰਹਿਮੰਡ ਅਤੇ ਹੋਰ ਅਨੇਕਾਂ ਦਿਬ ਲੋਕ ਸ਼ਾਮਲ ਹਨ। ਸੱਚਖੰਡ ਵਿਚ ਭਿੰਨ ਭਿੰਨ ਪ੍ਰਕਾਰ ਦੇ ਵੰਨ ਸੁਵੰਨੇ ਅਕਾਰਾਂ ਦੇ ਨਾਲ ਨਾਲ ਨਿਰੰਕਾਰ ਵੀ ਵਸਦਾ ਹੈ। ਸਮੂਹ ਖੰਡ ਮੰਡਲ ਅਤੇ ਬ੍ਰਹਿਮੰਡ ਅਕਾਲ ਪੁਰਖ ਦੇ ਵਿਰਾਟ ਸਰੂਪ ਵਿਚ ਹੀ ਮੌਜੂਦ ਹਨ {ਕਾਲ ਪੁਰਖ ਕੀ ਦੇਹਿ ਮੋ, ਕੋਟਿਕ ਬਿਸਨ ਮਹੇਸ। ਕੋਟਿ ਇੰਦ੍ਰ ਬ੍ਰਹਮਾ ਕਿਤੇ, ਰਵਿ ਸਸਿ ਕੋਟਿ ਜਲੇਸ (ਦਸਮ ਗ੍ਰੰਥ, ਬਿਸਨੁ ਅਵਤਾਰ ਪੰਨਾ ੨੪੩)}। ਸਾਡੇ ਦਿਸਦੇ ਸੰਸਾਰ ਵਾਂਙ ਹੋਰ ਅਣਗਿਣਤ ਬ੍ਰਹਿਮੰਡਾਂ ਦੇ ਸਾਰੇ ਅਕਾਰ ਅਤੇ ਅਦ੍ਰਿਸਟ ਦਿੱਬ ਖੰਡ ਮੰਡਲ ਆਦਿ ਨਿਰੰਕਾਰ ਦੀ ਰਚਨਾ ਹਨ, ਇਨ੍ਹਾ ਸਭ ਨੂੰ ਰਚ ਕੇ ਉਹ ਸੰਭਾਲਦਾ (ਵੇਖਦਾ) ਵੀ ਹੈ। ਸਚਖੰਡ ਵਿਚ ਜਿਥੇ ਨਿਰੰਕਾਰ ਵਸਦਾ ਹੈ, ਮਨੁੱਖੀ ਆਤਮਾ ਵੀ ਨਿਰੰਕਾਰ ਵਿਚ ਲੀਨ ਹੋਈ ਹੋਈ ਵਸਦੀ ਹੈ, ਤਾਂ ਤੇ ਸਚਖੰਡ ਸਾਧਕ ਦਾ ਖੰਡ ਵੀ ਹੈ। ਜੇ ਸੱਚਖੰਡ ਵਿਚ ਇਕੱਲਾ ਨਿਰੰਕਾਰ ਵਸਦਾ ਮੰਨ ਲਿਆ ਜਾਵੇ ਤਾਂ ਸਭ ਤੋਂ ਵਡੀ ਸਮੱਸਿਆ ਇਹ ਹੈ ਕਿ ਮਨੁੱਖ ਨੂੰ ਇਸ ਖੰਡ ਦਾ ਪਤਾ ਕਿਵੇਂ ਲੱਗਦਾ ਹੈ? ਸੱਚਖੰਡ ਦੀ ਹੋਂਦ ਦਾ ਸਾਧਕ ਨੂੰ ਤਦ ਹੀ ਅਨੁਭਵ ਹੁੰਦਾ ਹੈ, ਜੇ ਉਹ ਆਤਮਕ ਵਿਕਾਸ ਕਰਕੇ ਉਥੇ ਪਹੁੰਚਦਾ ਹੈ {ਸਚੈ ਥਾਨਿ ਵਸੈ ਨਿਰੰਕਾਰਾ। ਆਪਿ ਪਛਾਣੈ ਸਬਦੁ ਵੀਚਾਰਾ। ਸਚੈ ਮਹਲਿ ਨਿਵਾਸੁ ਨਿਰੰਤਰਿ, ਆਵਣ ਜਾਣੁ ਚੁਕਾਇਆ ੧੦੪੦}। ਵਲੈਤ ਵਾਲੀ ਜਨਮ ਸਾਖੀ ਵਿਚ ਗੁਰੂ ਨਾਨਕ ਦੇਵ ਜੀ ਦਾ ਸਚਖੰਡ ਵਿਖੇ ਪਹੁੰਚਣ ਦਾ ਜਿਕਰ ਮਿਲਦਾ ਹੈ =

ਆਗਿਆ ਪਰਮੇਸਰ ਕੀ ਹੋਈ, ਜੋ ਨਾਨਕ ਭਗਤ ਹਾਜਰ ਹੋਆ, ਤਾ ਅੰਮ੍ਰਿਤ ਦਾ ਕਟੋਰਾ ਭਰਿ ਭਰਿ ਆਗਿਆ ਨਾਲ ਮਿਲਿਆ। ਹੁਕਮ ਹੋਆ, ਨਾਨਕ! ਇਹ ਅੰਮ੍ਰਿਤ ਮੇਰੇ ਨਾਮ ਕਾ ਪਿਆਲਾ ਹੈ, ਤੂ ਪੀਓ। ਤਬ ਨਾਨਕ ਤਸਲੀਮ ਕੀਤੀ, ਪਿਆਲਾ ਪੀਤਾ...

ਵੇਈਂ ਨਦੀ ਵਿਚ ਚੁੱਭੀ ਮਾਰਨ ਸਮੇਂ ਗੁਰੂ ਨਾਨਕ ਦੇਵ ਜੀ ਦੀ ਸੂਖਮ ਦੇਹ ਜਾਂ ਆਤਮਾ ਸੱਚਖੰਡ ਵਿਚ ਪੁਜੀ, ਸੱਚਖੰਡ ਵਿਚ ਵਸਦੇ ਨਿਰੰਕਾਰ ਨਾਲ ਗੁਰੂ ਜੀ ਦਾ ਜੋ ਵਾਰਤਾਲਾਪ ਹੋਇਆ, ਉਹ ਉਨ੍ਹਾਂ ਨੇ ਸੰਸਾਰਕ ਭਾਸ਼ਾ ਵਿਚ ਨਸ਼ਰ ਕੀਤਾ। ਗੁਰੂ ਨਾਨਕ ਦੇਵ ਜੀ ਖੁਦ ਬਾਣੀ ਵਿਚ ਸਚਖੰਡ ਪੁਜਣ ਦਾ ਜਿਕਰ ਕਰਦੇ ਹਨ {ਢਾਢੀ ਸਚੈ ਮਹਲਿ ਖਸਮਿ ਬੁਲਾਇਆ ੧੫੦}। ਭਾਈ ਗੁਰਦਾਸ ਜੀ ਵੀ ਬਾਬਾ ਜੀ ਦਾ ਸੱਚਖੰਡ ਜਾਣ ਦਾ ਜਿਕਰ ਕਰਦੇ ਹਨ {ਬਾਬਾ ਪੈਧਾ ਸਚਖੰਡ.. ਭਾ. ਗੁ. ਵਾਰ ੧-੨੪}। ਗੁਰੂ ਨਾਨਕ ਦੇਵ ਜੀ ਅਨੁਸਾਰ ਸੱਚਖੰਡ ਨੂੰ ਅਨੁਭਵ ਕਰਨ ਵਾਲਾ ਸਾਧਕ ਜਗਤ ਵਿਚ ਵਸਦਾ ਹੋਇਆ ਨਿਰੰਕਾਰ ਦੇ ਹੁਕਮ ਵਿਚ ਰਹਿ ਕੇ ਕਾਰ ਕਰਦਾ ਹੈ। ਸਚਖੰਡ ਵਿਚ ਵਸਦਾ ਨਿਰੰਕਾਰ ਅਪਣੀ ਰਚਨਾ ਨੂੰ ਸੰਭਾਲਣ ਅਤੇ ਦੇਖ ਕੇ ਖੁਸ਼ ਹੋਣ ਦੀ ਕਾਰ ਕਰਦਾ ਹੈ {ਕਰਿ ਕਰਿ ਵੇਖੈ ਕੀਤਾ ਆਪਣਾ, ਜਿਵ ਤਿਸ ਦੀ ਵਡਿਆਈ ੬}। ਕਰਮ ਖੰਡ ਅਤੇ ਸਚਖੰਡ ਵਿਚ ਇਕ ਫਰਕ ਨਜਰ ਆਉਂਦਾ ਹੈ, ਉਹ ਇਹ ਕਿ ਕਰਮ ਖੰਡ ਵਿਚ ਸਾਧਕ ਨੂੰ ਅਨੇਕਾਂ ਧਰਤੀਆਂ ਦੇ ਭਗਤ ਭਿੰਨ ਭਿੰਨ ਦਸ਼ਾ ਵਿਚ ਅਨੁਭਵ ਹੁੰਦੇ ਹਨ। ਪਰ ਸੱਚਖੰਡ ਵਿਚ ਪੁਜ ਕੇ ਉਹ ਸਾਰੇ ਭਗਤ ਇਕੋ ਹੀ ਨਿਰੰਕਾਰੀ ਜੋਤ ਵਿਚ ਲੀਨ ਹੋਏ ਪ੍ਰਤੀਤ ਹੁੰਦੇ ਹਨ, ਉਨ੍ਹਾਂ ਸਾਰੀਆਂ ਧਰਤੀਆਂ ਦੇ ਭਗਤਾਂ ਦਾ ਸਾਂਝਾ ਸੋਮਾ ਇਕੋ ਨਿਰੰਕਾਰੀ ਜੋਤ ਹੈ। ਜਦ ਕੋਈ ਉਤਮ ਸਾਧਕ ਸੱਚਖੰਡ ਵਿਚ ਪੁਜਣ ਦਾ ਅਧਿਕਾਰੀ ਬਣਦਾ ਹੈ, ਤਾਂ ਉਹ ਵੀ ਨਿਰੰਕਾਰੀ ਜੋਤ ਵਿਚ ਜਾ ਲੀਨ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਦਾ ਅਵਤਾਰ ਇਸੇ ਨਿਰੰਕਾਰੀ ਸੋਮੇ ਤੋਂ ਹੋਇਆ, ਪਰ ਬਾਬਾ ਲਹਣਾ ਜੀ ਗੁਰੂ ਪਦ ਤੇ ਪੁਜ ਕੇ ਇਸ ਸੋਮੇ ਵਿਚ ਲੀਨ ਹੋਏ। ਇਸ ਅਵਸਥਾ ਤਕ ਪੁੱਜੀਆਂ ਬਖਸ਼ੀਆਂ ਰੂਹਾਂ ਨੂੰ ਨਿਖੇੜ ਸਕਣਾ ਸੰਭਵ ਨਹੀਂ। ਸਭ ਸਮਿਆਂ ਅਤੇ ਸਭ ਧਰਮਾਂ ਦੇ ਮਹਾਂ ਪੁਰਖ ਇਸ ਜੋਤ ਦੇ ਵਾਰਸ ਹੁੰਦੇ ਹਨ, ਅਸਲ ਵਿਚ ਗੁਰੂਆਂ ਦਾ ਗੁਰੂ ਇਹੀ ਹੈ {ਅਪਰੰਪਰ ਪਾਰਬ੍ਰਹਮੁ ਪਰਮੇਸਰੁ ,ਨਾਨਕ ਗੁਰੁ ਮਿਲਿਆ ਸੋਈ ਜੀਉ ੫੯੯}। ਸੰਸਾਰ ਵਿਚ ਪ੍ਰਗਟ ਹੋਣ ਵਾਲੇ ਗੁਰੂ ,ਅਵਤਾਰ ਜਾਂ ਪੈਗੰਬਰ ਇਸੇ ਜੋਤ ਦਾ ਸਾਕਾਰੀ (ਸਰੀਰ ਧਾਰੀ) ਰੂਪ ਹੁੰਦੇ ਹਨ। ਨਿਰੰਕਾਰ ਜਦ ਸ੍ਰਿਸਟੀ ਰਚਣ ਦਾ ਸੰਕਲਪ ਧਾਰਦਾ ਹੈ, ਤਾਂ ਇਸਦੀ ਕਲਿਆਣ ਦਾ ਪ੍ਰਬੰਧ ਵੀ ਨਾਲ ਹੀ ਕਰਦਾ ਹੈ। ਉਹ ਹੈ ਅਪਣੀ ਜੋਤਿ ਰਾਹੀਂ ਸ੍ਰਿਸਟੀ ਨੂੰ ਸਚਿਆਰ ਪਦ ਤੇ ਪਹੁੰਚਾਉਣਾ, ਜਦ ਸ੍ਰਿਸਟੀ ਸਥੂਲ ਰੂਪ ਧਾਰਦੀ ਹੈ, ਤਾਂ ਜੋਤਿ ਵੀ ਸ੍ਰਿਸਟੀ ਦੀ ਕਲਿਆਣ ਕਰਨ ਲਈ ਕਿਸੇ ਅਵਤਾਰ, ਪੈਗੰਬਰ ਜਾਂ ਮਹਾਂ ਪੁਰਖਾਂ ਦੇ ਰੂਪ ਵਿਚ ਪ੍ਰਗਟ ਹੁੰਦੀ ਹੈ। ਰੱਬ ਨੂੰ ਮਿਲਣ ਦਾ ਇੱਛਕ ਹਰ ਮਨੁੱਖ ਇਨ੍ਹਾਂ ਮਹਾਂ ਪੁਰਖਾਂ ਦੀਆਂ ਸਿਖਿਆਵਾਂ ਤੇ ਚਲ ਕੇ ਆਤਮਕ ਸਾਧਨਾ ਦੁਆਰਾ ਸਿਖਰ ਦੀ ਮੰਜਲ ਸੱਚਖੰਡ ਵਿਚ ਪੁਜਦਾ ਹੈ। ਪਹਿਲੇ ਤਿੰਨਾਂ ਖੰਡਾਂ ਤਕ ਇਹ ਅਗਵਾਈ ਸਹਾਇਤਾ ਕਰਦੀ ਹੈ, ਅੱਗੋਂ ਸਾਧਕ ਦੀ ਅਗਵਾਈ ਨਿਰੰਕਾਰੀ

ਜੋਤ ਕਰਦੀ ਹੈ। ਗੁਰਬਾਣੀ ਵਿਚ ਨਿਰੰਕਾਰ ਨੂੰ ਸ਼ਬਦ, ਜੋਤਿ ਅਤੇ ਹੁਕਮ ਆਦਿ ਬਿੰਬਾਂ ਰਾਹੀਂ ਵਰਨਣ ਕੀਤਾ ਗਿਆ ਹੈ।
ਮਨੁੱਖ ਦਿਸਣ ਵਾਲੀ ਵਸਤੂ ਉਤੇ ਵਿਸ਼ਵਾਸ ਕਰਦਾ ਹੈ ਅਤੇ ਦਿਸਣ ਵਾਲੀ ਸਾਕਾਰ ਮੂਰਤੀ ਜਾਂ ਕਿਸੇ ਸਰੀਰ ਧਾਰੀ ਨੂੰ ਰੱਬ ਜਾਣ ਕੇ ਮੰਨਦਾ ਅਤੇ ਪੂਜਦਾ ਹੈ। ਨਿਰੰਕਾਰ ਅਦ੍ਰਿਸਟ ਹੈ, ਅਸਰੀਰੀ ਹੈ, ਇਸ ਕਰਕੇ ਮਨੁੱਖ ਨੂੰ ਸਿੱਧੇ ਤੌਰ ਤੇ ਨਿਰੰਕਾਰ ਨੂੰ ਪੂਜਣ ਵਿਚ ਕਠਨਾਈ ਜਾਪਦੀ ਹੈ। ਆਮ ਤੌਰ ਤੇ ਕਰੀਬ ਕਰੀਬ ਸਾਰੇ ਧਰਮਾਂ ਦੇ ਲੋਕ ਰੱਬ ਨੂੰ ਕਿਸੇ ਦਿਸਣ ਵਾਲੇ ਸਰੀਰ ਜਾਂ ਮੂਰਤੀ ਦੇ ਰੂਪ ਵਿਚ ਹੀ ਪੂਜਦੇ ਹਨ। ਸਾਧਕ ਮੂਰਤੀ ਜਾਂ ਕਿਸੇ ਦੇਹਧਾਰੀ ਮਨੁੱਖ ਦੀ ਪੂਜਾ ਵਿਚ ਹੀ ਅਟਕ ਜਾਂਦਾ ਹੈ, ਉਹ ਧਰਮ ਦੇ ਮਾਰਗ ਵਿਚ ਅੱਗੇ ਨਹੀਂ ਵਧਦਾ ਅਤੇ ਨਾ ਹੀ ਨਿਰੰਕਾਰ ਨੂੰ ਪਾ ਸਕਦਾ ਹੈ। ਸਾਧਕ ਨੂੰ ਚਾਹੀਦਾ ਹੈ ਕਿ ਉਹ ਕਿਸੇ ਦਿਸਣ ਵਾਲੀ ਚੀਜ ਵਿਚ ਧਿਆਨ ਨੂੰ ਨਾ ਜੋੜੇ, ਕੇਵਲ ਨਾਮ (ਸ਼ਬਦ) ਵਿਚ ਧਿਆਨ ਜੋੜੇ। ਸਕੂਲ ਵਿਚ ਜਦ ਟੀਚਰ ਕੁਝ ਪੜ੍ਹਾਉਂਦਾ ਹੈ, ਤਾਂ ਵਿਦਿਆਰਥੀ ਟੀਚਰ ਵਿਚ ਧਿਆਨ ਦੇਣ ਦੀ ਬਜਾਏ ਉਸਦੇ ਦਸੇ ਜਾ ਰਹੇ ਸਬਕ ਨੂੰ ਧਿਆਨ ਨਾਲ ਸੁਣਦੇ ਹਨ। ਇਮਤਿਹਾਨ ਵਿਚ ਟੀਚਰ ਦੀ ਮੂਰਤ ਜਾਂ ਟੀਚਰ ਦੇ ਧਿਆਨ ਨੇ ਮਦਤ ਨਹੀ ਕਰਨੀ, ਉਸਦੇ ਪੜ੍ਹਾਏ ਸਬਕ ਨੂੰ ਦਿਮਾਗ ਵਿਚ ਬਿਠਾਏ ਹੋਏ ਨੇ ਪਾਸ ਕਰਾਉਣਾ ਹੈ। ਗੁਰਬਾਣੀ, ਨਾਮ ਜਾਂ ਸ਼ਬਦ ਦਿਸਣ ਵਾਲੀ ਵਸਤੂ ਨਹੀਂ ਹਨ, ਇਹ ਲਫਜ ਹਨ, ਜੋ ਬਹੁਤ ਸੂਖਮ ਹਨ, ਸਰੀਰ, ਬੁੱਤ, ਮੂਰਤ ਆਦਿ ਸਥੂਲ ਹਨ। ਸਾਡੀ ਆਤਮਾ ਵੀ ਸੂਖਮ ਹੈ, ਪ੍ਰਮਾਤਮਾ ਨੂੰ ਆਤਮਾ ਦੀ ਸਾਧਨਾ ਰਾਹੀਂ ਹੀ ਪਾਇਆ ਜਾ ਸਕਦਾ ਹੈ ਅਤੇ ਆਤਮਕ ਸਾਧਨਾ ਸਥੂਲਤਾ ਤੋਂ ਸੂਖਮਤਾ ਵੱਲ ਯਾਤਰਾ ਹੈ। ਸਿੱਖ ਮੱਤ ਵਿਚ ਗੁਰਬਾਣੀ ਦੇ ਪਾਠ ਅਤੇ ਕਥਾ ਕੀਰਤਨ ਦੁਆਰਾ ਸ਼ਬਦ ਸੁਰਤ ਦਾ ਅਭਿਆਸ ਕੀਤਾ ਜਾਂਦਾ ਹੈ, ਤਾਂ ਮਨਾਂ ਵਿਚ ਗੁਰਬਾਣੀ ਦੇ ਰਚਣ ਵਾਲਿਆਂ ਦੀ ਆਤਮਕ ਤਸਵੀਰ ਆ ਜਾਂਦੀ ਹੈ। ਆਤਮਕ ਤਸਵੀਰ ਤੋਂ ਭਾਵ ਬਾਣੀ ਰਚਣਹਾਰਿਆਂ ਦੇ ਮਨਾਂ ਦੀਆਂ ਗਹਿਰਾਈਆਂ ਵਿਚੋਂ ਪ੍ਰਗਟ ਹੋਏ ਉਚੇ ਸੁੱਚੇ ਵਿਚਾਰ ਅਤੇ ਮਨੋਭਾਵ। ਸ਼ਰਧਾ ਭਾਵਨਾ ਨਾਲ ਮਨ ਤੋਂ ਬਾਣੀ ਪੜ੍ਹਨ, ਸੁਣਨ ਤੇ ਗਾਉਣ ਵਾਲੇ ਦੇ ਅੰਦਰ ਵੀ ਉਚੇ ਸੁੱਚੇ ਵਿਚਾਰ ਪੈਦਾ ਹੋਣ ਲਗ ਜਾਂਦੇ ਹਨ, ਸਾਧਕ ਦਾ ਮਨ ਬਾਣੀ ਦੇ ਅੰਤ੍ਰੀਵ ਭਾਵਾਂ ਨਾਲ ਇਕ ਮਿਕ ਹੋਣਾ ਸ਼ੁਰੂ ਕਰ ਦੇਂਦਾ ਹੈ। ਇਸਾਈ ਬਾਈਬਲ ਨੂੰ ਮਨ ਦੀ ਇਕਾਗਰਤਾ ਨਾਲ ਪੜ੍ਹ ਕੇ, ਮੁਸਲਮਾਨ ਕੁਰਾਨ ਪੜ੍ਹ ਕੇ, ਹਿੰਦੂ ਗੀਤਾ ਜਾਂ ਵੇਦ ਪੜ੍ਹ ਕੇ ਅਪਣੇ ਅਪਣੇ ਪੈਗੰਬਰਾਂ ਜਾਂ ਅਵਤਾਰਾਂ ਦੀ ਭਗਤੀ ਦੁਆਰਾ ਪ੍ਰਮਾਤਮਾ ਨਾਲ ਰਿਸ਼ਤੇ ਜੋੜਦੇ ਹਨ। ਵੱਖ ਵੱਖ ਧਰਮਾਂ ਦੇ ਸਾਧਕ ਅਪਣੇ ਅਪਣੇ ਧਰਮ ਦੇ ਗ੍ਰੰਥਾਂ ਨੂੰ ਸਮਝਣ, ਵਿਚਾਰਨ ਅਤੇ ਅਮਲ ਵਿਚ ਲਿਆਉਣ ਨਾਲ ਹੀ ਪ੍ਰਮਾਤਮਾ ਨੂੰ ਪਾ ਸਕਦੇ ਹਨ। ਮਨੁੱਖ ਨੇ ਅਪਣੇ ਅੰਦਰੋਂ ਕੂੜ ਨਾਸ਼ ਕਰਕੇ ਸਚਿਆਰ ਬਣਨਾ ਹੈ ਅਤੇ ਸਚ ਵਿਚ ਸਮਾ ਜਾਣਾ ਹੈ, ਮੈਂ ਅਤੇ ਤੂੰ ਵਖਰੇਵੇਂ ਮਿਟਾ ਦੇਣੇ ਹਨ।
ਸੱਚਖੰਡ ਕੋਈ ਸਰੀਰਕ ਅੱਖਾਂ ਨਾਲ ਸਾਡੀ ਧਰਤੀ ਜਾਂ ਅਸਮਾਨ ਤੇ ਦਿਸਣ ਵਾਲਾ ਅਸਥਾਨ ਨਹੀਂ ਹੈ, ਇਸ ਤਰ੍ਹਾਂ ਦਾ ਵਿਚਾਰ ਗੁਰੂ ਨਾਨਕ ਦੇਵ ਜੀ ਨੇ ਨਹੀਂ ਪੇਸ਼ ਕੀਤਾ। ਇਸਾਈ ਅਤੇ ਇਸਲਾਮ ਆਦਿਕ ਪਛਮੀ ਧਰਮਾਂ ਨੇ ਰੱਬ ਨੂੰ ਛੇਵੇਂ ਸੱਤਵੇਂ ਆਕਾਸ਼ ਵਿਚ ਵਸਦਾ ਦਸਿਆ ਹੈ, ਇਸੇ ਤਰ੍ਹਾਂ ਦਾ ਖਿਆਲ ਹਿੰਦੂ ਧਰਮ ਨੇ ਦਿਤਾ ਹੈ ਕਿ ਭਗਵਾਨ ਬੈਕੁੰਠ ਧਾਮ ਜਾਂ ਦੁੱਧ ਦੇ ਸਮੁੰਦਰ (ਅੰਟਾਰਟਿਕਾ) ਵਿਚ ਵਸਦਾ ਹੈ। ਸਚਖੰਡ ਵਿਚ ਨਿਰੰਕਾਰ ਦੇ ਵਸਣ ਦਾ ਟਿਕਾਣਾ ਕਹਿਣ ਤੋਂ ਕੀ ਭਾਵ ਹੈ? ਨਾ ਸਚਖੰਡ ਕੋਈ ਭੌਤਿਕ ਸਥਾਨ ਹੈ ਅਤੇ ਨਾ ਨਿਰੰਕਾਰ ਕੋਈ ਸਰੀਰਧਾਰੀ ਵਿਅਕਤੀ ਹੈ। ਨਿਰੰਕਾਰ ਨੂੰ ਗੁਰਬਾਣੀ ਵਿਚ ਸੱਚ ਵੀ ਕਿਹਾ ਹੈ {ਆਦਿ ਸਚੁ ਜੁਗਾਦਿ ਸਚੁ...}, ਨਿਰੰਕਾਰ ਅਤੇ ਸੱਚ ਦੋ ਵੱਖ ਵੱਖ ਹਸਤੀਆਂ ਨਹੀਂ ਹਨ, ਇਕੋ ਹੀ ਹਸਤੀ ਦੇ ਦੋ ਨਾਂ ਹਨ। ਸੱਚਖੰਡ ਵਿਚ ਗੁਰੂ ਜੀ ਨਿਰੰਕਾਰ ਦਾ ਸੱਚ ਸਰੂਪ ਵਰਨਣ ਕਰ ਰਹੇ ਹਨ, ਜਿਥੇ ਸੱਚ ਹੈ ਉਥੇ ਨਿਰੰਕਾਰ ਹੈ। ਮਨੁੱਖਾ ਜੀਵਨ ਵਿਚ ਨਾਮ ਬਾਣੀ ਦੇ ਅਭਿਆਸ ਦੁਆਰਾ ਸਚਖੰਡ ਵਾਸੀ ਹੋਣਾ ਹੈ, ਉਂਝ ਲੋਕ ਆਮ ਤੌਰ ਤੇ ਮਰਣ ਉਪਰੰਤ ਮਨੁੱਖ ਨੂੰ ਸਚਖੰਡ ਵਾਸੀ ਆਖ ਦੇਂਦੇ ਹਨ। ਜਿਹੜਾ ਮਨੁੱਖ ਜਿਉਂਦੇ ਜੀਅ ਸਚਖੰਡ ਵਾਸੀ ਨਹੀਂ ਬਣ ਸਕਿਆ, ਉਹ ਮਰ ਕੇ ਕਿਵੇਂ ਸੱਚਖੰਡ ਵਿਚ ਚਲੇ ਜਾਵੇਗਾ? ਬੇਣੀ ਜੀ ਦੀ ਤਰਕ ਹੈ = ਬੇਣੀ ਕਹੈ ਸੁਨਹੁ ਰੇ ਭਗਤਹੁ, ਮਰਨ ਮੁਕਤਿ ਕਿਨਿ ਪਾਈ ੯੩। ਜਿਉਂਦਿਆਂ ਜੀਅ ਹੀ ਮਨ ਦੀਆਂ ਬੁਰਿਆਈਆਂ ਦੂਰ ਕਰਕੇ ਸੱਚ ਤਕ ਪਹੁੰਚਣ ਨੂੰ ਜੀਵਨ ਮੁਕਤੀ ਕਹਿੰਦੇ ਹਨ। ਇਹ ਨਿਰਣਾ ਸੁਖਮਨੀ ਸਾਹਿਬ ਦੇ ਇਸ ਵਾਕ ਤੋਂ ਪ੍ਰਗਟ ਹੁੰਦਾ ਹੈ =

ਪ੍ਰਭ ਕੀ ਆਗਿਆ ਆਤਮ ਹਿਤਾਵੈ। ਜੀਵਨ ਮੁਕਤਿ ਸੋਊ ਕਹਾਵੈ।
ਤੈਸਾ ਹਰਖੁ ਤੈਸਾ ਉਸੁ ਸੋਗੁ। ਸਦਾ ਅਨੰਦੁ ਤਹ ਨਹੀ ਬਿਓਗੁ। ਤੈਸਾ ਸੁਵਰਨੁ ਤੈਸੀ ਉਸੁ ਮਾਟੀ।
ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ। ਤੈਸਾ ਮਾਨੁ ਤੈਸਾ ਅਭਿਮਾਨੁ। ਤੈਸਾ ਰੰਕੁ ਤੈਸਾ ਰਾਜਾਨੁ।
ਜੋ ਵਰਤਾਏ ਸਾਈ ਜੁਗਤਿ। ਨਾਨਕ ਓਹੁ ਪੁਰਖੁ ,ਕਹੀਐ ਜੀਵਨ ਮੁਕਤਿ। (੨੭੫)।

ਸੁਖਮਨੀ ਸਾਹਿਬ ਦੇ ਇਸ ਵਾਕ ਅਨੁਸਾਰ ਜੀਵਨ ਬਤੀਤ ਕਰਦਿਆਂ ਸਾਧਕ ਨਿਰੰਕਾਰੀ ਜੋਤ ਵਿਚ ਇਉਂ ਮਿਲ ਜਾਂਦਾ ਹੈ, ਜਿਵੇਂ ਪਾਣੀ ਪਾਣੀ ਵਿਚ ਮਿਲ ਕੇ ਇਕ ਰੂਪ ਹੋ ਜਾਂਦਾ ਹੈ =

ਜਿਉ ਜਲੁ ਮਹਿ ਜਲੁ ਆਇ ਖਟਾਨਾ। ਤਿਉ ਜੋਤੀ ਸੰਗਿ ਜੋਤਿ ਸਮਾਨਾ। (੨੭੮) ।

ਗੁਰੂ ਅਰਜਨ ਦੇਵ ਜੀ ਨਿਰੰਕਾਰ ਦੇ ਅਸਥਾਨ ਦਾ ਵਰਨਣ ਸਾਰੰਗ ਰਾਗ ਵਿਚ ਕਰਦੇ ਹਨ =

ਅਗਮ ਅਗਾਧਿ ਸੁਨਹੁ ਜਨ ਕਥਾ। ਪਾਰਬ੍ਰਹਮਕੀ ਅਚਰਜ ਸਭਾ।੧। ਰਹਾਉ। ਸਦਾ ਸਦਾ ਸਤਿਗੁਰ ਨਮਸਕਾਰ। ਗੁਰ ਕਿਰਪਾ ਤੇ ਗੁਨ ਗਾਇ ਅਪਾਰ। ਮਨ ਭੀਤਰਿ ਹੋਵੈ ਪਰਗਾਸੁ। ਗਿਆਨ ਅੰਜਨੁ ਅਗਿਆਨੁ ਬਿਨਾਸੁ।੧। ਮਿਤਿ ਨਾਹੀ ਜਾ ਕਾ ਬਿਸਥਾਰੁ। ਸੋਭਾ ਤਾ ਕੀ ਅਪਰ ਅਪਾਰ। ਅਨਿਕ ਰੰਗ ਜਾ ਕੇ ਗਨੇ ਨ ਜਾਹਿ। ਸੋਗ ਹਰਖ ਦੁਹਹੂ ਮਹਿ ਨਾਹਿ।੨। ਅਨਿਕ ਬ੍ਰਹਮੇ ਜਾ ਕੇ ਬੇਦ ਧੁਨਿ ਕਰਹਿ। ਅਨਿਕ ਮਹੇਸ ਬੈਸਿ ਧਿਆਨੁ ਧਰਹਿ। ਅਨਿਕ ਪੁਰਖ ਅੰਸਾ ਅਵਤਾਰ। ਅਨਿਕ ਇੰਦ੍ਰ ਊਭੇ ਦਰਬਾਰ।੩। ਅਨਿਕ ਪਵਨ ਪਾਵਕ ਅਰੁ ਨੀਰ। ਅਨਿਕ ਰਤਨ ਸਾਗਰ ਦਧਿ ਖੀਰ। ਅਨਿਕ ਸੂਰ ਸਸੀਅਰ ਨਖਿਆਤਿ। ਅਨਿਕ ਦੇਵੀ ਦੇਵਾ ਬਹੁ ਭਾਂਤਿ।੪। ਅਨਿਕ ਬਸੁਧਾ ਅਨਿਕ ਕਾਮਧੇਨ। ਆਨਿਕ ਪਾਰਜਾਤ ਅਨਿਕ ਮੁਖਿ ਬੇਨ। ਅਨਿਕ ਅਕਾਸ ਅਨਿਕ ਪਾਤਾਲ। ਅਨਿਕ ਮੁਖੀ ਜਪੀਐ ਗੋਪਾਲ।੫। ਅਨਿਕ ਸਾਸਤ੍ਰ ਸਿਮ੍ਰਿਤਿ ਪੁਰਾਨ। ਅਨਿਕ ਜੁਗਤਿ ਹੋਵਤ ਬਖਿਆਨ। ਅਨਿਕ ਸਰੋਤੇ ਸੁਨਹਿ ਨਿਧਾਨ। ਸਰਬ ਜੀਅ ਪੂਰਨ ਭਗਵਾਨ।੬। ਅਨਿਕ ਧਰਮ ਅਨਿਕ ਕੁਮੇਰ। ਅਨਿਕ ਬਰਨ ਅਨਿਕ ਕਨਿਕ ਸੁਮੇਰ। ਅਨਿਕ ਸੇਖ ਨਵਤਨ ਨਾਮੁ ਲੇਹਿ। ਪਾਰਬ੍ਰਹਮ ਕਾ ਅੰਤੁ ਨ ਤੇਹਿ।੭। ਅਨਿਕ ਪੁਰੀਆ ਅਨਿਕ ਤਹ ਖੰਡ। ਅਨਿਕ ਰੂਪ ਰੰਗ ਬ੍ਰਹਮੰਡ। ਅਨਿਕ ਬਨਾ ਅਨਿਕ ਫਲ ਮੂਲ। ਆਪਹਿ ਸੂਖਮ ਆਪਹਿ ਅਸਥੂਲ।੮। ਅਨਿਕ ਜੁਗਾਦਿ ਦਿਨਸ ਅਰੁ ਰਾਤਿ। ਅਨਿਕ ਪਰਲਉ ਅਨਿਕ ਉਤਪਾਤਿ। ਅਨਿਕ ਜੀਅ ਜਾ ਕੇ ਗ੍ਰਿਹ ਮਾਹਿ। ਰਮਤ ਰਾਮ ਪੂਰਨ ਸ੍ਰਬ ਠਾਂਇ।੯। ਅਨਿਕ ਮਾਇਆ ਜਾ ਕੀ ਲਖੀ ਨ ਜਾਇ। ਅਨਿਕ ਕਲਾ ਖੇਲੈ ਹਰਿ ਰਾਇ। ਅਨਿਕ ਧੁਨਿਤ ਲਲਿਤ ਸੰਗੀਤ। ਅਨਿਕ ਗੁਪਤ ਪ੍ਰਗਟੇ ਤਹ ਚੀਤ।੧੦। ਸਭ ਤੇ ਊਚ ਭਗਤ ਜਾ ਕੈ ਸੰਗਿ। ਆਠ ਪਹਰ ਗੁਨ ਗਾਵਹਿ ਰੰਗਿ। ਅਨਿਕ ਅਨਾਹਦ ਆਨੰਦ ਝੁਨਕਾਰ। ਉਆ ਰਸ ਕਾ ਕਛੁ ਅੰਤੁ ਨ ਪਾਰ।੧੧। ਸਤਿ ਪੁਰਖੁ ਸਤਿ ਅਸਥਾਨੁ। ਊਚ ਤੇ ਊਚ ਨਿਰਮਲ ਨਿਰਬਾਨੁ। ਅਪੁਨਾ ਕੀਆ ਜਾਨਹਿ ਆਪਿ। ਆਪੇ ਘਟਿ ਘਟਿ ਰਹਿਓ ਬਿਆਪਿ। ਕ੍ਰਿਪਾ ਨਿਧਾਨ ਨਾਨਕ ਦਇਆਲ। ਜਿਨਿ ਜਪਿਆ ਨਾਨਕ ਤੇ ਭਏ ਨਿਹਾਲ।੧੨। (ਅੰਗ ੧੨੩੬)।

ਸੱਚਖੰਡ ਪਰਮ ਪਦ ਦੀ ਪ੍ਰਾਪਤੀ ਦਾ ਸਥਾਨ ਹੈ, ਜੀਵਾਤਮਾ ਦੀ ਪ੍ਰਮਾਤਮਾ ਨਾਲ ਪੂਰਨ ਅਭੇਦਤਾ ਵਾਲੀ ਅਵਸਥਾ =

ਅਬ ਤਉ ਜਾਇ ਚਢੇ ਸਿੰਘਾਸਨਿ, ਮਿਲੇ ਹੈ ਸਾਰਿੰਗਪਾਨੀ। ਰਾਮ ਕਬੀਰਾ ਏਕ ਭਏ ਹੈ, ਕੋਇ ਨ ਸਕੈ ਪਛਾਨੀ।(੯੬੯)।

ਭਾਈ ਮਨੀ ਸਿੰਘ ਅਤੇ ਭਾਈ ਗੁਰਦਾਸ ਜੀ ਨੇ ਸਾਧ ਸੰਗਤ ਨੂੰ ਸੱਚਖੰਡ ਲਿਖਿਆ ਹੈ, ਇਥੇ ਵੀ ਸੱਚਖੰਡ ਭੁਗੋਲਕ ਅਰਥਾਂ ਵਿਚ ਨਹੀਂ। ਸਾਧ ਸੰਗਤ ਨੂੰ ਸੱਚਖੰਡ ਜਾਂ ਨਿਰੰਕਾਰ ਦੇ ਵਸਣ ਦਾ ਟਿਕਾਣਾ ਆਖਣਾ ਵੀ ਇਕ ਅਲੰਕਾਰਕ ਵਰਤੋਂ ਹੀ ਹੈ। ਨਿਰੰਕਾਰ ਸਾਧ ਸੰਗਤ ਵਿਚ ਜੁੜੇ ਸਾਧਕਾਂ ਦੇ ਹਿਰਦਿਆਂ ਵਿਚ ਵਸਦਾ ਹੈ, ਨਾ ਕਿ ਸਾਧ ਸੰਗਤ ਦੇ ਸਥੂਲ ਅਸਥਾਨ ਉਤੇ, ਜਿਥੇ ਸਾਧ ਸੰਗਤ ਜੁੜੀ ਹੈ = ਸਾਧ ਸੰਗਤਿ ਪ੍ਰਭਿ ਕੀਓ ਨਿਵਾਸ ੧੧੮੪। ਸਾਧ ਸੰਗਤਿ ਸਚਖੰਡ ਹੈ, ਨਿਰੰਕਾਰੁ ਗੁਰ ਸਬਦੁ ਸਿਞਾਣੈ (ਭਾ. ਗੁ. ੧੬-੧੨ ਭਾਵ ਸਾਧ ਸੰਗਤ ਹੀ ਸੱਚਖੰਡ ਹੈ, ਜਿਥੇ ਨਿਰੰਕਾਰ ਨੂੰ ਗੁਰੂ ਦੇ ਸ਼ਬਦ ਕਰ ਕੇ ਜਾਣੀਦਾ ਹੈ)। ਧਰਮਸਾਲ ਕਰਤਾਰ ਪੁਰੁ, ਸਾਧ ਸੰਗਤਿ ਸਚਖੰਡ ਵਸਾਇਆ (ਭਾ. ਗੁ. ੨੪-੧)। ਸਾਧ ਸੰਗਤ ਸਚਖੰਡ ਹੈ, ਵਾਸਾ ਨਿਰੰਕਾਰੇ (ਭਾ. ਗੁ. ੩੮-੧੯)।

ਬਾਣੀਕਾਰਾਂ ਨੇ ਅਦ੍ਰਿਸਟ ਮੰਡਲ ਦੇ ਸਚਖੰਡ ਨੂੰ ਸਾਧ ਸੰਗਤ, ਹਰਿ ਮੰਦਰ ਸਾਹਿਬ ਅਤੇ ਹੋਰ ਅਸਥਾਨਾਂ ਦੇ ਸਾਕਾਰ (ਦਿਸਦੇ) ਰੂਪ ਵਿਚ ਵਰਨਣ ਕੀਤਾ ਹੈ। ਮਨੁੱਖ ਅਸਲ ਵਿਚ ਰਹਿੰਦਾ ਹੀ ਸਚਖੰਡ ਵਿਚ ਹੈ, ਵਾਸ਼ਨਾਵਾਂ ਵਿਚ ਫਸਿਆ ਮਨ ਕੂੜ ਦੇ ਮੰਡਲ ਵਿਚ ਰਹਿਣ ਕਰਕੇ ਸਚਖੰਡੀ ਅਵਸਥਾ ਦਾ ਅਨੰਦ ਨਹੀ ਮਾਣ ਸਕਦਾ। ਜਿਥੇ ਨਾਮ ਬਾਣੀ ਦਾ ਪ੍ਰਵਾਹ ਚਲਦਾ ਹੈ, ਉਹ ਅਸਥਾਨ ਕੂੜ ਦੇ ਅਸਰ ਤੋਂ ਮੁਕਤ ਹੁੰਦਾ ਹੈ। ਇਸੇ ਕਰਕੇ ਐਸੇ ਅਸਥਾਨ ਨੂੰ ਸਚਖੰਡ ਕਿਹਾ ਹੈ, ਜੇ ਸਾਡੀਆਂ ਅੱਖਾਂ ਤੋਂ ਕੂੜ ਦਾ ਪੜਦਾ ਹਟ ਜਾਵੇ ਤਾਂ ਸਾਰੀ ਧਰਤੀ ਹੀ ਸੱਚਖੰਡ ਪ੍ਰਤੀਤ ਹੋਣ ਲਗ ਜਾਵੇਗੀ। ਇਸ ਸੰਸਾਰ ਵਿਚ ਜੀਵਨ ਜਿਉਣ ਸਮੇਂ ਗੁਰੂ ਸਿਖਿਆ ਅਨੁਸਾਰ ਜਿਥੇ ਕਿਥੇ ਰੱਬ ਨੂੰ ਦੇਖਣਾ ਸੱਚਖੰਡ ਦਰਸ਼ਨ ਹਨ। ਇਕ ਦਿਨ ਪ੍ਰੋਫੈਸਰ ਗੰਗਾ ਸਿੰਘ ਜੀ ਨੇ ਸ਼ਿਮਲੇ ਗੁਰਦੁਆਰਾ ਸਾਹਿਬ ਵਿਚ ਸੰਗਤਾਂ ਨੂੰ ਸੱਚਖੰਡ ਦੇ ਵਿਸ਼ੇ ਤੇ ਵਿਦਵਤਾ ਭਰਪੂਰ ਵਖਿਆਨ ਸੁਣਾਇਆ। ਸੰਤ ਅਤਰ ਸਿੰਘ ਜੀ ਮਸਤੂ ਆਣੇ ਵਾਲੇ ਵੀ ਸ਼ਿਮਲੇ ਉਸੇ ਗੁਰਦੁਆਰਾ ਸਾਹਿਬ ਵਿਖੇ ਗਏ ਹੋਏ ਸਨ। ਪ੍ਰੋਫੈਸਰ ਗੰਗਾ ਸਿੰਘ ਜੀ ਸੰਤ ਜੀ ਨੂੰ ਉਨ੍ਹਾਂ ਦੇ ਕਮਰੇ ਵਿਚ ਮਿਲਣ ਗਏ, ਤਾਂ ਸੰਤ ਜੀ ਨੇ ਪੁਛਿਆ, ਗੰਗਾ ਸਿੰਘ ਜੀ! ਸੱਚਖੰਡ ਵਾਰੇ ਤੁਹਾਡਾ ਵਖਿਆਨ ਬਹੁਤ ਸੁੰਦਰ ਸੀ। ਕੀ ਸੱਚਖੰਡ ਤੁਸੀਂ ਦੇਖਿਆ ਵੀ ਹੈ? ਪ੍ਰੋਫੈਸਰ ਜੀ ਆਖਣ ਲਗੇ, ਜੀ ਮੈਂ ਤਾਂ ਕਿਤਾਬੀ ਗਿਆਨ ਦੇ ਆਸਰੇ ਹੀ ਵਖਿਆਨ ਦੇ ਸਕਿਆ ਹਾਂ, ਕਿਰਪਾ ਕਰਕੇ ਤੁਸੀ ਮੈਨੂੰ ਸੱਚਖੰਡ ਦੇ ਦਰਸ਼ਨ ਕਰਾਓ। ਇਹ ਸੁਣ ਕੇ ਸੰਤ ਜੀ ਸਮਾਧੀ ਸਥਿਤ ਹੋ ਗਏ, ਚਿਹਰੇ ਤੋਂ ਐਸੇ ਨੂਰ ਦਾ ਪ੍ਰਕਾਸ਼ ਹੋਇਆ, ਜਿਸ ਨਾਲ ਪ੍ਰੋ. ਗੰਗਾ ਸਿੰਘ ਜੀ ਦਾ ਰੋਮ ਰੋਮ ਅਨੰਦ ਦੇ ਰਸ ਨਾਲ ਭਰ ਗਿਆ। ਪ੍ਰੋ. ਗੰਗਾ ਸਿੰਘ ਜੀ ਆਖਦੇ ਹਨ ਕਿ ਇਸ ਅਨੰਦ ਨੂੰ ਅੱਖਰਾਂ ਵਿਚ ਬਿਆਨ ਕਰਨਾਂ ਬਹੁਤ ਕਠਨ ਹੈ।

ਗੁਰੂ ਸਾਹਿਬਾਨਾਂ ਅਤੇ ਭਗਤਾਂ ਨੇ ਨਿਰੰਕਾਰੀ ਸਥਾਨ ਦਾ ਵਰਨਣ ਗੁਰਬਾਣੀ ਵਿਚ ਕਈ ਜਗ੍ਹਾ ਕੀਤਾ ਹੈ =

ਜਨ ਨਾਨਕ ਕਉ ਸਭ ਸੋਝੀ ਪਾਈ, ਹਰਿ ਦਰ ਕੀਆ ਬਾਤਾ ਆਖਿ ਸੁਣਾਏ (੩੦੮)। ਪਰਮੇਸਸਰ ਕੈ ਦੁਆਰੈ ਜਿ ਹੋਇ ਬਤੀਤੈ, ਸੁ ਨਾਨਕੁ ਆਖਿ ਸੁਣਾਵੈ (੩੭੩)। ਹਰਿ ਕੈ ਦਰਿ ਵਰਤਿਆ, ਸੁ ਨਾਨਕਿ ਆਖਿ ਸੁਣਾਇਆ (੩੧੬)।

ਤਹ ਪਾਵਸ ਸਿੰਧ ਧੂਪ ਨਹੀ ਛਹੀਆ, ਤਹ ਉਤਪਤਿ ਪਰਲਉ ਨਾਹੀ। ਜੀਵਨੁ ਮਿਰਤੁ ਨ ਦੁਖੁ ਸੁਖੁ ਬਿਆਪੈ, ਸੁੰਨ ਸਮਾਧਿ ਦੋਊ ਤਹ ਨਾਹੀ।੧।...(੩੩੩)। ਬੇਗਮ ਪੁਰਾ ਸਹਰ ਕੋ ਨਾਉ। ਦੂਖੁ ਅੰਦੋਹ ਨਹੀ ਤਿਹ ਠਾਉ।...(੩੪੫)।

ਸੁਖ ਮਹਲ ਜਾ ਕੇ ਊਚ ਦੁਆਰੇ। ਤਾ ਮਹਿ ਵਾਸਹਿ ਭਗਤ ਪਿਆਰੇ।੧।(੭੩੯)।

ਅਗਮ ਰੂਪ ਕਾ ਮਨ ਮਹਿ ਥਾਨਾ। ਗੁਰ ਪ੍ਰਸਾਦਿ ਕਿਨੈ ਵਿਰਲੈ ਜਾਨਾ।(੧੮੭)।

ਨੋਟ ੲ– ਲੇਖ ਵੱਡਾ ਹੋਣ ਦੇ ਡਰ ਕਰਕੇ ਇਨ੍ਹਾਂ ਸ਼ਬਦਾਂ ਦੀਆਂ ਕੇਵਲ ਪਹਿਲੀਆਂ ਤੁਕਾਂ ਹੀ ਦਿਤੀਆਂ ਹਨ, ਪਾਠਕ ਸੱਜਣ ਅੰਗ ਦੇਖ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਪੂਰਾ ਸ਼ਬਦ ਪੜ੍ਹ ਸਕਦੇ ਹਨ।

ਘਰੁ ਦਰੁ ਮੰਦਰੁ ਜਾਣੈ ਸੋਈ। ਜਿਸੁ ਪੂਰੇ ਗੁਰ ਤੇ ਸੋਝੀ ਹੋਈ। ਕਾਇਆ ਗੜ ਮਹਲ ਮਹਲੀ ਪ੍ਰਭ ਸਾਚਾ, ਸਚੁ ਸਾਚਾ ਤਖਤ ਰਚਾਇਆ।(੧੦੩੯)। ਮਹਲੈ ਅੰਦਰਿ ਮਹਲੁ ਕੋ ਪਾਏ। ਗੁਰ ਕੈ ਸਬਦਿ ਸਚਿ ਚਿਤੁ ਲਾਏ। ਜਿਸ ਨੋ ਸਚੁ ਦੇਇ ਸੋਈ ਸਚੁ ਪਾਏ, ਸਚੇ ਸਚਿ ਮਿਲਾਇਦਾ।(੧੦੬੪)।

ਸ੍ਰੀ ਗੁਰੂ ਰਾਮਦਾਸ ਜੀ ਦੇ ਸਚਖੰਡ ਜਾਣ ਸਮੇਂ ਦਾ ਵਰਨਣ ਭੱਟ ਹਰਬੰਸ ਜੀ ਹੇਠ ਲਿਖੇ ਸਵੱਈਏ ਵਿਚ ਕਰਦੇ ਹਨ =

ਦੇਵ ਪੁਰੀ ਮਹਿ ਗਯਉ, ਆਪਿ ਪਰਮੇਸ੍ਵਰ ਭਾਯਉ। ਹਰਿ ਸਿੰਘਾਸਣੁ ਦੀਅਉ, ਸਿਰੀ ਗੁਰੁ ਤਹ ਬੈਠਾਯਉ। ਰਹਸੁ ਕੀਅਉ ਸੁਰਦੇਵ ਤੋਹਿ, ਜਸੁ ਜਯ ਜਯ ਜੰਪਹਿ। ਅਸੁਰ ਗਏ ਤੇ ਭਾਗਿ, ਪਾਪ ਤਿਨ੍ਹ ਕੰਪਹਿ। ਕਾਟੇ ਸੁ ਪਾਪ ਤਿਨ ਨਰਹੁ ਕੇ, ਗੁਰੁ ਰਾਮਦਾਸ ਜਿਨ੍ਹ ਪਾਇਯਉ। ਛਤ੍ਰ ਸਿੰਘਾਸਨੁ ਪਿਰਥਮੀ, ਗੁਰ ਅਰਜੁਨ ਕਉ ਦੇ ਆਇਅਉ।(੧੪੦੯)।

## ॥ ਅਠੱਤੀਵੀਂ ਪਉੜੀ ॥

ਜਤੁ ਪਾਹਾਰਾ ਧੀਰਜੁ ਸੁਨਿਆਰੁ ॥ ਜੇ ਜਤ (ਸੁਨਿਆਰੇ ਦੀ) ਭੱਠੀ ਹੋਵੇ ਅਤੇ ਧੀਰਜ (ਵਾਲਾ ਮਨ) ਸੁਨਿਆਰ ਹੋਵੇ।

ਅਹਰਣਿ ਮਤਿ ਵੇਦੁ ਹਥੀਆਰੁ ॥ ਮਨੁੱਖ ਦੀ ਮੱਤ ਅਹਿਰਣ (ਬੁੱਧੀ ਅਡੋਲ ਨਿਸਚੇ ਵਾਲੀ) ਹੋਵੇ ਅਤੇ (ਉਸ ਅਹਿਰਣ ਉਪਰ ਵੱਜਣ ਵਾਲਾ) ਗਿਆਨ ਰੂਪ ਹਥੌੜਾ ਹੋਵੇ।

ਭਉ ਖਲਾ ਅਗਨਿ ਤਪ ਤਾਉ ॥ (ਵਾਹਿਗੁਰੂ ਦਾ) ਡਰ ਧੌਂਕਣੀ ਹੋਵੇ ਅਤੇ ਤਪੱਸਿਆ ਕਰਨ ਰੂਪ ਅੱਗ (ਭੱਠੀ ਵਿਚ ਜਲਦੀ) ਹੋਵੇ (ਜਤ ਰੱਖਣਾ ਵੀ ਕਠਨ ਤਪ ਹੈ, ਜੋ ਰੱਬ ਦੇ ਭੈ ਕਾਰਣ ਹੀ ਰਹਿ ਸਕਦਾ ਹੈ)। ਸਤਿਗੁਰ ਕੀ ਸੇਵਾ ਇਹੁ ਤਪੁ ਪਰਵਾਣੁ।(੯੪੮)

ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥ ਪ੍ਰੇਮ ਵਾਲਾ ਹਿਰਦਾ ਰੂਪ ਭਾਂਡਾ (ਕੁਠਾਲੀ) ਹੋਵੇ, (ਹੇ ਭਾਈ! ਉਸ ਕੁਠਾਲੀ ਵਿਚ) ਅੰਮ੍ਰਿਤ (ਨਾਮ ਰੂਪ ਸੋਨੇ) ਨੂੰ ਢਾਲ (ਪੰਘਰਾ) ਲੈ ਭਾਵ ਪ੍ਰੇਮ ਨਾਲ ਨਾਮ ਨੂੰ ਮਨ ਵਿਚ ਪੱਕਾ ਕਰਿਆ ਜਾਵੇ।

ਘੜੀਐ ਸਬਦੁ ਸਚੀ ਟਕਸਾਲ ॥ (ਇਸ ਪ੍ਰਕਾਰ) ਸੱਚੀ ਟਕਸਾਲ ਵਿਚ ਸ਼ਬਦ (ਜੀਵਨ ਬਣਾਉਣ ਵਾਲਾ ਗੁਰ ਉਪਦੇਸ਼) ਘੜਿਆ ਜਾਂਦਾ ਹੈ।

ਗੁਰਮੁਖਿ ਸੇਵਾ ਘਾਲਿ ਜਿਨਿ ਘਾਲੀ। ਤਿਸੁ ਘੜੀਐ ਸਬਦੁ ਸਚੀ ਟਕਸਾਲੀ ੧੧੩੪; ਹਰਿ ਗੁਰਮੁਖਿ ਘੜਿ ਟਕਸਾਲ।(੧੨੯੬)

ਜਿਨ ਕਉ ਨਦਰਿ ਕਰਮੁ ਤਿਨ ਕਾਰ ॥ (ਜੀਵਨ ਨੂੰ ਉਚਾ ਸੁੱਚਾ ਬਣਾਉਣ ਦੀ ਇਹ) ਕਾਰ ਉਨ੍ਹਾਂ ਮਨੁੱਖਾਂ ਦੀ ਹੈ, ਜਿਨ੍ਹਾਂ ਤੇ (ਰੱਬ ਦੀ ਮੇਹਰ ਭਰੀ) ਨਜਰ ਦੁਆਰਾ ਬਖਸ਼ਿਸ਼ ਹੁੰਦੀ ਹੈ।

ਨਾਨਕ ਨਦਰੀ ਨਦਰਿ ਨਿਹਾਲ ॥੩੮॥ ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਮਿਹਰ ਦੀ ਨਜਰ ਕਰਨ ਵਾਲੇ ਨਿਰੰਕਾਰ ਦੀ ਨਜਰ ਨਾਲ (ਉਹ ਪੁਰਖ) ਨਿਹਾਲ ਹੋ ਜਾਂਦੇ ਹਨ।੩੮।

**ਘੜੀਐ ਸਬਦੁ ਸਚੀ ਟਕਸਾਲ ॥** ੧. ਸੱਚੀ ਟਕਸਾਲ ਵਿਚ ਸ਼ਬਦ ਰੂਪ ਸਿੱਕਾ ਘੜਿਆ ਜਾਂਦਾ ਹੈ ਭਾਵ ਜਿਵੇਂ ਟਕਸਾਲ ਵਿਚ ਸਿੱਕਾ ਘੜਿਆ ਜਾਂਦਾ ਹੈ, ਤਿਵੇਂ ਸਾਧ ਸੰਗਤ ਵਿਚ ਸ਼ਬਦ (ਨਾਮ ਮੰਤ੍ਰ ਦਾ) ਅਭਿਆਸ ਕੀਤਾ ਜਾਂਦਾ ਹੈ, ਜਿਸ ਨਾਲ ਮਨੁੱਖ ਬਾਰਾਂ ਵੰਨੀ (੨੪ ਕੈਰੇਟ) ਦੇ ਸੋਨੇ ਵਾਂਙ ਸ਼ੁੱਧ ਹੋ ਜਾਂਦਾ ਹੈ।(ਸਚੀ ਟਕਸਾਲ ਵਿਚ ਸ਼ਬਦ ਨੂੰ ਘੜੇ ਜਾਣ ਦਾ ਭਾਵ ਨਾਮ ਬਾਣੀ ਦਾ ਅਭਿਆਸ ਹੈ, ਜੋ ਮਨੁੱਖ ਨੂੰ ਉਚੀ ਆਤਮਕ ਅਵਸਥਾ ਵਿਚ ਲੈ ਜਾਂਦਾ ਹੈ)।

ਜਿਉ ਕਨਿਕੋ ਕੋਠਾਰੀ ਚੜਿਓ, ਕਬਰੋ ਹੋਤ ਫਿਰੋ। ਜਬ ਤੇ ਸੁਧ ਭਏ ਹੈ ਬਾਰਹਿ, ਤਬ ਤੇ ਥਾਨ ਥਿਰੋ। (੧੨੦੩)

੨. ਸੱਚੀ ਟਕਸਾਲ (ਸਾਧ ਸੰਗਤ) ਵਿਚ ਗੁਰ ਸ਼ਬਦ ਨੂੰ ਕਮਾਉਣ ਵਾਲਾ ਉਚਾ ਸੁੱਚਾ ਜੀਵਨ ਘੜਿਆ ਜਾਂਦਾ ਹੈ (ਟਕਸਾਲ)।

੩. ਇਸ ਤਰ੍ਹਾਂ ਸੱਚੀ ਟਕਸਾਲ ਦਾ ਸ਼ਬਦ ਘੜੀਦਾ ਹੈ (ਇਕ ਸੱਚਾ ਟਕਸਾਲੀ ਆਚਰਣ ਘੜਿਆ ਜਾਂਦਾ ਹੈ) ਸ਼ਬਦਾਰਥ।

੪. ਸੱਤ ਸੰਗਤ ਰੂਪ ਸੱਚੀ ਟਕਸਾਲ ਵਿਚ ਜੀਵ ਬ੍ਰਹਮ ਰੂਪ ਬਣ ਜਾਂਦਾ ਹੈ (ਹਿੰਦੀ ਟੀਕਾ ਮੁਨੀ ਅਰਜਨ ਸਿੰਘ)।

ਪਦਾਰਥ = ਜਤੁ–ਸੰਜਮ; ਬ੍ਰਹਮਚਾਰਯ (ਕਾਮ ਵਾਸ਼ਨਾ ਤੋਂ ਬਚ ਕੇ ਰਹਿਣਾ); ਪਵਿਤ੍ਰਤਾ। ਪਾਹਾਰਾ–ਸੁਨਿਆਰੇ ਦੀ ਭੱਠੀ। ਧੀਰਜ–ਸਬਰ (ਔਕੜ ਸਮੇਂ ਨਾ ਘਬਰਾਉਣਾ)। ਸੁਨਿਆਰੁ–ਸੋਨੇ ਦਾ ਕੰਮ ਕਰਨ ਵਾਲਾ (ਪੁਰਾਤਨ ਕਾਲ ਵਿਚ ਬਾਦਸ਼ਾਹੀ ਸਿੱਕੇ ਬਣਾਉਣ ਦਾ ਕੰਮ ਸੁਨਿਆਰੇ ਕਰਦੇ ਸਨ); ਜੀਵਨ ਨੂੰ ਉਚਾ ਸੁੱਚਾ ਬਣਾਉਣ ਵਾਲਾ ਸਾਧਕ। ਅਹਰਣਿ–ਵਦਾਨ (ਲੋਹੇ ਦਾ ਟੁਕੜਾ, ਜਿਸ ਉਤੇ ਸੋਨਾ

ਘੜੀਦਾ ਹੈ)।ਮਤਿ-ਅਕਲ; ਸਮਝ।ਵੇਦੁ-ਗਿਆਨ।ਹਥੀਆਰੁ-ਹਥੌੜਾ।ਭਉ-ਰੱਬ ਦਾ ਡਰ।ਖਲਾ-ਚਮੜੇ ਦੀ ਫੂਕਣੀ (ਭੱਠੀ ਵਿਚ ਫੂਕਾਂ ਮਾਰਨ ਵਾਲੀ ਧੌਂਕਣੀ)।ਤਪਤਾਉ-ਤਪ ਤਾਪਣਾ (ਕਰਨਾ); ਘਾਲ ਘਾਲਣੀ।ਭਾਂਡਾ-ਕੁਠਾਲੀ।ਭਾਉ-ਪ੍ਰੇਮ।ਅੰਮ੍ਰਿਤੁ-ਸੋਨਾ; ਨਾਮ।ਤਿਤੁ-ਉਸ ਭਾਂਡੇ ਵਿਚ।ਢਾਲਿ-ਢਾਲ (ਪਾ: ਰੱਖ; ਪਿੰਘਰਾ) ਲੈ।ਘੜੀਐ-ਘੜਿਆ ਜਾਂਦਾ ਹੈ।ਸਬਦੁ-ਧਰਮ ਜੀਵਨ (ਮ. ਕੋ.) ;ਅਚਰਣ; ਜਿੰਦਗੀ ਦਾ ਰਸਤਾ ਜਾਂ ਤਰੀਕਾ (ਤਿੰਨੇ ਅਰਥ ਸ਼ਬਦਾਰਥ ਦੇ ਹਨ); ਉਪਦੇਸ਼।ਟਕਸਾਲ-ਸਿੱਕਾ ਘੜਨ ਦੀ ਥਾਂ; ਸੱਤ ਸੰਗਤ।ਜਿਨ ਕਉ-ਜਿਨ੍ਹਾਂ ਮਨੁੱਖਾਂ ਉਤੇ।ਨਦਰਿ-ਮੇਹਰ ਦੀ ਨਜਰ ਨਾਲ।ਕਰਮੁ-ਬਖਸ਼ਿਸ਼।ਤਿਨ-ਉਨ੍ਹਾਂ ਦੀ।ਕਾਰ-ਕਰਨੀ; ਸੇਵਾ; ਨਿੱਤ ਕਰਮ।ਨਦਰੀ-ਨਜਰ ਕਰਨ ਵਾਲਾ ਪ੍ਰਭੂ।ਨਿਹਾਲ-ਖੁਸ਼; ਅਨੰਦ; ਕ੍ਰਿਤਾਰਥ।੩੮।

ਵਿਆਖਿਆ = ਇਸ ਪੌੜੀ ਵਿਚ ਸੁਨਿਆਰੇ ਦੀ ਮਿਸਾਲ ਦੇ ਕੇ ਸਾਧਕ ਨੂੰ ਉਚੀ ਆਤਮਕ ਅਵਸਥਾ ਪ੍ਰਾਪਤ ਕਰਨ ਦਾ ਉਪਦੇਸ ਹੈ ।ਧੀਰਜ ਰੂਪ ਸੁਨਿਆਰਾ ਜਤ ਰੂਪ ਦੁਕਾਨ ਵਿਚ ਮੱਤ ਦੀ ਆਹਰਣ ਉਤੇ ਗਿਆਨ ਰੂਪ ਹਥੌੜੇ ਦੀਆਂ ਸੱਟਾਂ ਮਾਰ ਕੇ ਸੋਨੇ ਦੀਆਂ ਮੋਹਰਾਂ ਜਾਂ ਸਿੱਕੇ ਘੜਦਾ ਹੈ।ਰੱਬ ਦੇ ਭੈ ਦੀ ਧੌਂਕਣੀ ਨਾਲ ਭੱਠੀ ਦੀ ਅੱਗ ਨੂੰ ਤੇਜ ਕਰਦਾ ਹੈ {ਗੁਰਮੁਖਿ ਸਾਚੇ ਕਾ ਭਉ ਪਾਵੈ। ਗੁਰਮੁਖਿ ਬਾਣੀ ਅਘੜ ਘੜਾਵੈ ੯੪੧} ਭਾਵ ਗੁਰਮੁਖ ਮਨ ਵਿਚ ਵਾਹਿਗੁਰੂ ਦਾ ਭੈ ਰਖਦਾ ਹੈ ਅਤੇ ਅਪਣੇ ਅਣ ਘੜੇ (ਆਪ ਮੁਹਾਰੇ ਚਲਣ ਵਾਲੇ) ਜੀਵਨ ਨੂੰ ਘੜ (ਸੰਵਾਰ) ਲੈਂਦਾ ਹੈ।ਦੁਕਾਨ ਤੇ ਬੈਠਣਾ ਅਤੇ ਅੱਗ ਦੇ ਤੇਜ ਨਾਲ ਸੋਨੇ ਦੀ ਮੈਲ ਦੂਰ ਕਰਕੇ ਸਿੱਕੇ ਢਾਲਣਾ ਸੁਨਿਆਰੇ ਦਾ ਤਪ ਹੈ।ਸੁਨਿਆਰਾ ਅਪਣੀ ਟਕਸਾਲ ਵਿਚ ਵਧੀਆ ਅਤੇ ਸੁੰਦਰ ਸਿੱਕੇ ਬਣਾ ਕੇ ਬਾਦਸ਼ਾਹ ਦੀ ਪ੍ਰਸੰਨਤਾ ਹਾਸਲ ਕਰਦਾ ਹੈ।ਜਤ, ਧੀਰਜ, ਮੱਤ, ਗਿਆਨ, ਰੱਬੀ ਡਰ, ਤਪ, ਪ੍ਰੇਮ ਅਤੇ ਸ਼ਬਦ (ਨਾਮ) ਇਹ ਅੱਠੇ ਸਾਧਨ ਹਨ, ਟਕਸਾਲ ਵਿਚ ਸੁਚੱਜੇ ਜੀਵਨ ਨੂੰ ਘੜਨ (ਬਣਾਉਣ ਭਾਵ ਪੈਦਾ ਕਰਨ) ਦੇ {ਅਸਟ ਧਾਤੁ ਪਾਤਿਸਾਹ ਕੀ, ਘੜੀਐ ਸਬਦਿ ਵਿਗਾਸਿ ੬੧; ਸਚ ਸਬਦ ਟਕਸਾਲ ਸਚ, ਅਸਟਧਾਤ ਇਕ ਪਾਰਸ ਮੇਲਾ (ਭਾ. ਗੁ. ੧੮-੨੦)}।ਸੰਜਮ ਰਖਣ ਵਾਲੇ ਦਾ ਮਨ ਇਕਾਗਰ ਰਹਿੰਦਾ ਹੈ ,ਉਦਮੀ ਹੁੰਦਾ ਹੈ, ਵਿਕਾਰੀ ਮਨ ਚੰਚਲ ਅਤੇ ਆਲਸੀ ਹੁੰਦਾ ਹੈ ਅਤੇ ਟਿਕਦਾ ਨਹੀਂ।ਮੱਤ ਰੂਪ ਆਹਰਣ ਉਤੇ ਗਿਆਨ ਦੇ ਹਥੌੜੇ ਨਾਲ ਅਪਣੇ ਜੀਵਨ ਨੂੰ ਘੜਨਾ ਹੈ।ਜਿਵੇਂ ਆਹਰਣ ਹਥੌੜੇ ਦੀਆਂ ਸੱਟਾਂ ਨਾਲ ਹਿਲਦੀ ਨਹੀਂ, ਇਕ ਜਗ੍ਹਾ ਟਿਕੀ ਰਹਿੰਦੀ ਹੈ {ਹਸਤੀ ਸਿਰਿ ਜਿਉ ਅੰਕਸੁ ਹੈ, ਅਹਰਣਿ ਜਿਉ ਸਿਰੁ ਦੇਇ ੬੪੮}।ਇਸੇ ਤਰ੍ਹਾਂ ਸਾਧਕ ਦੀ ਬੁੱਧੀ ਬੇਅੰਤ ਦੁਖ ਸਹਿ ਕੇ ਵੀ ਡੋਲਦੀ ਨਹੀਂ। ਭਾਈ ਮਤੀ ਦਾਸ ਆਰੇ ਨਾਲ ਚੀਰੇ ਜਾਣ ਅਤੇ ਭਾਈ ਤਾਰੂ ਸਿੰਘ ਖੋਪਰੀ ਉਤਾਰਨ ਦੀ ਸਜਾ ਸੁਣ ਕੇ ਵੀ ਡੋਲੇ ਨਹੀਂ {ਗੁਰਮਤਿ ਮਤਿ ਅਚਲ ਹੈ, ਚਲਾਇ ਨ ਸਕੈ ਕੋਇ ੫੪੮}।ਸਰੀਰ ਵਿਚ ਜੋ ਭੈ ਰੂਪ ਅੱਗ ਹੈ, ਉਹ ਰੱਬੀ ਭੈ ਨਾਲ ਜਿਆਦਾ ਭਖਦੀ ਹੈ।ਇਸ ਤਰ੍ਹਾਂ ਭੈ ਵਿਚ ਰਹਿ ਕੇ ਗੁਰੂ ਦੇ ਸ਼ਬਦ ਦਾ ਅਭਿਆਸ ਕਰਕੇ ਜੀਵਨ ਸੰਵਰ ਜਾਂਦਾ ਹੈ =

ਭੈ ਤਨਿ ਅਗਨਿ ਭਖੈ ਭੈ ਨਾਲਿ।ਭੈ ਭਉ ਘੜੀਐ ਸਬਦਿ ਸਵਾਰਿ।
ਭੈ ਬਿਨੁ ਘਾੜਤਿ ਕਚੁ ਨਿਕਚ।ਅੰਧੀ ਸਚਾ ਅੰਧੀ ਸਟ (੧੫੧)।

ਇਸ ਤਰ੍ਹਾਂ ਕਰਨ ਨਾਲ ਸਾਧਕ ਦਾ ਜੀਵਨ ਬਾਰਾਂ ਵੰਨੀ ਸੋਨੇ ਵਾਂਗ ਪਵਿੱਤਰ ਹੋ ਜਾਂਦਾ ਹੈ।ਜਿਵੇਂ ਟਕਸਾਲ ਵਿਚ ਘੜਿਆ ਸਿੱਕਾ ਬਾਦਸ਼ਾਹ ਨੂੰ ਪ੍ਰਵਾਨ ਹੁੰਦਾ ਹੈ, ਇਵੇਂ ਸੱਤ ਸੰਗਤ ਵਿਚ ਸੰਵਰਿਆ ਸਾਧਕ ਰੱਬੀ ਦਰਗਾਹ ਵਿਚ ਪ੍ਰਵਾਨ ਹੁੰਦਾ ਹੈ।

ਪਾਇ ਕੁਠਾਲੀ ਗਾਲੀਐ, ਰੈਣੀ ਕਰਿ ਸੁਨਿਆਰ ਵਿਗਸੈ।ਘੜਿ ਘੜਿ ਪਤ੍ਰ ਪਖਾਲੀਅਨਿ, ਲੂਣੀ ਲਾਇਜਲਾਇ ਰਹਸੈ।
ਬਾਰਹ ਵੰਨੀ ਹੋਇ ਕੈ, ਲਗੈ ਲਵੈ ਕਸਉਟੀ ਕਸੈ।ਟਕਸਾਲੈ ਸਿਕਾ ਪਵੈ, ਘਣ ਅਹਰਣਿ ਵਿਚਿ ਅਚਲੁ ਸਰਸੈ।
ਸਾਲੁ ਸੁਨਈਐ ਪੋਤੈ ਪਸੈ।(ਭਾ. ਗੁ. ੪-੧੨)।

॥ ਸਲੋਕੁ ॥

ਪਵਣੁ ਗੁਰੂ ਪਾਣੀ ਪਿਤਾ, ਮਾਤਾ ਧਰਤਿ ਮਹਤੁ ॥॥ਪੌਣ ਗੁਰੂ ਹੈ (ਕਿਉਂਕਿ ਸਰੀਰ ਪ੍ਰਾਣਾਂ ਦੇ ਆਸਰੇ ਚਲਦਾ ਹੈ), ਪਾਣੀ ਪਿਤਾ ਹੈ {ਪਾਣੀ ਪਿਤਾ ਜਗਤ ਕਾ, ਫਿਰਿ ਪਾਣੀ ਸਭੁ ਖਾਇ ੧੨੪੦} ਅਤੇ ਧਰਤੀ ਵੱਡੀ ਮਾਤਾ ਹੈ।

ਪਉਣੁ ਗੁਰੂ ਪਾਣੀ ਪਿਤ ਜਾਤਾ।ਉਦਰ ਸੰਜੋਗੀ ਧਰਤੀ ਮਾਤਾ। (੧੦੨੧)

ਦਿਵਸੁ ਰਾਤਿ ਦੁਇ ਦਾਈ ਦਾਇਆ, ਖੇਲੈ ਸਗਲ ਜਗਤੁ = ਦਿਨ ਅਤੇ ਰਾਤ ਦੋਵੇਂ ਖਿਡਾਵੀ (ਜੀਵਾਂ ਨੂੰ ਸੁਲਾਉਣ ਵਾਲੀ ਰਾਤ) ਅਤੇ ਖਿਡਾਵਾ (ਜੀਵਾਂ ਨੂੰ ਖਿਡਾਉਣ ਅਤੇ ਪ੍ਰਚਾਉਣ ਵਾਲਾ ਦਿਨ) ਹਨ, ਸਾਰਾ ਜਗਤ (ਇਨ੍ਹਾਂ ਦੀ ਗੋਦ ਵਿਚ) ਖੇਡ ਰਿਹਾ ਹੈ ਭਾਵ ਅਪਣੇ ਅਪਣੇ ਕੰਮੀਂ ਲਗਾ ਹੋਇਆ ਹੈ। ਰੈਣਿ ਦਿਨਸੁ ਦੁਇ ਦਾਈ ਦਾਇਆ, ਜਗੁ ਖੇਲੈ ਖੇਲਾਈ ਹੈ। (੧੦੨੧)

ਚੰਗਿਆਈਆ ਬੁਰਿਆਈਆ, ਵਾਚੈ ਧਰਮੁ ਹਦੂਰਿ ॥ (ਜਗਤ ਖੇਡ ਦੇ ਜੀਵਾਂ ਦੀਆਂ) ਚੰਗਿਆਈਆਂ ਅਤੇ ਬੁਰਿਆਈਆਂ ਧਰਮਰਾਜਾ ਪ੍ਰਭੂ ਦੀ ਹਜੂਰੀ ਵਿਚ ਵਾਚਦਾ (ਪੜਤਾਲ ਕਰਦਾ) ਹੈ। ਧਰਮ ਰਾਇ ਨੋ ਹੁਕਮੁ ਹੈ, ਬਹਿ ਸਚਾ ਧਰਮੁ ਬੀਚਾਰਿ। (੩੮)

ਕਰਮੀ ਆਪੋ ਆਪਣੀ, ਕੇ ਨੇੜੈ ਕੇ ਦੂਰਿ ॥ ਆਪੋ ਅਪਣੇ ਕੀਤੇ ਕਰਮਾਂ ਅਨੁਸਾਰ ਕਈ ਜੀਵ ਪ੍ਰਭੂ ਦੇ ਨੇੜੇ ਅਤੇ ਕਈ ਜੀਵ ਪ੍ਰਭੂ ਤੋਂ ਦੂਰ ਹੋ ਜਾਂਦੇ ਹਨ (ਚੰਗੇ ਕਰਮ ਕਰਨ ਵਾਲੇ ਰੱਬ ਦੇ ਨੇੜੇ ਅਤੇ ਬੁਰੇ ਕੰਮ ਕਰਨ ਵਾਲੇ ਰੱਬ ਤੋਂ ਦੂਰ ਹੋ ਜਾਂਦੇ ਹਨ)। ਅੰਤਰਿ ਬਹਿ

ਕੈ ਕਰਮ ਕਮਾਵੈ, ਸੋ ਚਹੁ ਕੁੰਡੀ ਜਾਣੀਐ। ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ, ਪਾਪਿ ਕਮਾਣੈ ਪਾਪੀ ਜਾਣੀਐ। (੧੩੮)

ਜਿਨੀ ਨਾਮੁ ਧਿਆਇਆ, ਗਏ ਮਸਕਤਿ ਘਾਲਿ ॥ ਜਿਨ੍ਹਾਂ (ਪ੍ਰਾਣੀਆਂ ਨੇ ਪ੍ਰਮਾਤਮਾ ਦਾ) ਨਾਮ ਧਿਆਇਆ ਹੈ, ਉਹ ਸਖਤ ਘਾਲਣਾ ਘਾਲ ਕੇ (ਅਪਣਾ ਜੀਵਨ ਸਫਲ ਕਰ) ਗਏ ਹਨ। ਮਸਕਤਿ ਲਹਹੁ ਮਜੂਰੀਆ, ਮੰਗਿ ਮੰਗਿ ਖਸਮ ਦਰਾਹੁ। (੭੮੮)

ਨਾਨਕ ਤੇ ਮੁਖ ਉਜਲੇ, ਕੇਤੀ ਛੁਟੀ ਨਾਲਿ ॥੧॥ ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਉਹ (ਪ੍ਰਾਣੀ ਪ੍ਰਭੂ ਦੇ ਦਰ ਤੇ) ਉਜਲ ਮੂੰਹ ਵਾਲੇ ਹਨ ਅਤੇ (ਉਨ੍ਹਾਂ ਦੇ) ਨਾਲ ਲਗ ਕੇ ਹੋਰ ਕਿਤਨੀ ਹੀ (ਦੁਨੀਆਂ ਜਨਮ ਮਰਣ ਦੇ ਬੰਧਨਾਂ ਤੋਂ) ਛੁੱਟ (ਮੁਕਤ ਹੋ) ਗਈ।੧।

ਓਹੁ ਆਪਿ ਛੁਟਾ ਕੁਟੰਬ ਸਿਉ, ਦੇ ਹਰਿ ਹਰਿ ਨਾਮੁ ਸਭ ਸ੍ਰਿਸਟਿ ਛਡਾਏ। (੧੪੦)

ਗੁਰਮੁਖਿ ਕੋਟਿ ਉਧਾਰਦਾ ਭਾਈ, ਦੇ ਨਾਵੈ ਏਕ ਕਣੀ। (੬੦੮)

ਪਦਾਰਥ = ਸਲੋਕੁ-ਛੰਦ ਦੀ ਚਾਲ ਜਿਵੇਂ ਦੋਹਰਾ ਆਦਿ ਹੁੰਦਾ ਹੈ; ਉਸਤਤੀ (ਜਸ) ਦਾ ਗੀਤ। ਪਵਣੁ-ਪੌਣ; ਹਵਾ; ਸੁਆਸ। ਧਰਤਿ-ਧਰਤੀ। ਮਹਤੁ-ਵੱਡੀ; ਮਹੱਤਵ ਵਾਲੀ। ਦਿਵਸੁ-ਦਿਨ। ਦੁਇ-ਦੋਵੇਂ। ਦਾਈ-ਖਿਡਾਵੀ (ਬੱਚੇ ਨੂੰ ਰਾਤ ਨੂੰ ਸੁਲਾਉਣ ਵਾਲੀ ਰਾਤ)। ਦਾਇਆ-ਖਿਡਾਵਾ (ਬਚੇ ਨੂੰ ਖਿਡਾਉਣ ਤੇ ਪ੍ਰਚਾਉਣ ਵਾਲਾ; ਕੰਮ ਕਾਜ ਵਿਚ ਲਾਉਣ ਵਾਲਾ ਦਿਨ)। ਸਗਲ-ਸਾਰਾ। ਵਾਚੈ-ਵਿਚਾਰਦਾ; ਪਰਖਦਾ; ਪੜਤਾਲ ਕਰਦਾ ਹੈ। ਧਰਮੁ-ਧਰਮਰਾਜਾ (ਜੀਵਾਂ ਦੇ ਚੰਗੇ ਮੰਦੇ ਕਰਮਾਂ ਦਾ ਹਿਸਾਬ ਕਰਨ ਵਾਲੀ ਨਿਰੰਕਾਰੀ ਤਾਕਤ)। ਹਦੂਰਿ-(ਰੱਬ ਦੀ) ਹਜੂਰੀ ਵਿਚ। ਕਰਮੀ-ਕਰਮਾਂ ਅਨੁਸਾਰ। ਕੇ-ਕੋਈ; ਕਈ। ਜਿਨੀ-ਜਿਨ੍ਹਾਂ ਨੇ। ਧਿਆਇਆ-ਸਿਮਰਿਆ ਹੈ। ਮਸਕਤਿ-ਘਾਲ; ਮਿਹਨਤ; ਕਮਾਈ। ਗਏ ਘਾਲਿ-ਕਰ ਗਏ; ਕਮਾ ਗਏ; ਮਿਹਨਤ ਸਫਲੀ ਕਰ ਗਏ। ਤੇ-ਉਹ। ਮੁਖ ਉਜਲੇ-ਉਜਲ ਮੂੰਹ; ਸੁਰਖਰੂ। ਕੇਤੀ-ਕਿਤਨੀ ਹੀ; ਅਨੇਕਾਂ। ਛੁਟੀ-ਮੁਕਤ ਹੋ ਗਈ। ਨਾਲਿ-ਸੰਗਤ ਕਰਕੇ; ਨਾਲ ਲਗ ਕੇ।੧।

ਵਿਆਖਿਆ = ਪੌਣ ਗੁਰੂ ਇਸ ਕਰਕੇ ਹੈ ਕਿਉਂਕਿ ਪੌਣ ਪ੍ਰਾਣਾਂ ਦੇ ਰੂਪ ਵਿਚ ਸਭ ਦੇ ਜੀਵਨ ਦਾ ਆਸਰਾ ਹੈ। ਜਿਵੇਂ ਗੁਰੂ ਬਿਨਾ ਮਨੁੱਖ ਦੀ ਸੁਰਤ ਮੁਰਦਾ ਰਹਿੰਦੀ ਹੈ, ਤਿਵੇਂ ਸਥੂਲ ਸਰੀਰ ਹਵਾ ਬਿਨਾ ਸਾਹ ਨਹੀਂ ਲੈ ਸਕਦਾ। ਗੁਰੂ ਦਾ ਅਰਥ ਵੱਡਾ ਵੀ ਹੈ, ਜੀਵਨ ਦੇ ਸਾਰੇ ਤੱਤਾਂ ਵਿਚੋਂ ਪੌਣ ਵੱਡੀ ਹੈ, ਆਲੇ ਦੁਆਲੇ ਸਾਰੇ ਪਸਰੀ ਹੋਈ ਹੈ। ਪਵਨ ਵਾਯੂ ਮੰਡਲ ਨੂੰ ਪਵਿਤ੍ਰ ਕਰਦੀ ਹੈ, ਇਸੇ ਤਰ੍ਹਾਂ ਗੁਰੂ ਸਾਡੇ ਮਨ ਦੀ ਮੈਲ ਨੂੰ ਦੂਰ ਕਰਦਾ ਹੈ। ਕੋਈ ਵੀ ਬੋਲ (ਸ਼ਬਦ) ਅਸੀਂ ਪੌਣ ਦੀ ਸਹਾਇਤਾ ਨਾਲ ਹੀ ਸੁਣਦੇ ਹਾਂ, ਬੋਲਿਆ ਹੋਇਆ ਸ਼ਬਦ ਪੌਣ ਦੁਆਰਾ ਹੀ ਸਾਡੇ ਕੰਨਾਂ ਤਕ ਪੁਜਦਾ ਹੈ। ਜੋ ਕੁਝ ਵੀ ਅਸੀਂ ਬੋਲਦੇ ਹਾਂ, ਉਹ ਪੌਣ ਦੀ ਸਹਾਇਤਾ ਨਾਲ ਹੀ ਕੰਠ, ਤਾਲੂ ਅਤੇ ਦੰਦਾਂ ਦੁਆਰਾ ਮੂੰਹ ਤੋਂ ਉਤਪਨ ਹੋ ਕੇ ਬੋਲਿਆ ਜਾਂਦਾ ਹੈ। ਪ੍ਰਮਾਤਮਾ ਨੂੰ ਜਗਤ ਰਚਨਾ ਦਾ ਜਦ ਫੁਰਨਾ ਫੁਰਿਆ ਤਾਂ ਸਭ ਤੋਂ ਪਹਿਲਾਂ ਪੌਣ ਹੀ ਪੈਦਾ ਹੋਈ =

ਸਾਚੇ ਤੇ ਪਵਨਾ ਭਇਆ, ਪਵਨੈ ਤੇ ਜਲੁ ਹੋਇ। ਜਲ ਤੇ ਤ੍ਰਿਭਵਣੁ ਸਾਜਿਆ, ਘਟਿ ਘਟਿ ਜੋਤਿ ਸਮੋਇ। (੧੯)।

ਪਾਣੀ ਸਭ ਦੇ ਅੰਦਰ ਰਸ ਜਾਂ ਖੂਨ ਦੇ ਰੂਪ ਵਿਚ ਮੌਜੂਦ ਹੈ, ਸਾਰੀ ਉਤਪਤੀ ਪਾਣੀ ਤੋਂ ਹੁੰਦੀ ਹੈ, ਇਸ ਕਰਕੇ ਪਾਣੀ ਸਾਰਿਆਂ ਦਾ ਪਿਤਾ ਹੈ। ਪਾਣੀ ਪਿਤਾ ਅਤੇ ਮਾਤਾ ਧਰਤੀ ਦੇ ਸੰਜੋਗ ਤੋਂ ਸਾਰੀ ਦੁਨੀਆਂ ਧਰਤੀ ਦੇ ਉਦਰ ਤੋਂ ਪੈਦਾ ਹੁੰਦੀ ਹੈ। ਸਾਡੀ ਖਾਧ ਖੁਰਾਕ ਧਰਤੀ ਵਿਚੋਂ ਪੈਦਾ ਹੁੰਦੀ ਹੈ, ਜਿਵੇਂ ਮਾਂ ਬੱਚੇ ਨੂੰ ਪਾਲਦੀ ਹੈ, ਬੱਚਿਆਂ ਦਾ ਮਲ ਮੂਤਰ ਸਾਫ ਕਰਦੀ ਹੈ, ਇਸੇ ਤਰ੍ਹਾਂ ਧਰਤੀ ਸਭ ਦੀ ਪਾਲਣਾ ਕਰਦੀ ਹੈ ਅਤੇ ਮਾਂ ਵਾਂਙ ਸਭ ਦਾ ਮਲ ਮੂਤਰ ਸਮੇਟਦੀ ਹੈ। ਜਿਵੇਂ ਦਾਈ ਬੱਚੇ ਨੂੰ ਸੁਲਾਉਂਦੀ ਹੈ, ਇਸੇ ਤਰ੍ਹਾਂ ਰਾਤ ਜੀਵਾਂ ਨੂੰ ਸੁਲਾਉਂਦੀ ਹੈ ਅਤੇ ਦਿਨ ਦਾਏ ਵਾਂਗ ਜੀਵਾਂ ਨੂੰ ਖਾਣ ਪੀਣ ਜਾਂ ਕੰਮਾਂ ਧੰਧਿਆਂ ਦੀ ਖੇਡ ਵਿਚ ਪਰਚਾਈ ਰਖਦਾ ਹੈ =

ਪਵਣ ਗੁਰੂ ਗੁਰ ਸਬਦ ਹੈ, ਰਾਗ ਨਾਦ ਵੀਚਾਰਾ। ਮਾਤ ਪਿਤਾ ਜਲ ਧਰਤਿ ਹੈ, ਉਤਪਤਿ ਸੰਸਾਰਾ।
ਦਾਈ ਦਾਇਆ ਰਾਤ ਦਿਹੁ, ਵਰਤੈ ਵਰਤਾਰਾ। (ਭਾ. ਗੁ. ਵਾਰ ੨-੧੯)।

ਪਉਣੁ ਗੁਰੂ ਗੁਰ ਸਬਦੁ ਹੈ, ਵਾਹਿਗੁਰੂ ਗੁਰ ਸਬਦੁ ਸੁਣਾਇਆ।
ਪਾਣੀ ਪਿਤਾ ਪਵਿਤ੍ਰ ਕਰਿ, ਗੁਰਮੁਖਿ ਪੰਥ ਨਿਵਾਣ ਚਲਾਇਆ।
ਧਰਤੀ ਮਾਤ ਮਹਤ ਕਰਿ, ਓਤਿਪੋਤਿ ਸੰਜੋਗੁ ਬਣਾਇਆ।
ਦਾਈ ਦਾਇਆ ਰਾਤ ਦਿਹੁ, ਬਾਲ ਸੁਭਾਇ ਜਗਤੁ ਖਿਲਾਇਆ। (ਭਾ. ਗੁ. ੬-੫)।

ਜਗਤ ਖੇਡ ਦਾ ਮੈਦਾਨ ਹੈ, ਇਸ ਵਿਚ ਜੀਵ ਜੋ ਚੰਗੀ ਜਾਂ ਮੰਦੀ ਖੇਲ ਖੇਲਦੇ ਹਨ, ਭਾਵ ਚੰਗੇ ਮੰਦੇ ਕੰਮ ਕਰਦੇ ਹਨ, ਉਨ੍ਹਾਂ ਦਾ ਫੈਸਲਾ ਰੱਬ ਦੀ ਹਜੂਰੀ ਵਿਚ ਹੁੰਦਾ ਹੈ। ਜਿਵੇਂ ਕੋਈ ਵੀ ਖੇਡ ਖੇਡਣ ਵਾਸਤੇ ਕੁਝ ਨੀਯਮ ਬਣਾਏ ਹੁੰਦੇ ਹਨ, ਉਨ੍ਹਾਂ ਨੀਯਮਾਂ ਦੇ ਅੰਦਰ ਅੰਦਰ ਰਹਿ ਕੇ ਹਰ ਖਿਡਾਰੀ ਖੇਡ ਖੇਡਣ ਲਈ ਸੁਤੰਤਰ ਹੈ। ਪਰ ਜੇ ਕੋਈ ਵੀ ਖਿਡਾਰੀ ਨੀਯਮਾਂ ਦੀ ਉਲੰਘਣਾਂ ਕਰਦਾ ਹੈ, ਤਾਂ ਸਜਾ ਪਾਉਂਦਾ ਹੈ। ਸਰਕਾਰਾਂ ਕਾਨੂੰਨ ਬਣਾਉਂਦੀਆਂ ਹਨ, ਹਰੇਕ ਮੁਲਾਜਮ ਨੂੰ ਬਣਾਏ ਹੋਏ ਕਾਨੂੰਨ ਅੰਦਰ ਰਹਿ ਕੇ ਕੰਮ ਕਰਨ ਦੀ ਆਜਾਦੀ ਹੈ। ਜੇ ਕੋਈ ਵਰਕਰ ਜਾਂ ਦੇਸ਼ ਦਾ ਸ਼ਹਿਰੀ ਗੈਰ ਕਾਨੂੰਨੀ ਕੰਮ ਕਰਦਾ ਹੈ, ਤਾਂ ਸਰਕਾਰ ਕਾਨੂੰਨ ਅਨੁਸਾਰ ਦੋਸ਼ੀ ਨੂੰ ਸਜਾ ਦੇਂਦੀ ਹੈ। ਇਸੇ ਤਰ੍ਹਾਂ ਹਰ ਜੀਵ ਨੂੰ ਰੱਬ ਦੇ ਬਣਾਏ ਨੀਯਮ (ਹੁਕਮ) ਵਿਚ ਕੰਮ ਕਰਨ ਜਾਂ ਜੀਵਨ ਬਿਤਾਉਣ ਦੀ ਸੁਤੰਤਰਤਾ ਹੈ, ਪਰ

ਰੱਬੀ ਨੀਯਮਾਂ ਦੇ ਉਲਟ ਮੰਦੇ ਕੰਮ ਕਰਨ ਵਾਲਿਆਂ ਨੂੰ ਉਸ ਦੇ ਦਰਬਾਰ ਵਿਚ ਸਜਾ ਮਿਲਦੀ ਹੈ।ਐਸੇ ਮੰਦ ਕਰਮੀ ਜੀਵ ਜਨਮ ਮਰਣ ਦੇ ਚੱਕਰ ਵਿਚ ਪੈ ਕੇ ਰੱਬ ਤੋਂ ਦੂਰ ਹੋ ਜਾਂਦੇ ਹਨ।ਰੱਬੀ ਹੁਕਮ ਵਿਚ ਰਹਿਣ ਵਾਲੇ ਨਾਮ ਅਭਿਆਸੀ ਰੱਬ ਦੇ ਨੇੜੇ ਰਹਿੰਦੇ ਹਨ ਅਤੇ ਉਸ ਤੋਂ ਆਦਰ ਮਾਣ ਪ੍ਰਾਪਤ ਕਰਦੇ ਹਨ।

ਇਹ ਸਲੋਕ 'ਮਾਝ ਦੀ ਵਾਰ' ਮਃ ੨ ਦੇ ਸਿਰਲੇਖ ਹੇਠ ਅੰਗ ੧੪੬ ਤੇ ਕੁਝ ਅੱਖਰਾਂ ਦੇ ਫਰਕ ਨਾਲ ਲਿਖਿਆ ਹੋਇਆ ਹੈ।ਉਥੇ ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਵਾਲਾ ਸਲੋਕ ਅਪਣੇ ਵਲੋਂ ਵੀ ਲਿਖ ਦਿਤਾ ਹੈ, ਜਿਵੇਂ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਦੀ ਸਤਾਰਵੀਂ ਪਉੜੀ ਦੇ ਅਰੰਭ ਵਿਚ ਗੁਰੂ ਨਾਨਕ ਦੇਵ ਜੀ ਦਾ ਰਚਿਆ 'ਆਦਿ ਸਚੁ' ਵਾਲਾ ਸਲੋਕ ਅਪਣੇ ਵਲੋਂ ਵੀ ਲਿਖ ਦਿਤਾ।ਇਸੇ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਵਿਚ ਹੋਰ ਥਾਵਾਂ ਤੇ ਵੀ ਗੁਰੂ ਸਾਹਿਬਾਨਾਂ ਅਤੇ ਭਗਤ ਬਾਣੀ ਦੀਆਂ ਕਈ ਤੁਕਾਂ ਆਪਸ ਵਿਚ ਮਿਲਦੀਆਂ ਹਨ।

ਨੋਟਃ- ਸਾਰੇ ਜਪੁ ਜੀ ਸਾਹਿਬ ਵਿਚ ੩੦ ਵਾਰੀ ਨਾਨਕ ਪਦ ਆਂਉਂਦਾ ਹੈ।ਪੌੜੀ ਨੰ: ੬, ੧੨, ੧੩, ੧੪, ੧੬, ੧੭, ੧੯, ੨੩, ੨੮, ੨੯, ੩੦ ਅਤੇ ੩੬ ਵਿਚ ਨਾਨਕ ਪਦ ਨਹੀਂ ਆਉਂਦਾ।੨੧ ਵੀਂ ਅਤੇ ੨੭ ਵੀਂ ਪੌੜੀ ਵਿਚ ਨਾਨਕ ਪਦ ਦੋ ਦੋ ਵਾਰੀ ਆਉਂਦਾ ਹੈ।

ਗੁਰਮੁਖੀ ਦੇ ੩੫ ਅੱਖਰਾਂ ਵਿਚੋਂ ੩੨ ਅੱਖਰਾਂ ਦੀ ਵਰਤੋਂ ਜਪੁ ਜੀ ਸਾਹਿਬ ਵਿਚ ਹੋਈ ਹੈ।ਪੈਂਤੀ ਅੱਖਰਾਂ ਵਿਚੋਂ ਙ, ਞ ਅਤੇ ਯ ਤਿੰਨ ਅੱਖਰ ਜਪੁ ਜੀ ਵਿਚ ਨਹੀ ਹਨ।'੧ਓ ਸਤਿਨਾਮੁ' ਤੋਂ ਲੈ ਕੇ 'ਕੇਤੀ ਛੁਟੀ ਨਾਲਿ' ਤਕ ਜਪੁ ਜੀ ਸਾਹਿਬ ਦੇ ਕੁਲ 4983 ਅੱਖਰ ਹਨ।

## ॥ ਜਪੁ ਜੀ ਮਹਾਤਮ ॥

ਗੁਰੂ ਨਾਨਕ ਦੇਵ ਜੀ ਨੇ ਬਾਬਾ ਲਹਿਣਾ (ਗੁਰੂ ਅੰਗਦ ਦੇਵ) ਜੀ ਨੂੰ ਜਪੁ ਜੀ ਮਹਾਤਮ ਸੁਣਾਇਆ ਃ-

ਸ੍ਰੀ ਮੁਖ ਤੇ ਮਹਿਮਾ ਪੁਨ ਭਾਖੀ।ਜੋ ਨਰ ਹੈ ਸਿਖੀ ਅਭਿਲਾਖੀ।ਨਿਸ ਮਹਿ ਉਠੇ ਸਿ ਕਰਹਿ ਸ਼ਨਾਨਾ।
ਜਪੁ ਪੜਿ ਹੈ ਇਕ ਚਿਤ ਸਵਧਾਨਾ।੯੬।ਅਰਥ ਬਿਚਾਰਿ ਕਰਹਿ ਉਰ ਮਾਂਹੀ।ਮੁਕਤਿ ਹੋਇ ਸੋ ਸੰਸੇ ਨਾਂਹੀ।
ਜਪੁ ਜੀ ਸੇਵਨ ਪ੍ਰੀਤਿ ਸੁ ਜਾਂਹੀ।ਮਮ ਸਮੀਪ ਪ੍ਰਾਪਤਿ ਹੁਇ ਤਾਂਹੀ।੯੭।ਧਰਹਿ ਕਾਮਨਾ ਪਢਿ ਹੈ ਇਕ ਮਨ।
ਹੋਹਿ ਸੰਪੂਰਨ ਤਿਹ ਕੀ ਤਤਛਿਨ।ਜੰਤ੍ਰ ਮੰਤ੍ਰ ਪੁਨ ਤੰਤ੍ਰ ਮਹਾਨਾ।ਭੂਤ ਜਿ ਪ੍ਰੇਤ ਦੈਂਤ ਬਲਵਾਨਾ।੯੮।
ਤਿਹ ਸਮੀਪ ਨਹਿ ਆਵੈ ਕੋਈ।ਪਠਨ ਪ੍ਰੀਤ ਨਿਤ ਨਰ ਜਿਹ ਹੋਈ।ਮਾਨੁਖ ਦੇਹਿ ਜੀਵ ਜਿਨ ਪਾਈ।
ਜਪੁ ਬਿਹੀਨ ਹੈ ਬਾਦ ਗਵਾਈ।੯੯।(ਕਵੀ ਸੰਤੋਖ ਸਿੰਘ, ਸ੍ਰੀ ਗੁਰ ਨਾਨਕ ਪ੍ਰਕਾਸ਼ ਉਤ੍ਰਾਰਧ ਅਧਿਆਇ ੫੨)।

ਗੁਰੂ ਅਰਜਨ ਦੇਵ ਜੀ ਨੇ ਸਰੀਰ ਛਡਣ ਵੇਲੇ ਰਾਵੀ ਦਰਿਆ ਦੇ ਕਿਨਾਰੇ ਬੈਠ ਕੇ ਪਹਿਲਾਂ ਆਪ ਜਪੁ ਜੀ ਦਾ ਪਾਠ ਕੀਤਾ, ਫਿਰ ਗੁਰੂ ਜੀ ਦੇ ਨਾਲ ਜੋ ਪੰਜ ਸਿੱਖ (ਭਾਈ ਬਿਧੀਆ, ਭਾਈ ਜੇਠਾ, ਭਾਈ ਲੰਙਾਹ, ਭਾਈ ਪਿਰਾਣਾ ਅਤੇ ਭਾਈ ਪੈੜਾ) ਸਨ, ਉਨ੍ਹਾਂ ਕੋਲੋਂ ਪੰਜ ਜਪੁ ਜੀ ਦੇ ਪਾਠ ਸੁਣੇ =

ਗਹਿ ਪਦ ਪਦਮ ਲੰਙਾਹ ਪਖਾਰੇ।ਪ੍ਰਵਿਸ਼ੇ ਜਲ ਮਹਿ ਮਜਨ ਧਾਰੇ।੨੩।ਵਹਿਰ ਨਿਕਸਿ ਪਟ ਸ਼ੁਸ਼ਕ ਲਿਯੋ ਹੈ।
ਦੇਹ ਅਛਾਦਨਿ ਪੁਨਹ ਕਿਯੋ ਹੈ।ਜਪੁ ਜੀ ਪਾਠ ਕਰਤਿ ਉਰ ਪ੍ਰੇਮਾ।ਜੋ ਸਿਖਨਿ ਕੀ ਠਾਨਤਿ ਛੇਮਾ।੨੪।
ਪੁਨ ਪੰਚਹੁ ਸਿਖ ਕੀਨਿ ਸ਼ਨਾਨੇ।ਗੁਰੁ ਬਾਨੀ ਕੋ ਪਾਠ ਬਖਾਨੇ।ਖਰੇ ਭਏ ਸਤਿਗੁਰੁ ਪਰਵਾਰ।
ਜਪੁ ਜੀ ਪਾਠ ਸੁਨਯੋ ਨਿਰਧਾਰ।੨੫।ਭੋਗ ਪਾਇ ਕਰਿ ਸੀਸ ਨਿਵਾਯੋ।ਪੁਨ ਸਿਖਨ ਸਨਿ ਬਾਕ ਅਲਾਯੋ।
ਅਬ ਹਮ ਚਹਿ ਪਰਲੋਕ ਪਯਾਨਾ।ਚਿਤ ਜਿਮ ਚਹਤ ਸਕਲ ਹਮ ਠਾਨਾ।੨੬।
(ਕਵੀ ਸੰਤੋਖ ਸਿੰਘ, ਗੁਰ ਪ੍ਰਤਾਪ ਸੂਰਜ ਪ੍ਰਕਾਸ਼, ਰਾਸਿ ੪ ਅੰਸੂ ੩੭)।

ਇਹ ਜਪੁ ਕਰਤੇ ਪੁਰਖ ਕਾ, ਸਚ ਨਾਨਕ ਕੀਆ ਬਖਾਣ।ਜਗਤ ਉਧਾਰਨ ਕਾਰਨੇ, ਧੁਰੋਂ ਹੋਆ ਫੁਰਮਾਣ।
ਅੰਮ੍ਰਿਤ ਵੇਲਾ ਸਚ ਨਾਮ, ਜਪ ਪੜੀਐ ਕਰਿ ਇਸਨਾਨ।ਹਿਤ ਚਿਤ ਕਰ ਜੋ ਜਪੁ ਪੜੇ, ਦਰਗਹ ਪਾਵੈ ਮਾਨ।....

ਇਹ ਜਪੁ ਮਹਾਤਮ 'ਭਾਈ ਬਾਲੇ ਵਾਲੀ ਜਨਮ ਸਾਖੀ' ਅਤੇ 'ਪੋਥੀ ਹਰਿ ਜੀ' ਦੀ ੪੧ ਵੀ ਗੋਸਟ ਦੇ ਅਖੀਰ ਵਿਚ ਲਿਖਿਆ ਹੋਇਆ ਹੈ।ਇਸ ਨੂੰ ਸੰਤ ਗੁਲਾਬ ਸਿੰਘ ਨੇ ਜਪੁ ਪ੍ਰਕਾਸ਼ ਅਤੇ ਅਕਾਲੀ ਕੌਰ ਸਿੰਘ ਨੇ ਪ੍ਰਮਾਣੀਕ ਨਿਤਨੇਮ ਵਿਚ ਵੀ ਪ੍ਰਕਾਸ਼ਿਤ ਕੀਤਾ।ਖਾਲਸਾ ਸਮਾਚਾਰ ਅੰਮ੍ਰਿਤਸਰ ਦੀ ਜਿਲਦ ਨੰਃ ੬੩ ਅੰਕ ਨੰਃ ੧੦ ਮਿਤੀ ੧ ਫਰਵਰੀ ੧੯੬੨ ਵੀ ਛਪਿਆ ਹੋਇਆ ਹੈ।

ਸਿਖ ਗੁਰੂ ਕੋ ਹੋਇ ਗਇਓ, ਜਪੁ ਜੀ ਕੰਠ ਨ ਕੀਨ।ਤੰਦੁਲ ਬਿਨ ਤੁਖ ਕਾਮ ਕਿਹ, ਤੈਸੇ ਸਿਖ ਕੋ ਚੀਨ।
ਗਰਬ ਗੰਜਨੀ ਟੀਕਾ (ਕਵੀ ਸੰਤੋਖ ਸਿੰਘ ਚੂੜਾ ਮਣਿ)।

ਬਿਨ ਜਪੁ ਜਾਪ ਜਪੇ ਬਿਨਾ, ਜੋ ਜੇਵੇ ਪ੍ਰਸਾਦਿ। ਸੋ ਵਿਸਟਾ ਕਾ ਕਿਰਮ ਹੋਇ, ਜਨਮੁ ਗਵਾਇਓ ਬਾਦਿ।
ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ।

ਜਪੁ ਜੀ ਦੇ ਹੁਣ ਤਕ ਪਰਾਪਤ ਹੋਏ ਸਭ ਤੋਂ ਪੁਰਾਣੇ ਟੀਕੇ (੧੬੫੦ ਈ.) ਵਿਚ ਗੁਰੂ ਨਾਨਕ ਦੇਵ ਜੀ ਦੇ ਮੁਖੋਂ ਗੁਰੂ ਅੰਗਦ ਦੇਵ ਜੀ ਨੂੰ ਸੰਬੋਧਨ ਕਰਦਿਆਂ ਇਉਂ ਆਖਿਆ ਗਿਆ ਹੈ ਃ-

ਪੁਰਖਾ! ਬਿਨਾ ਜਪੁ ਜਪਿਆ, ਮੈਂ ਪਾਸਿ ਆਵਣ ਨ ਮਿਲਸੀ, ਊਹਾ ਦਰਗਾਹ ਵਿਚਿ।
ਜਿਸੁ ਪਾਸਿ ਜਪੁ ਨੀਸਾਣੁ ਹੋਵੇਗਾ ਸੁ ਮੈ ਪਾਸਿ ਆਵੈਗਾ। ਏਹੁ ਜਪੁ ਪੜੈਗਾ ਜੀਉ ਲਾਇ ਕਰਿ,
ਸੁ ਮੁਕਤਿ ਹੋਵੈਗਾ।(ਪੋਥੀ ਹਰਿ ਜੀ ਦੀ ਨਕਲ, ਪੰਜਾਬ ਯੂਨੀਵਰਸਟੀ ਲਹੌਰ ਦੀ ਹੱਥ ਲਿਖਤ ੧੭੦੧ ਈ.)।

ਉਚਾਰਣ ਸਮਾਂ ਅਤੇ ਸਥਾਨ = ਗੁਰੂ ਨਾਨਕ ਦੇਵ ਜੀ ਦੀ ਇਹ ਮੂਲ ਬਾਣੀ 'ਸ੍ਰੀ ਜਪੁ ਜੀ ਸਾਹਿਬ' ਇਕੋ ਵਾਰ ਇਕ ਸਮੇਂ ਇਕ ਸਥਾਨ ਤੇ ਹੀ ਉਚਾਰਣ ਨਹੀਂ ਹੋਇਆ। ਜਨਮ ਸਾਖੀਆਂ ਮੁਤਾਬਿਕ ਮੂਲ ਮੰਤ੍ਰ ਸੁਲਤਾਨ ਪੁਰ ਲੋਧੀ ਵਿਖੇ ਉਚਾਰਨ ਹੋਇਆ ਅਤੇ ਸੋਦਰ ਸਮੇਤ ਕੁਝ ਹੋਰ ਪਉੜੀਆਂ ਦੀ ਰਚਨਾ ਵੇਈਂ ਨਦੀ ਵਿਚ ਟੁੱਭੀ ਮਾਰਨ ਸਮੇਂ ਨਿਰੰਕਾਰ ਨਾਲ ਮਿਲਣੀ ਦੌਰਾਨ ਹੋਈ। ਜਨਮ ਸਾਖੀਆਂ ਵਿਚ ਲਿਖਿਆ ਮਿਲਦਾ ਹੈ ਕਿ ਉਦਾਸੀਆਂ ਸਮੇਂ ਕੁਝ ਪਉੜੀਆਂ ਸੁਮੇਰ ਪਰਬਤ ਤੇ ਸਿੱਧਾਂ ਨਾਲ ਗੋਸਟ ਕਰਦਿਆਂ ਉਚਾਰੀਆਂ, ਕੁਝ ਹੋਰ ਥਾਵਾਂ ਤੇ ਵੱਖ ਵੱਖ ਧਰਮਾਂ ਦੇ ਆਗੂਆਂ ਅਤੇ ਸਾਧੂਆਂ ਸੰਤਾਂ ਨਾਲ ਵਿਚਾਰ ਕਰਦਿਆਂ ਉਚਾਰਣ ਕੀਤੀਆਂ। ਕਰਤਾਰ ਪੁਰ (ਪਾਕਿਸਤਾਨ) ਨਿਵਾਸ ਕਰਨ ਤੋਂ ਪਹਿਲਾਂ 'ਜਪੁ ਜੀ' ਕਿਸੇ ਨਾ ਕਿਸੇ ਰੂਪ ਵਿਚ ਮੌਜੂਦ ਸੀ। ਗੁਰੂ ਨਾਨਕ ਦੇਵ ਜੀ ੧੫੨੧ ਈ. ਵਿਚ ਕਰਤਾਰ ਪੁਰ ਰਹਿਣ ਲਗ ਪਏ ਸਨ, ਉਚਾਰਣ ਕੀਤੀਆਂ ਸਾਰੀਆਂ ਪਉੜੀਆਂ ਨੂੰ ਤਰਤੀਬ ਅਨੁਸਾਰ ਕਰਤਾਰ ਪੁਰ ਰਹਿਣ ਸਮੇਂ ਹੀ ਸੰਪੂਰਨ ਕੀਤਾ ਸੀ। ਭਾਈ ਗੁਰਦਾਸ ਜੀ ਦੀ ਗਵਾਹੀ ਹੈ ਕਿ ਕਰਤਾਰ ਪੁਰ ਰਹਿਣ ਸਮੇਂ ਗੁਰੂ ਨਾਨਕ ਦੇਵ ਜੀ ਨੇ ਜਪੁ ਜੀ ਸਾਹਿਬ ਦਾ ਨਿਤਨੇਮ ਪ੍ਰਚਲਤ ਕਰ ਦਿਤਾ ਸੀ ਃ-

ਫਿਰਿ ਬਾਬਾ ਆਇਆ ਕਰਤਾਰ ਪੁਰਿ, ਭੇਖ ਉਦਾਸੀ ਸਗਲ ਉਤਾਰਾ।....
ਸੋਦਰ ਆਰਤੀ ਗਾਵੀਐ, ਅੰਮ੍ਰਿਤ ਵੇਲੇ ਜਾਪ ਉਚਾਰਾ।(ਭਾ. ਗੁ. ਵਾਰ ੧-੩੮)।

## ॥ ਸਹਾਇਕ ਪੁਸਤਕ ਸੂਚੀ ॥


੧. ਸੰਤ ਗਿਆਨੀ ਗੁਰਬਚਨ ਸਿੰਘ 'ਖਾਲਸਾ' ਭਿੰਡਰਾਂ ਵਾਲਿਆਂ ਦੀਆਂ ਕਥਾ ਦੀਆਂ ਸੀਡੀਆਂ (ਦਮਦਮੀ ਟਕਸਾਲ ਚੌਂਕ ਮਹਿਤਾ)।
੨. ਸੰਪ੍ਰਦਾਈ ਟੀਕਾ ਸ੍ਰੀ ਅਮੀਰ ਭੰਡਾਰ (ਸੈਂਚੀ ਪਹਿਲੀ) ਟੀਕਾਕਾਰ ਸੰਤ ਕਿਰਪਾਲ ਸਿੰਘ ਜੀ (ਅੰਮ੍ਰਿਤਸਰ ਵਾਲੀ ਟਕਸਾਲ)।
੩. ਗਰਬ ਗੰਜਨੀ ਟੀਕਾ (ਰਚਿਤ ਕਵੀ ਚੂੜਾਮਣਿ ਭਾਈ ਸੰਤੋਖ ਸਿੰਘ ਜੀ)।
੪. ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ (ਪੋਥੀ ਪਹਿਲੀ) ਰਚਿਤ ਪਦਮ ਭੂਸ਼ਨ ਡਾਕਟਰ ਭਾਈ ਵੀਰ ਸਿੰਘ ਜੀ।
੫. ਗੁਰੂ ਗ੍ਰੰਥ ਸਾਹਿਬ ਕੋਸ਼ (ਭਾਈ ਵੀਰ ਸਿੰਘ ਜੀ)।
੬. ਸ਼ਬਦਾਰਥ (ਪ੍ਰਕਾਸ਼ਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ)।
੭. ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੋਥੀ ਪਹਿਲੀ) ਟੀਕਾਕਾਰ ਡਾ. ਸਾਹਿਬ ਸਿੰਘ ਡੀ. ਲਿਟ.
੮. ਸ੍ਰੀ ਜਪੁ ਨਿਸਾਣ (ਟੀਕਾਕਾਰ ਪੰਡਿਤ ਕਰਤਾਰ ਸਿੰਘ ਦਾਖਾ)।
੯. ਗੁਰੂ ਨਾਨਕ ਦਾ ਸ਼ਾਹਕਾਰ ਜਪੁ ਜੀ (ਰਚਿਤ ਪ੍ਰੋ. ਹਰਨਾਮ ਸਿੰਘ ਸ਼ਾਨ ਐਮ ਏ, ਪੀ ਐਚ. ਡੀ.)।
੧੦. ਜਪੁ ਜੀ ਦਰਸ਼ਨ (ਰਚਿਤ ਡਾ. ਸ਼ੇਰ ਸਿੰਘ)।
੧੧. ਜਪੁ ਪ੍ਰਵਚਨ (ਰਚਿਤ ਪ੍ਰਿ. ਭਗਤ ਸਿੰਘ ਹੀਰਾ, ਨਵੀਂ ਦਿੱਲੀ)।
੧੨. ਮੂਲ ਮੰਤ੍ਰ ਤੱਤ ਨਿਰਣੈ (ਲੇਖਕ ਗਿਆਨੀ ਮੁਖਤਿਆਰ ਸਿੰਘ ਸਾਰੰਗ ਗੁਰਦੁਆਰਾ ਭੱਠਾ ਸਾਹਿਬ ਪਾ. ੧੦ ਵੀਂ ਰੋਪੜ)।
੧੩. ਮੂਲ ਮੰਤ੍ਰ ਸੰਕਲਪ ਅਤੇ ਵਿਵੇਚਨ (ਲੇਖਕ ਡਾ. ਜਗਜੀਤ ਸਿੰਘ ਸਲੂਜਾ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲੁਧਿਆਣਾ)।
੧੪. ਗੁਰੂ ਗ੍ਰੰਥ ਸਾਹਿਬ ਜੀ ਦਾ ਹਿੰਦੀ ਟੀਕਾ, ਭਾਗ ੧ (ਮੁਨੀ ਅਰਜਨ ਸਿੰਘ ਨਿਰਮਲ ਕੁਟੀਆ ਪ੍ਰੇਮ ਭਵਨ ਕੰਨਖਲ, ਹਰਿ ਦੁਆਰ)।
੧੫. ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ (ਭਾਈ ਕਾਨ੍ਹ ਸਿੰਘ ਨਾਭਾ)।
੧੬. ਸ੍ਰੀ ਜਪੁ ਜੀ ਕਥਾ (ਸੰਤ ਸੰਗਤ ਸਿੰਘ ਜੀ ਕਮਾਲੀਏ ਵਾਲੇ)।
੧੭. ਜਪੁ ਜੀ (ਟੀਕਾਕਾਰ ਵਿਨੋਬਾ ਭਾਵੇ, ਅਨੁਵਾਦਕ ਡਾ. ਸੀਤਾ ਰਾਮ ਬਾਹਰੀ, ਪੰਜਾਬੀ ਯੂਨੀਵਰਸਿਟੀ ਪਟਿਆਲਾ)।

੧੮. ਸ੍ਰੀ ਗੁਰੂ ਬਾਣੀ ਪਰਕਾਸ਼ (ਗੁਰੂ ਗ੍ਰੰਥ ਸਾਹਿਬ ਜੀ ਦਾ ਪੰਨੇਵਾਰ ਕੋਸ਼ ਸੈਂਚੀ ਪਹਿਲੀ, ਰਚਿਤ ਸੋਢੀ ਤੇਜਾ ਸਿੰਘ)।
੧੯. ਨਿਤਨੇਮ ਸਟੀਕ (ਟੀਕਾਕਾਰ ਪ੍ਰੋ. ਪ੍ਰਕਾਸ਼ ਸਿੰਘ, ਪ੍ਰਕਾਸ਼ਕ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਵੀਂ ਦਿੱਲੀ)।
20. JAPUJI SAHIB (Translated into English by Mohinder Pal Singh).
21. SRI GURU GRANTH SAHIB (English & punjabi Translation) S.G.P.C. Amritsar.
੨੨. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣੈ (ਪੋਥੀ ਪਹਿਲੀ) ਟੀਕਾਕਾਰ ਗਿਆਨੀ ਹਰਬੰਸ ਸਿੰਘ ਪਟਿਆਲਾ।
੨੩. ਗੁਰੂ ਨਾਨਕ ਬਾਣੀ ਪ੍ਰਕਾਸ਼ (ਭਾਗ ਪਹਿਲਾ) ਸੰਪਾਦਨਾ ਤੇ ਟੀਕਾ ਡਾ. ਤਾਰਨ ਸਿੰਘ (ਪੰਜਾਬੀ ਯੂਨੀਵਰਸਿਟੀ ਪਟਿਆਲਾ)।
੨੪. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ, ਜਿਲਦ ਪਹਿਲੀ (ਫਰੀਦਕੋਟ ਵਾਲਾ ਟੀਕਾ) ਭਾਸ਼ਾ ਵਿਭਾਗ ਪੰਜਾਬ।
੨੫. ਬ੍ਰਹਮ ਦਾ ਸਰੂਪ (ਪ੍ਰਿੰ. ਭਗਤ ਸਿੰਘ ਹੀਰਾ, ਨਵੀਂ ਦਿਲੀ)।
੨੬. ਗੁਰਬਾਣੀ ਪਾਠ ਦਰਸ਼ਨ (ਕਰਤਾ ਸ੍ਰੀ ਮਾਨ ਪੰਥ ਰਤਨ ਵਿਦਿਆ ਮਾਰਤੰਡ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ, ਭਿੰਡਰਾਂ ਵਾਲਿਆਂ ਦੇ ਉਤ੍ਰਾਧਿਕਾਰੀ ਸ੍ਰੀ ਮਾਨ ਸੰਤ ਗਿਆਨੀ ਮੋਹਣ ਸਿੰਘ ਜੀ ਭਿੰਡਰਾਂ ਵਾਲੇ)।
੨੭. ਜਪੁਜੀ ਦੇ ਪੰਜ ਖੰਡਾਂ ਦਾ ਬਹੁਪੱਖੀ ਅਧਿਐਨ (ਰਚਿਤ ਡਾ. ਰਾਮ ਸਿੰਘ) ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ।
੨੮. ਜੋ ਬ੍ਰਹਮੰਡਿ ਖੰਡਿ ਸੋ ਜਾਣਹੁ (ਲੇਖਕ ਗਿ. ਕਿਰਪਾਲ ਸਿੰਘ) ਗੁਰਦੁਆਰਾ ਸੱਚਖੰਡ ਬੋਪਾ ਰਾਏ ਕਲਾਂ ਜਿਲ੍ਹਾ ਲੁਧਿਆਣਾ।
੨੯. ਸੁਰਤਿ ਸ਼ਬਦ ਵਿਚਾਰ (ਰਚਿਤ ਡਾ. ਬਲਬੀਰ ਸਿੰਘ) ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ।
੩੦. ਸ੍ਰੀ ਜਪੁਜੀ-ਪ੍ਰਮਾਰਥ (ਲੇਖਕ ਗਿਆਨੀ ਈਸ਼ਰ ਸਿੰਘ ਨਾਰਾ)।